
ਜੂਨ-ਜੁਲਾਈ ੨੦੨੫
June-July 2025
ਪੰਜਾਬ
ਸਿੱਖ ਸੰਘਰਸ਼ ਦੀਆਂ
ਇਤਿਹਾਸਕ ਯਾਦਾਂ
ਪੰਜਵੇਂ ਪਾਤਸ਼ਾਹ ਤੋਂ ਅਰੰਭ ਹੋਇਆ
ਸ਼ਹੀਦੀਆਂ ਦਾ ਸਫ਼ਰ ਨਿਰੰਤਰ ਜਾਰੀ ਹੈ
ਸਿੱਖ ਜਵਾਨੀ ਨੂੰ ਵੰਗਾਰ
ਆਪਣਾ ਧਰਮ ਤੇ ਵਿਰਸਾ ਸੰਭਾਲ਼ੋ
ਖ਼ਾਲਸਾ ਬਾਗ਼ੀ ਜਾਂ ਬਾਦਸ਼ਾਹ




# ਆਪਣੇ ਸਿਧਾਂਤ, ਇਤਿਹਾਸ ਤੇ ਵਿਰਾਸਤ ਨੂੰ ਸੰਭਾਲ਼ੀਏ

ਸ. ਗੁਰਚਰਨਜੀਤ ਸਿੰਘ ਲਾਂਬਾ ਜੀ ਨੇ ਤਸਵੀਰ ਭੇਜੀ ਜੋ ਕਿ ਢੱਠੇ ਅਕਾਲ ਤਖ਼ਤ ਸਾਹਿਬ ਜੀ ਦਾ ਇਕ ਟੁੱਕੜਾ ਹੈ। ਸ. ਲਾਂਬਾ ਜੀ ਨੇ ਦੂਰਅੰਦੇਸ਼ੀ ਸੋਚ ਤਹਿਤ ਫਰੇਮ ’ਚ ਮੜ੍ਹਾ ਕਿ ਘਰੇ ਸਾਂਭ ਕੇ ਰੱਖ ਲਿਆ। ਆਉਣ ਵਾਲੀਆਂ ਨਸਲਾਂ ਜਦ ਇਸ ਟੁੱਕੜੇ ਨੂੰ ਵੇਖਣਗੀਆਂ ਤਾਂ ਉਹ ਦਰਦ ਮਹਿਸੂਸ ਕਰ ਸਕਣਗੀਆਂ ਜੋ ਅੱਜ ਅਸੀਂ ਕਰ ਰਹੇ ਹਾਂ। ਬੇਸ਼ੱਕ ਮੈਂ ਤਾਂ ਜਨਮਿਆ ਈ ਦਹਾਕਾ ਬਾਅਦ ’ਚ ਆਂ ਪਰ ਸਾਡੇ ਵਡੇਰੇ ਜਦੋਂ ਬਾਤਾਂ ਸੁਣਾਉਂਦੇ ਤਾਂ ਐਨ ਉਹ ਦ੍ਰਿਸ਼ ਸਾਹਮਣੇ ਆ ਜਾਂਦਾ ਕਿਉਂ ਜੁ ਮੇਰੇ ਦਾਦੇ, ਪਿਤਾ, ਚਾਚੇ, ਮਾਪਿਆਂ ਉਹ ਦਰਦ ਆਪਣੇ ਪਿੰਡੇ ’ਤੇ ਹੰਢਾਇਆ ਪਰ ਆਉਣ ਵਾਲੇ 100 ਕੁ ਸਾਲ ਬਾਅਦ ਉਹ ਦਰਦ ਵਾਲਾ ਸਰੀਰ ਇਸ ਜਗਤ ’ਤੇ ਕੋਈ ਨਹੀਂ ਹੋਣਾ। ਸਿਰਫ਼ ਕਿਤਾਬਾਂ ’ਚ ਉਹ ਅਹਿਸਾਸ ਰਹਿ ਜਾਣਾ। ਤੇ ਕਿਤਾਬਾਂ ’ਚੋਂ ਅਹਿਸਾਸ ਭਾਲ਼ਣਾ ਹਰੇਕ ਦੇ ਹਿੱਸੇ ਨਹੀਂ ਆਇਆ।



ਦੂਜੇ ਪਾਸੇ ਆਧੁਨਿਕਤਾ ਦੇ ਯੁੱਗ ਅੰਦਰ ਜਦੋਂ Chat GPT ਅਤੇ Google ਦਾ ਦੌਰ ਹੈ, ਕਿਤਾਬਾਂ ਅੰਦਰ ਅਹਿਸਾਸ ਲੱਭਣ ਦਾ ਯਤਨ ਵੀ ਕੋਈ ਵਿਰਲਾ ਹੀ ਕਰਦਾ, ਨਾਲੇ information ਦੇ ਦੌਰ ਅੰਦਰ ਗਿਆਨ ਲੈਣ ਦੀ ਲਾਲਸਾ ਕਿਸ ਕੋਲ? ਹਰੇਕ ਬੰਦਾ 30 ਕੁ ਸਕਿੰਟ ਦੀ ਵੀਡਿਓ ਵੇਖ ਮਾਹਿਰ ਬਣ ਜਾਣਕਾਰੀ ਵੰਡਣ ’ਤੇ ਲੱਗਿਆ।

ਖ਼ੈਰ, ਇਸ ਪਾਸੇ ਨਾ ਜਾਵਾਂ। ਸਾਡੇ ਜਰਮਨੀ ਦੇ ‘ਬਰਲਿਨ’ ਸ਼ਹਿਰ ਅੰਦਰ ਈਸਟ ਤੇ ਵੈਸਟ ਜਰਮਨੀ ਨੂੰ ਵੰਡਣ ਆਲੀ ਜਿਹੜੀ ਕੰਧ ਢਾਹੀ, ਉਸ ਦੇ ਅੰਸ਼ ਅਜੇ ਵੀ ਵੇਖੇ ਜਾ ਸਕਦੇ ਹਨ। ਜਦੋਂ ਕੰਧ ਢਾਹੀ ਤਾਂ ਉਸ ਕੰਧ ਨਾਲ ਜੋ ਵੰਡੀਆਂ ਪਈਆਂ ਸਨ ਤੇ ਢਾਹੁਣ ਤੋਂ ਬਾਅਦ ਦਾ ਸਕੂਨ ਮਾਨਣ ਲਈ, ਉਹਨਾਂ ਨੇ ਉਸ ਦੀਵਾਰ ਦੇ ਟੁੱਕੜੇ 30 ਤੋਂ 50 ਯੂਰੋ ਦੇ ਵੇਚੇ, ਜੋ ਅਜੇ ਵੀ ਓਥੋਂ ਖ਼ਰੀਦੇ ਜਾ ਸਕਦੇ ਹਨ। ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਉਹਨਾਂ ਟੁੱਕੜਿਆਂ ਅੰਦਰੋਂ ਅਹਿਸਾਸ ਕਰ ਸਕਣ ਕਿ ਇਸ ਕੰਧ ਦੇ ਹੁੰਦੇ ਹੋਏ ਸਾਡੇ ਬਜ਼ੁਰਗ ਕੀ ਅਹਿਸਾਸ ਕਰਦੇ ਹੋਣਗੇ। ਇੱਕ ਨਿਸ਼ਾਨੀ ਦੇ ਤੌਰ ’ਤੇ ਲੋਕ ਖ਼ਰੀਦ ਕੇ ਘਰਾਂ ਨੂੰ ਲੈ ਗਏ।

ਇਧਰ ਸਾਡੇ ਨਾਲ ਤਾਂ ਹੋਈ ਵੀ ਜੱਗੋਂ-ਤੇਰ੍ਹਵੀਂ। ਸਾਡਾ ਤਾਂ ਹੱਸਦਾ-ਵੱਸਦਾ ਘਰ ਉਜਾੜਤਾ। ਹੁਣ ਸਾਡੇ ਵਾਲਿਆਂ ਨੂੰ ਬਹੁਤੇ ਸਿਆਣੇ ਕਹਿ ਲਈਏ ਜਾਂ ਮਹਾਂਮੂਰਖ, ਇਹਨਾਂ ਨੇ ਦੁਸ਼ਮਣ ਵੱਲੋਂ ਢਾਹੇ ਸਾਡੇ ਅਕਾਲ ਤਖ਼ਤ ਸਾਹਿਬ ਦੀਆਂ ਦੀਵਾਰਾਂ ਜਿਸ ਵਿਚ ਸਰਕਾਰ ਦੇ ਤੋਪਾਂ ਦੇ ਗੋ਼ਲੇ, ਗੋ਼ਲੀਆਂ ਓਸੇ ਤਰ੍ਹਾਂ ਹੂ-ਬਹੂ ਧਸੇ ਪਏ ਸਨ, ਨੂੰ ਵਾਧੂ ਮ਼ਲਬਾ ਕਹਿ ਕੇ ਕਿਸੇ ਥਾਂ ਧਰਤੀ ਦਾ ਸੀਨਾ ਪਾੜ ਕੇ ਖਪਾ ਦਿੱਤਾ। ਜੇ ਓਹੀ ਮ਼ਲਬਾ ਬਰਲਿਨ ਦੀ ਦੀਵਾਰ ਦੀ ਤਰ੍ਹਾਂ ਸਾਂਭਿਆ ਹੁੰਦਾ, ਇਹਨਾਂ ਤਾਂ ਵੇਚਿਆ ਤੇ ਧਨ ਵੀ ਕਮਾ ਲਿਆ ਤੇ ਵਿਰਾਸਤ ਵੀ ਸਾਂਭ ਲਈ। ਧਨ ਤਾਂ ਖ਼ਾਲਸਾ ਪੰਥ ਕੋਲ ਬਹੁਤ ਹੈ, ਧਨ ਖ਼ਾਤਿਰ ਨਹੀਂ ਬਲਕਿ ਸਾਡੇ ਵਾਲੇ ਇਹੀ ਕਰ ਲੈਂਦੇ ਕਿ ਹਰੇਕ ਪਿੰਡ, ਸ਼ਹਿਰ, ਦੇਸ਼, ਵਿਦੇਸ਼ ਦੇ ਗੁਰੂ ਘਰ ਅੰਦਰ ਇੱਕ ਇੱਕ ਟੁੱਕੜਾ ਪਹੁੰਚਾ ਦਿੰਦੇ। ਜਾਂ ਹਦਾਇਤ ਕਰ ਦਿੰਦੇ ਭਾਈ ਆ ਕੇ ਲੈ ਜਾਓ ਤੇ ਸ਼ੀਸ਼ੇ ’ਚ ਮੜ੍ਹਾ ਕੇ ਰੱਖੋ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਜਦ ਕਿਸੇ ਵੀ ਗੁਰੂ ਘਰ ਜਾਣ ਤਾਂ ਉਹਨਾਂ ਦੇ ਸਾਹਮਣੇ ਉਹ ਢੱਠੇ ਹੋਏ ਅਕਾਲ ਤਖ਼ਤ ਦੀ ਤਸਵੀਰ ਆਵੇ। ਫਿਰ ਕਿਸ ਨੂੰ ਗ਼ੁਲਾਮੀ ਗ਼ਲੋਂ ਲਾਹੁਣ ਦਾ ਜਨੂੰਨ ਨਾ ਚੜ੍ਹਦਾ? ਜਿਹੜੀ ਅਜ਼ਾਦੀ ਹੁਣ ਭੀਖ ’ਚ ਮੰਗ ਰਹੇ ਹੋ, ਇਹ ਇਹਨਾਂ ਵਾਰਿਸਾਂ ਨੇ ਆਪ ਲੈ ਲੈਣੀ ਸੀ। ਇਹਨਾਂ ਨੂੰ ਅਹਿਸਾਸ ਦੀ ਲੋੜ ਹੈ।



ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ, ਜਿਹਨਾਂ ਨੇ ਉਹ ਮ਼ਲਬਾ ਕਹਿ ਛੇਵੇਂ ਪਾਤਸ਼ਾਹ ਦੇ ਢਾਹੇ ਤਖ਼ਤ ਦਾ ਕੌਮੀ ਵਿਰਾਸਤੀ ਖ਼ਜ਼ਾਨਾ ਖਪਾਇਆ ਹੈ, ਉਹ ਜਿਊਂਦੇ ਹਨ। ਲੋੜ ਹੈ ਪੜਤਾਲ ਕਰ ਕੇ ਲੱਭਣ ਦੀ ਕਿ ਕਿੱਥੇ ਖਪਾਇਆ ਸੀ। ਖ਼ਰਚਾ ਕਰਨ ਨੂੰ ਵਿਦੇਸ਼ ਦੀ ਸੰਗਤ ਪੂਰਨ ਸਹਿਯੋਗ ਕਰੇਗੀ, ਇਹ ਸਾਡੀ ਅਣਮੁੱਲੀ ਵਿਰਾਸਤ ਹੈ। ਅਸੀਂ ਜਿੰਨਾ ਹੋ ਸਕਿਆ ਦਸਵੰਧ ਦੇਵਾਂਗੇ। ਵਾਸਤਾ ਹੈ ਸਾਡਾ ਖ਼ਜ਼ਾਨਾ ਸਾਨੂੰ ਲੱਭ ਕੇ ਮੋੜ ਦਿਓ।

- ਸੁਰਜੀਤ ਸਿੰਘ ਜਰਮਨੀ (ਡਾ.)

ਕੀਮਤ 50/-

ਪੰਜਆਬ
PANJAAB

ਜੂਨ-ਜੁਲਾਈ 2025 June-July 2025

ਅੰਕ : 4 Private Circulation only

ਸਮਰਪਣ
**ਗੁਰਮਤਿ ਵਿਚਾਰਧਾਰਾ**

*"ਭੈ ਕਾਹੂ ਕਉ ਦੇਤ ਨਹਿ
ਨਹਿ ਭੈ ਮਾਨਤ ਆਨ ॥"*

ਮੁੱਖ ਸੰਪਾਦਕ ਅਤੇ ਸੀ.ਈ.ਓ.
**ਮਨਜੀਤ ਸਿੰਘ ਭੋਗਲ (ਜਰਮਨੀ)**
ਮੁੱਖ ਸੰਪਾਦਕ 'ਪੰਜਆਬ' ਮੈਗਜ਼ੀਨ
Chairman IPCC Germany
Intellectual Punjabi Chamber of Commerce
ਸਬ ਐਡੀਟਰ (ਪੰਜਾਬ ਹੈੱਡਲਾਈਨਜ਼)

ਸਹਾਇਕ ਸੰਪਾਦਕ
**ਡਾ: ਸੁਰਜੀਤ ਸਿੰਘ ਜਰਮਨੀ**
ਸਹਾਇਕ ਸੰਪਾਦਕ 'ਪੰਜਆਬ' ਮੈਗਜ਼ੀਨ
President IPCC Germany
Intellectual Punjabi Chamber of Commerce
Bureau Chief Germany (ਪੰਜਾਬ ਹੈੱਡਲਾਈਨਜ਼)

Address
**PANJAAB**
**Neuebau Str 64A**
**97070 Wurzburg**
**Germany**

Phone Numbers
**+49 176 30760697**

E-mail
**Panjaab2024@yahoo.com**

ਸਭ ਹੱਕ ਰਾਖਵੇਂ ਹਨ। ਬਿਨਾਂ ਇਜ਼ਾਜਤ ਤੋਂ ਕੋਈ ਵੀ ਮੈਟਰ 'ਪੰਜਆਬ' ਰਸਾਲੇ 'ਚੋਂ ਲੈ ਕੇ ਛਾਪਣਾ ਮਨ੍ਹਾ ਹੈ।

**ਸੰਪਾਦਕੀ**

## ਦੁਨੀਆ ਨੇ ਸ਼ਹੀਦੀ ਦੇ ਮਹੱਤਵ ਨੂੰ ਸਮਝੇ ਬਿਨਾਂ ਹੀ
# ਜਣੇ-ਖਣੇ ਨੂੰ 'ਸ਼ਹੀਦ' ਦਾ ਪਵਿੱਤਰ ਲਕਬ ਦੇ ਛੱਡਿਆ

ਕ੍ਰਿਸ਼ਨ ਚੰਦਰ ਸਿੰਘ ਜੋ ਕਿ ਸਾਬਕਾ ਭਾਰਤੀ ਅੰਬੈਸਡਰ ਰਿਹਾ ਹੈ ਯੂਏਈ ਅਤੇ ਇਰਾਨ ਵਿੱਚ। ਆਪਣੀ ਕਿਤਾਬ The Indian President (an insider's account of The Zail Singh years) ਦੇ ਵਿੱਚ ਜ਼ੈਲ ਸਿੰਘ ਦੇ ਗੁਣਗਾਣ ਕਰ ਕੇ ਇਹ ਦਰਸਾਉਣ ਦੀ ਕੋਸ਼ਿਸ ਕਰ ਰਿਹਾ ਹੈ, ਜੋ ਕਿ ਹੋਰ ਵੀ ਭਾਰਤੀ ਸਰਕਾਰੀ ਸਿੱਖ ਅਹੁਦੇਦਾਰ ਸਮੇਂ-ਸਮੇਂ 'ਤੇ ਆਪਣੇ-ਆਪ ਨੂੰ ਸਰਕਾਰ ਦੇ ਵਫ਼ਾਦਾਰ ਦਰਸਾਉਣ ਲਈ ਕਰਦੇ ਰਹਿੰਦੇ ਨੇ।

ਲੇਖਕ ਕਹਿਣਾ ਚਾਹੁੰਦਾ ਹੈ ਕਿ ਜੇ ਗਿਆਨੀ ਜ਼ੈਲ ਸਿੰਘ ਉਸ ਵੇਲੇ ਰਿਐਕਟ ਕਰਦਾ ਤਾਂ ਸ਼ਾਇਦ ਜੇ.ਜੇ. ਸਿੰਘ ਫ਼ੌਜ ਦਾ ਮੁੱਖ ਜਰਨਲ ਨਾ ਬਣਦਾ ਤੇ ਮਨਮੋਹਣ ਸਿੰਘ ਨੂੰ ਵੀ ਪ੍ਰਧਾਨ ਮੰਤਰੀ ਬਣਨ ਦਾ ਮੌਕਾ ਨਹੀਂ ਸੀ ਮਿਲਣਾ। ਪਹਿਲੀ ਤੇ ਆਖ਼ਰੀ ਗੱਲ ਇਹ ਕਿ ਗ਼ੁਲਾਮੀ ਸਿੱਖਾਂ ਦੇ ਮਨਾ ਅੰਦਰ ਇਸ ਕਦਰ ਘਰ ਕਰ ਗਈ ਹੈ ਕਿ ਇਹ (ਮਰੀਆਂ) ਜ਼ਮੀਰਾਂ ਵਿੱਚੋਂ ਅਹੁਦੇ ਭਾਲਣ ਲੱਗ ਗਏ। ਇਹਨਾਂ ਦੇ ਚੇਤਿਆਂ 'ਚੋਂ ਇਹ ਵਿਸਰ ਗਿਆ ਕਿ ਅਸੀਂ ਭਾਰਤ ਦੀ ਗ਼ੁਲਾਮੀ ਤੋਂ ਪਹਿਲਾਂ ਇੱਕ ਅਜ਼ਾਦ ਦੇਸ਼ ਦੇ ਮਾਲਕ ਸੀ। ਇਹ ਤਾਂ ਨਹਿਰੂ-ਗਾਂਧੀ-ਪਟੇਲ ਜਿਹਿਆਂ ਦੇ ਜਾਲ਼ ਵਿੱਚ ਫਸ ਕੇ ਸਾਡੇ ਓਸ ਵਕਤ ਦੇ ਲੀਡਰ ਮਾਰ ਖਾ ਗਏ ਤੇ ਸਾਨੂੰ ਇਹ ਦਿਨ ਵੇਖਣੇ ਪੈ ਰਹੇ ਹਨ। ਪਰ ਜੇ ਅੱਜ ਵੀ ਸਿੱਖ ਗ਼ੁਲਾਮ ਮਾਨਸਿਕਤਾ ਛੱਡ ਦੇਵੇ ਤੇ ਕੁਝ ਅਹੁਦਿਆਂ ਪਿੱਛੇ ਅਣਖ ਨਾਲ਼ ਸਮਝੌਤਾ ਨਾ ਕਰੇ ਤਾਂ ਤੁਸੀਂ ਹਮੇਸ਼ਾਂ ਹੀ ਆਪਣੇ ਅਜ਼ਾਦ ਮੁਲਕ ਦੇ ਪ੍ਰਧਾਨ ਮੰਤਰੀ, ਫ਼ੌਜ ਮੁਖੀ, ਰਾਸ਼ਟਰਪਤੀ ਭਾਵ ਕਿ ਜਦੋਂ ਵੀ ਚੁਣਿਆ ਜਾਣਾ ਤੁਹਾਡੇ 'ਚੋਂ ਹੀ ਕਾਬਲ ਬੰਦਾ ਚੁਣਿਆ ਜਾਣਾ। ਪਰ ਜਦੋਂ ਤੁਹਾਨੂੰ ਇਹਨਾਂ ਜਿਹੇ ਮੂਰਖਾਂ ਗਾਂਧੀ-ਨਹਿਰੂ-ਪਟੇਲ ਦੇ ਪੈਰੋਕਾਰਾਂ ਦੇ ਪੈਰਾਂ 'ਚ ਹੀ ਸੁੱਟ ਦਿੱਤਾ ਤੇ ਸਿੱਖ ਮਾਨਸਿਕਤਾ ਨੇ ਇਹਨਾਂ ਅੱਗੇ ਗੋਡੇ ਟੇਕ ਦਿੱਤੇ ਤਾਂ ਫਿਰ ਭੀਖ 'ਚ ਮਿਲੇ ਕੁਝ ਕੁ ਅਹੁਦੇ ਬਹੁਤ ਅਣਮੁੱਲੇ ਤੇ ਬਹੁਤ ਵੱਡੀ ਕਾਮਯਾਬੀ ਲੱਗਣ ਲੱਗ ਜਾਂਦੇ ਹਨ। ਵਰਨਾ ਕਾਬਲੀਅਤ ਤਾਂ ਤੁਹਾਡੇ ਅੰਦਰ ਇੰਨੀ ਹੈ ਕਿ 140 ਕੁ ਬੰਦਿਆਂ ਨੂੰ ਫੜਨ ਲਈ ਭਾਰਤ ਨੂੰ ਆਪਣੀ ਫ਼ੌਜ ਦਾ ਵੱਡਾ ਹਿੱਸਾ ਦਰਬਾਰ ਸਾਹਿਬ ਦੇ ਦੁਆਲੇ ਲਾਉਣਾ ਪਿਆ ਤੇ ਫਿਰ ਵੀ 6 ਦਿਨ ਦੀ ਜਦੋਜਹਿਦ ਮਗਰੋਂ ਕਰੋੜਾਂ ਰੁਪਈਆਂ ਦਾ ਗੋਲ਼ੀ-ਸਿੱਕਾ ਫੂਕ ਕੇ ਕਈ ਹਜ਼ਾਰ ਫ਼ੌਜੀਆਂ ਦੀਆਂ ਜਾਨਾਂ ਗਵਾ ਕੇ ਵੀ ਭਾਰਤ ਉਹਨਾਂ ਸੂਰਮਿਆਂ ਵਿੱਚੋਂ ਕਿਸੇ ਨੂੰ ਵੀ ਈਨ ਨਾ ਮੰਨਵਾ ਸਕੀ।

ਉਸ ਵਕਤ ਉਹਨਾਂ ਸੂਰਮਿਆਂ ਤੇ ਬੇਬੁਨਿਆਦ ਦੋਸ਼ ਲਾਉਣ ਦਾ ਯਤਨ ਕੀਤਾ ਕਿ ਇਹ ਲੁੱਟਾਂ-ਖੋਹਾਂ ਕਰਨ ਵਾਲ਼ੇ, ਧੀਆਂ-ਭੈਣਾਂ ਨਾਲ਼ ਦਰਬਾਰ ਸਾਹਿਬ ਕੰਪਲੈਕਸ ਅੰਦਰ ਜਬਰ-ਜਿਨਾਹ ਹੁੰਦਾ ਹੈ, ਤਾਂ ਕਰਕੇ ਦਰਬਾਰ ਸਾਹਿਬ 'ਤੇ ਹਮਲਾ ਕਰ ਕੇ ਉਹਨਾਂ ਨੂੰ ਓਥੋਂ ਕੱਢਣਾ ਜ਼ਰੂਰੀ ਸੀ। ਤੇ ਇਸ ਕਰਕੇ ਜੈਲ ਸਿੰਘ ਵਰਗੇ ਭਾੜੇ ਦੇ ਟੱਟੂ ਨੇ ਸਰਕਾਰ ਦਾ ਸਾਥ ਦਿੱਤਾ।

ਜ਼ੈਲ ਸਿੰਘ ਦੀ ਔਕਾਤ ਤਾਂ 31 ਅਕਤੂਬਰ ਨੂੰ ਹੀ ਪਤਾ ਚੱਲ ਗਈ ਸੀ, ਜਦੋਂ ਉਸ ਦੀ ਕਾਰ ਘੇਰ ਕੇ ਉਸ ਨਾਲ਼ ਕੁੱਤੇ-ਖਾਣੀ ਹੋਈ, ਜਿਸ ਵਿੱਚ ਉਹ ਵਾਲ-ਵਾਲ ਬਚਿਆ। ਜੇ ਉਹ ਵਾਕਿਆ ਹੀ ਰਾਸ਼ਟਰਪਤੀ ਸੀ ਜਿਸ ਦੇ ਹੁਕਮ ਅਧੀਨ ਪੂਰੀ ਭਾਰਤੀ ਫ਼ੌਜ (ਥਲ ਸੈਨਾ, ਹਵਾਈ ਸੈਨ, ਜਲ਼ ਸੈਨਾ) ਤੇ ਹੋਰ ਵੀ ਸਾਰੀਆਂ ਆਰਮਡ ਫ਼ੋਰਸਾਂ ਆਉਂਦੀਆਂ ਹਨ, ਓਸ ਵਿੱਚ ਇੰਨੀ ਵੀ ਹਿੰਮਤ ਨਹੀਂ ਕਿ ਫ਼ੌਜ ਨੂੰ ਰੋਕ ਕੇ ਆਪ ਆ ਕੇ ਜਾਇਜ਼ਾ ਲੈਂਦਾ ਕਿ ਜੋ ਸਿੱਖਾਂ ਉੱਪਰ ਦੋਸ਼ ਹਨ, ਉਹ ਵਾਕਿਆ ਹੀ ਸਿੱਧ ਹੁੰਦੇ ਵੀ ਹਨ ਜਾਂ ਨਹੀਂ?

ਕਈ ਆਪੂੰ ਬਣੇ ਵਿਦਵਾਨ ਤਰਕ ਦਿੰਦੇ ਹਨ ਇਸ ਲਈ ਦਰਬਾਰਾ ਸਿੰਘ ਕਸੂਰਵਾਰ ਹੈ ਕਿ ਉਹ ਉਸ ਵਕਤ ਪੰਜਾਬ ਦਾ ਮੁੱਖ ਮੰਤਰੀ ਸੀ, ਉਸ ਨੂੰ ਫ਼ੌਜ ਨੂੰ ਰੋਕਣਾ ਚਾਹੀਦਾ ਸੀ। ਮੂਰਖਾਂ ਨੂੰ ਇਹ ਨਹੀਂ ਪਤਾ ਕਿ 6 ਅਕਤੂਬਰ 1983 ਤੋਂ ਲੈ ਕੇ 29 ਸਤੰਬਰ 1985 ਤਕ ਪੰਜਾਬ ਵਿੱਚ ਰਾਸ਼ਟਰਪਤੀ ਰਾਜ ਸੀ, ਪੰਜਾਬ ਸਰਕਾਰ ਭੰਗ ਕਰ ਦਿੱਤੀ ਗਈ ਸੀ ਤੇ ਪੰਜਾਬ ਨੂੰ ਰਾਸ਼ਟਰਪਤੀ ਅਧੀਨ ਗਵਰਨਰ ਚਲਾ ਰਿਹਾ ਸੀ, ਜੋ ਕਿ ਸਿੱਧਾ ਜ਼ੈਲ ਸਿੰਘ ਅਧੀਨ ਸੀ। ਜਿਸ ਤੋਂ ਸਿੱਧ ਹੁੰਦਾ ਕਿ ਜ਼ੈਲ ਸਿੰਘ ਜੇ ਵਾਕਿਆ ਹੀ ਰਾਸ਼ਟਰਪਤੀ ਹੁੰਦਾ ਤਾਂ ਪੰਜਾਬ ਅੰਦਰ ਫ਼ੌਜ ਦਾ ਇੱਕ ਸਿਪਾਹੀ ਤਕ ਨਹੀਂ ਸੀ ਆ ਸਕਦਾ।

ਸਿੱਖਾਂ ਨੂੰ ਬਦਨਾਮ ਕਰਨ ਦਾ ਬ੍ਰਾਹਮਣਵਾਦੀ ਸੋਚ ਦਾ ਇਹ ਬਹੁਤ ਪੁਰਾਣਾ ਤਰੀਕਾ ਹੈ। ਪੰਚਮ ਪਾਤਸ਼ਾਹ ਜੀ ਦੀ ਸ਼ਹਾਦਤ ਨੂੰ ਜੋ ਲੋਕ ਸਿਰਫ਼ ਚੰਦੂ ਦੇ ਰਿਸ਼ਤੇ ਨਾਲ਼ ਜੋੜ ਕੇ ਵੇਖਦੇ ਹਨ, ਉਹ ਵੀ ਆਪਣੇ ਮੂਰਖ ਹੋਣ ਦਾ ਸਬੂਤ ਦਿੰਦੇ ਹਨ। ਚੰਦੂ ਇੱਕ ਚਲਾਕ ਬ੍ਰਾਹਮਣਵਾਦੀ ਸੋਚ ਦਾ ਆਦਮੀ ਸੀ, ਜਿਸ ਨੇ ਜ਼ੈਲ ਸਿੰਘ ਵਾਂਗ ਪ੍ਰਿਥੀ ਚੰਦ ਨੂੰ ਅੱਗੇ ਲਾ ਕੇ ਮੁਗ਼ਲ ਹਕੂਮਤ ਵਿੱਚ ਇਹ ਗੱਲ ਫ਼ੈਲਾਈ ਕਿ ਗੁਰੂ ਜੀ ਪਾਸ ਚੋਰ-ਧਾੜਵੀ ਰਹਿੰਦੇ ਹਨ। ਜਿਹਨਾਂ ਕਰਕੇ ਦੇਸ਼ ਅੰਦਰ ਚੋਰੀਆਂ-ਡਾਕੇ ਹੁੰਦੇ ਹਨ। ਇਹਨਾਂ ਨੇ ਗ੍ਰੰਥ ਰਚਿਆ ਹੈ ਜਿਸ ਵਿੱਚ ਹਿੰਦੂਆਂ ਦੇ ਦੇਵੀ ਦੇਵਤਿਆਂ ਤੇ ਮੁਸਲਮਾਨਾਂ ਦੇ ਪੈਗੰਬਰਾਂ ਦੀ ਬਹੁਤ ਨਿੰਦਿਆ ਕੀਤੀ ਗਈ ਹੈ। ਛੇਵੇਂ ਪਾਤਸ਼ਾਹ ਦੇ ਜਨਮ ਤੋਂ ਬਾਅਦ ਵੀ ਇਸ ਚੰਦੂ ਨੇ ਪ੍ਰਿਥੀਏ ਦੇ ਮਨ ਅੰਦਰ ਇਹ ਗੱਲ ਪਾਈ ਕਿ ਜੇ ਇਸ ਨੂੰ ਬਚਪਨ ਵਿੱਚ ਹੀ ਕਤਲ ਕਰ ਦਿੱਤਾ ਜਾਏ ਤਾਂ ਅਗਲਾ ਗੁਰੂ ਤੇਰਾ ਪੁੱਤਰ ਹੀ ਹੋਵੇਗਾ।

(ਅਜਿਹਾ ਕੁਝ ਹੀ ਬਾਦਲ ਜਿਹੇ ਪ੍ਰਿਥੀਏ ਦੇ ਅੰਦਰ ਪਾ ਕੇ ਸੰਤ ਜਰਨੈਲ ਸਿੰਘ ਅਤੇ ਸਾਥੀਆਂ ਨੂੰ ਸ਼ਹੀਦ ਕੀਤਾ ਗਿਆ, ਜਿਸ ਦੇ ਬਦਲੇ ਕਈ ਸਾਲ ਗ਼ੁਲਾਮ ਬਾਦਲ ਜੁੰਡਲੀ ਨੂੰ ਕਈ ਤਰ੍ਹਾਂ ਦੀਆਂ ਸਹੂਲਤਾਂ ਨਾਲ਼ ਨਿਵਾਜਿਆ ਗਿਆ)।

ਸਾਹਿਬਜ਼ਾਦੇ ਨੂੰ ਮਾਰਨ ਦੀਆਂ ਬਹੁਤ ਵਿਉਂਤਾਂ ਬਣਾਈਆਂ ਗਈਆਂ। ਕਦੇ ਖਿਡਾਵੇ ਬ੍ਰਾਹਮਣ ਨੂੰ 2000 ਰੁਪਏ

ਦੇ ਜ਼ਹਿਰ ਦਿਵਾਇਆ, ਕਦੇ ਸਪੇਰੇ ਤੋਂ ਸੱਪ ਸੁਟਵਾਇਆ ਤੇ ਕਦੇ ਕੁਝ ਕਦੇ ਕੁਝ। ਪਰ ਖ਼ੁਦ ਖ਼ੁਦਾ ਨੂੰ ਕੌਣ ਮਾਰ ਸਕਦਾ ਸੀ?

ਇਹ ਓਹੀ ਚੰਦੂ ਸੀ, ਜਿਸ ਦੀ ਅਕਬਰ ਦੇ ਵੇਲੇ ਬਹੁਤੀ ਚੱਲੀ ਨਹੀਂ ਪਰ ਜਹਾਂਗੀਰ ਜੋ ਅਜੇ ਗੁਰੂ ਘਰ ਨਾਲ਼ ਜੁੜਿਆ ਨਾ ਹੋਣ ਕਾਰਨ ਜਾਂ ਕਹਿ ਲਈਏ ਕਿ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਨੇ ਸਿੱਖਾਂ ਨੂੰ ਭਾਣਾ ਮੰਨਣਾ ਸਿਖਾਉਣ ਲਈ ਜਹਾਂਗੀਰ ਦੇ ਰਾਹੀਂ ਖ਼ੁਦ ਇਹ ਕੌਤਕ ਰਚ ਕੇ ਸ਼ਹਾਦਤ ਦਿੱਤੀ। ਪਰ ਕਾਰਨ ਜੋ ਵੀ ਸੀ, ਬ੍ਰਾਹਮਣਵਾਦੀ ਹਮੇਸ਼ਾ ਸਿੱਖ ਗੁਰੂ ਸਾਹਿਬਾਨਾਂ ਤੇ ਸਿੱਖਾਂ ਨੂੰ ਨਫ਼ਰਤ ਕਰਦੇ ਰਹੇ ਤੇ ਝੂਠੇ ਪ੍ਰਾਪੇਗੰਡੇ ਤਿਆਰ ਕਰਦੇ ਰਹੇ।

ਬਾਬਰ ਤੇ ਹਮਾਯੂੰ ਦੋ ਵਾਰ ਗੁਰੂ ਘਰ ਸ਼ਰਧਾਲੂ ਬਣ ਕੇ ਆਏ। ਅਕਬਰ ਨੇ ਤੀਜੇ ਨਾਨਕ ਦੇ ਕਹਿਣ 'ਤੇ ਸਿੱਖਾਂ ਦਾ ਜਜ਼ੀਆ ਮਾਫ਼ ਕੀਤਾ, ਪੰਗਤ ਵਿੱਚ ਬੈਠ ਕੇ ਪ੍ਰਸ਼ਾਦਾ ਛਕਦਾ ਰਿਹਾ। ਤੀਜੇ ਪਾਤਸ਼ਾਹ ਦੇ ਕਹਿਣ 'ਤੇ ਨਾ ਕੇਵਲ ਹਿੰਦੂ ਧਰਮ ਵਿੱਚ ਸਤੀ ਪ੍ਰਥਾ ਖ਼ਤਮ ਕੀਤੀ ਬਲਕਿ ਓਸ ਵਕਤ ਮੁਸਲਮਾਨ ਵੀ ਔਰਤਾਂ ਨੂੰ ਜਿਉਂਦੇ ਹੀ ਕਬਰਾਂ ਅੰਦਰ ਪਾ ਦਿੰਦੇ ਸਨ ਭਾਵ ਰਲ਼ਦਾ-ਮਿਲ਼ਦਾ ਸਤੀ ਵਾਲ਼ਾ ਕੋਹੜ ਉਹਨਾਂ ਵਿੱਚ ਵੀ ਸੀ, ਉਹ ਵੀ ਖ਼ਤਮ ਕਰਵਾਇਆ ਤੇ ਪੰਜਵੇਂ ਗੁਰੂ ਜੀ ਪਾਸ 24 ਨਵੰਬਰ 1598 ਨੂੰ ਆਉਂਦਾ ਹੈ ਤੇ ਸਾਰੇ ਪੰਜਾਬੀਆਂ ਦਾ ਮਾਮਲਾ ਮੁਆਫ਼ ਕਰ ਕੇ ਜਾਂਦਾ ਹੈ।

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਜਦੋਂ ਅਕਬਰ ਇੱਥੇ ਆਇਆ ਤਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਵੀ ਸੁਣ ਕੇ ਗਿਆ ਤੇ ਜਾਂਦਾ ਹੋਇਆ ਖ਼ੁਸ਼ੀ ਵਿੱਚ ਗੁਰੂ ਘਰ ਨੂੰ ਬਹੁਤ ਸਾਰੀ ਜ਼ਮੀਨ ਵੀ ਦੇ ਕੇ ਗਿਆ। 'ਮੈਕਾਲਿਫ਼' ਵੀ 'ਸਿੱਖ ਰਿਲੀਜਨ' ਨਾਮਕ ਆਪਣੀ ਕਿਤਾਬ ਅੰਦਰ ਇਹੀ ਲਿਖਦਾ ਕਿ ਚੰਦੂ ਨੇ ਜਹਾਂਗੀਰ ਨੂੰ ਭੜਕਾਇਆ ਸੀ ਕਿ ਤੁਹਾਡੇ ਦੁਸ਼ਮਣ ਖੁਸਰੋ ਦੀ ਗੁਰੂ ਅਰਜਨ ਦੇਵ ਜੀ ਨੇ ਮਦਦ ਕੀਤੀ ਤੇ ਨਾਲ਼ 5000 ਰੁਪਏ ਵੀ ਦਿੱਤੇ, ਜਿਸ ਦੀ ਕਿਤੇ ਵੀ ਪੁਸ਼ਟੀ ਨਹੀਂ ਹੋਈ। ਪਰ ਜਹਾਂਗੀਰ ਕੰਨਾਂ ਦਾ ਕੱਚਾ ਸੀ ਤੇ ਮੰਨ ਗਿਆ।

'ਕਨੱਈਆ ਲਾਲ' ਜੀ 'ਤਾਰੀਖ਼ ਪੰਜਾਬ' ਵਿੱਚ ਲਿਖਦੇ ਹਨ ਕਿ "ਚੰਦੂ ਨੇ ਜਹਾਂਗੀਰ ਬਾਦਸ਼ਾਹ ਕੋ ਹਜ਼ੂਰਮੇ ਗੁਰੂ ਜੀ ਕੀ ਨਿਸਬਤ, ਬਹੁਤ ਸੀ ਬਦਰੋਈਆਂ ਵਗਮਜ਼ੀਆਂ ਕੀ ਯਹਾਂ ਤਕ ਕੀ ਬਾਦਸ਼ਾਹ ਕਾ ਮਿਜ਼ਾਜ ਗੁਰੂ ਜੀ ਕੀ ਤਰਫ ਸੇ ਬਰਹਮ ਹੋਕਰ ਗੁਰੂ ਜੀ ਕੀ ਤਲਬੀ ਬਾਮੁਕਾਮਾ ਲਾਹੌਰ ਹੋਈ।"

ਸਾਰੇ ਇਤਿਹਾਸਕ ਤੱਥ ਇਸੇ ਗੱਲ ਦੀ ਗਵਾਹੀ ਭਰਦੇ ਹਨ ਕਿ ਚੰਦੂ ਦੀ ਗੁਰੂ ਘਰ ਪ੍ਰਤੀ ਨਫ਼ਰਤ ਨੇ ਹੀ ਉਸ ਨੂੰ ਅਜਿਹਾ ਕੁਕਰਮ ਕਰਨ ਲਈ ਪ੍ਰੇਰਿਆ। ਪ੍ਰਿਥੀਆ ਤਾਂ ਜ਼ੈਲ ਸਿੰਘ ਹੁਰਾਂ ਵਾਂਗ ਅਹੁਦੇ ਦਾ ਭੁੱਖਾ ਸੀ। ਗੁਰੂ ਜੀ ਨੇ ਸਿੱਖਾਂ ਨੂੰ ਭਾਣਾ ਮੰਨਣਾ ਸਿਖਾਉਣ ਲਈ ਭਾਈ ਪਿਰਾਣਾ ਜੀ ਜਿਹੇ ਸਿੱਖ ਜੋ ਕਿ ਇੰਨੀ ਤਾਕਤ ਰੱਖਦੇ ਸਨ, ਕਹਿੰਦੇ ਕਿ ਪਾਤਸ਼ਾਹ ਹੁਕਮ ਕਰੋ ਹੁਣੇ ਦਿੱਲੀ ਦੀ ਇੱਟ ਨਾਲ਼ ਇੱਟ ਖੜਕਾ ਦਿਆਂ। ਪਾਤਸ਼ਾਹ ਕਹਿੰਦੇ ਬਲ਼ ਕਿੱਥੋਂ ਲਓਗੇ? ਭਾਈ ਜੀ ਕਹਿੰਦੇ ਆਪ ਜੀ ਦੇ ਚਰਨਾ 'ਚੋਂ। ਗੁਰੂ ਸਾਹਿਬ ਕਹਿੰਦੇ ਜੇ ਓਥੋਂ ਤੁਸੀਂ ਬਲ਼ ਲੈ ਸਕਦੇ ਤਾਂ ਕੀ ਓਥੇ ਬਲ਼ ਦੀ ਘਾਟ ਹੈ? ਭਾਈ ਜੀ ਨੇ ਖ਼ਿਮਾ ਯਾਚਨਾ ਕੀਤੀ। ਇਸੇ ਤਰ੍ਹਾਂ ਪਾਤਸ਼ਾਹ ਨੇ ਸਾਂਈ ਮੀਆਂ ਮੀਰ ਜੀ ਤੇ ਹੋਰ ਵੀ ਮਹਾਂਪੁਰਸ਼ਾਂ ਨੂੰ ਭਾਣਾ ਮੰਨਣ ਲਈ ਮਨਾ ਲਿਆ ਤੇ ਸ਼ਹਾਦਤ ਦੇ ਕੇ 'ਸ਼ਹੀਦੀ' ਸ਼ਬਦ ਨੂੰ ਜਿਉਂਦਿਆ ਕੀਤਾ।

ਹਿੰਦੂ ਲੋਕ ਦਿਲ-ਬਹਿਲਾਵੇ ਲਈ ਰਾਜਪੂਤਾਂ ਤੇ ਮਰਹੱਟਿਆਂ ਜਾਂ ਅੱਜ ਦੇ ਸੈਨਾ ਦੇ ਜਵਾਨਾਂ ਦੀਆਂ ਆਪਣੇ ਇਲਾਕੇ ਲਈ ਲੜਾਈਆਂ ਵਿੱਚ ਲੜ ਮਰਨ ਦੀਆਂ ਕਹਾਣੀਆਂ ਨੂੰ 'ਸ਼ਹੀਦੀਆਂ' ਆਖੀ ਜਾਂਦੇ ਹਨ। 'ਮੁਲਕਗੀਰੀ ਦੀ ਮੌਤ' ਕਿਵੇਂ 'ਸ਼ਹੀਦੀ' ਹੋਈ?

ਭਾਰਤ ਵੱਸਣ ਵਾਲ਼ੀ ਹਿੰਦੂ ਕੌਮ ਸ਼ਹੀਦੀ ਪਦ ਤੋਂ ਸੱਖਣੀ ਹੈ ਕਿਉਂਕਿ ਇਨ੍ਹਾਂ ਦੀ ਦ੍ਰਿਸ਼ਟੀ ਮਾਇਆ ਦੇ ਘੇਰੇ ਤੋਂ ਬਾਹਰ ਨਹੀਂ ਹੋ ਸਕੀ। ਬੁੱਤਪ੍ਰਸਤੀ ਕਰਨ ਵਾਲ਼ੇ ਲੋਕ ਕਿਵੇਂ ਸ਼ਹੀਦ ਹੋ ਸਕਦੇ ਹਨ? ਸਰੀਰ ਦੇ ਸੁੱਖਾਂ ਦੀ ਗ਼ੁਲਾਮ ਰੂਹ ਵੀ ਕਦੇ ਸ਼ਹੀਦ ਹੁੰਦੀ ਹੈ? ਇਹੋ ਹਾਲ ਮੁਸਲਿਮ ਭਾਈਆਂ ਦਾ ਹੈ। ਉਹ ਤਾਂ ਹਿਰਸ-ਹਵਸ ਦੇ ਗ਼ੁਲਾਮ ਲੋਕਾਂ ਨੂੰ ਹੀ ਸ਼ਹੀਦ ਆਖੀ ਜਾਂਦੇ ਹਨ। 1970-71 ਵਿੱਚ ਜੋ ਤਬਾਹੀ ਬੰਗਲਾ ਦੇਸ ਵਾਸੀਆਂ ਦੀ ਇਹਨਾਂ ਦੇ ਕਲਮਾ-ਗੋ ਭਰਾਵਾਂ ਦੇ ਹੱਥੋਂ ਹੋਈ ਐਸੀ ਤਬਾਹੀ ਚੰਗੇਜ਼ ਖਾਂ, ਹਲਾਕੂ, ਹਿਟਲਰ, ਸਟਾਲਿਨ ਤੇ ਮੁਸੋਲਿਨੀ ਆਦਿ ਜ਼ਾਲਮ ਵੀ ਆਪਣੇ ਵਿਰੋਧੀਆਂ ਦੀ ਨਹੀਂ ਕਰ ਸਕੇ। ਔਰਤ ਦੀ ਇੱਜ਼ਤ ਦਾ ਤਾਂ ਸਵਾਲ ਹੀ ਮੁਸਲਿਮ ਰਵਾਇਤਾਂ ਵਿੱਚੋਂ ਖ਼ਤਮ ਹੈ ਪਰ ਜੋ ਬੰਗਲਾ ਦੇਸ਼ ਅੰਦਰ ਇਸਤਰੀ ਦੀ ਇੱਜ਼ਤ ਨਾਲ਼ ਹੋਇਆ ਜਾਂ ਅਜੇ ਵੀ ਹੋ ਰਿਹਾ ਹੈ, ਇਹ ਕਿਸੇ ਜ਼ਾਲਮ ਤੋਂ ਜ਼ਾਲਮ ਨੇ ਵੀ ਔਰਤ ਨਾਲ਼ ਅਜੇ ਤਕ ਨਹੀਂ ਕੀਤਾ। ਪਰ ਅੱਜ ਵੀ ਜਿਹੜੇ ਖ਼ੂੰਖਾਰ ਦਰਿੰਦੇ ਬੰਗਲਾ ਦੇਸ਼-ਭਗਤਾਂ ਹੱਥੋਂ ਮਾਰੇ ਗਏ ਉਹਨਾਂ ਨੂੰ ਪਾਕਿਸਤਾਨੀ 'ਸ਼ਹੀਦ' ਹੀ ਆਖੀ ਜਾਂਦੇ ਹਨ। ਇਸੇ ਲਈ ਉਹ ਲੋਕ ਸ਼ਹੀਦੀ ਤੋਂ ਕੋਰੇ ਹਨ।

ਬਾਕੀ ਰਹੀ ਗੱਲ ਅਵਧ ਦੇ ਜੰਗ ਵਿੱਚ ਹਜ਼ਰਤ ਮੁਹੰਮਦ ਸਾਹਿਬ ਜੀ ਦੇ ਟੁੱਟੇ ਦੰਦ ਨੂੰ ਸ਼ਹੀਦ ਮੰਨਣ ਦੀ ਉਹ ਤਕਦੀਰ ਦੀ ਬਾਤ ਹੈ। ਪੀਰ ਵਾਰਸ ਜੀ ਮੰਨਦੇ ਹਨ ਕਿ ਵਾਰਸ ਨਬੀ ਦਾ ਦੰਦ ਸ਼ਹੀਦ ਹੋਇਆ ਤਕਦੀਰ ਨਾ ਕਿਸੇ ਤੋਂ ਹੱਟਦੀ ਵੇ। ਪਰ ਸ਼ਹੀਦ ਤਕਦੀਰ ਤੇ ਤਦਬੀਰ ਦੋਹਾਂ ਦੇ ਮਾਲਿਕ ਹੁੰਦੇ ਹਨ।

ਹਜ਼ਰਤ ਈਸਾ ਜੀ ਦੀ ਸ਼ਹੀਦੀ ਇਸਾਈ ਲੋਕ ਕਹਿੰਦੇ ਤਾਂ ਜ਼ਰੂਰ ਹਨ। ਪਰ ਸਬਰ ਤੇ ਸ਼ੁਕਰ ਦੀ ਰੱਬੀ ਦਾਤ ਤੋਂ ਉਹ ਆਪ ਹੀ ਖ਼ਾਲੀ ਹਨ।

ਪ੍ਰਹਿਲਾਦ ਜੀ ਵੀ ਤੱਤੇ ਥੰਮ ਨੂੰ ਦੇਖ ਕੇ ਡਰ ਗਏ ਸਨ, ਤਾਂ ਹੀ ਤਾਂ ਭਗਵਾਨ ਨੂੰ ਕੀੜੀ ਦਾ ਰੂਪ ਧਾਰ ਕੇ ਥੰਮ 'ਤੇ ਤੁਰਨਾ ਪਿਆ ਸੀ।

ਹਜ਼ਰਤ ਇਬਰਾਹੀਮ ਸਾਹਿਬ ਜੀ ਦੇ ਸਾਮ੍ਹਣੇ ਨਮਰੂਦ ਵੱਲੋਂ ਆਤਸ਼ਕੱਦਾ ਪੇਸ਼ ਹੋਇਆ ਤਾਂ ਉਹ ਫੁੱਲਾਂ ਦੀ ਸ਼ਕਲ ਵਿੱਚ ਬਦਲ ਗਿਆ। ਇਹ ਸਾਰੇ ਵਾਕਿਆਤ ਜਦ ਈਸਾ ਜੀ ਸੂਲ਼ੀ ਚੜਨ ਵੇਲੇ ਬਾਪ ਬਾਪ ਕਹਿੰਦੇ ਜ਼ਹਿਰ ਦਾ ਪਿਆਲਾ ਦੂਰ ਕਰ ਲੈ, ਦੀ ਬੇਨਤੀ ਕਰਦੇ ਸਨ ਤਾਂ ਸ਼ਹੀਦ ਕਿਵੇਂ ਹੋਏ?

ਇਸ ਉਪਰੋਕਤ ਤੱਥ ਗਵਾਹ ਹਨ ਕਿ ਲੋਕਾਂ ਨੇ ਸ਼ਹੀਦੀ ਦੇ ਮਹੱਤਵ ਨੂੰ ਸਮਝੇ ਬਿਨਾਂ ਹੀ ਹਰ ਕਿਸੇ ਨੂੰ ਸ਼ਹੀਦ ਦਾ ਪਵਿੱਤਰ ਲਕਬ ਦੇ ਛੱਡਿਆ ਹੈ। ਭਾਈ ਗੁਰਦਾਸ ਜੀ ਨੇ ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਹੋਣ ਤੋਂ ਬਾਅਦ ਸ਼ਹੀਦੀ ਕਲਾ ਪ੍ਰਗਟ ਹੋਣ ਤੋ ਬਾਅਦ ਉਸ ਦੀ ਵਿਆਖਿਆ ਲਿਖੀ:

**ਸਬਰ ਸਿਦਕ ਸ਼ਹੀਦ ਭਰਮ ਭਉ ਖੋਵਣਾ॥**

ਸ਼ਹੀਦ ਦੇ ਦਿਲ ਵਿੱਚ 'ਸਬਰ' ਤੇ 'ਸਿਦਕ' ਹੁੰਦਾ ਹੈ। ਜਿਸ ਦੇ ਆਧਾਰ ਨਾਲ਼ ਉਹ ਬਾਹਰ ਦਾ ਭਰਮ-ਭਉ ਨਾਸ਼ ਕਰ ਦਿੰਦਾ ਹੈ। ਭਉ ਹੈ ਕਾਲ ਦਾ, ਤੇ ਭਰਮ ਹੈ ਦੇਹ ਦੀ ਨਾਸ਼ਤਾ ਦਾ। ਸ਼ਹੀਦ ਇਹਨਾਂ ਦੋਹਾਂ ਤੋਂ ਹੈ।

ਇਸੇ ਲਈ ਗੁਰੂ ਅਰਜਨ ਦੇਵ ਜੀ ਪਹਿਲੇ ਸ਼ਹੀਦ ਹਨ। ਜੋ ਭਰਮ-ਭਉ ਨੂੰ ਜਿੱਤ ਕੇ ਸਬਰ-ਸਿਦਕ ਨਾਲ਼ ਸ਼ਹੀਦ ਹੋਏ। ਅੱਗੇ ਇਸੇ ਨਾਨਕ ਪੰਥ ਦੇ ਨੌਵੇਂ ਨਾਨਕ ਨੇ ਇਸੇ ਤਰ੍ਹਾਂ ਦੀ ਸ਼ਹਾਦਤ ਦੁਹਰਾਅ ਕੇ ਤੇ ਨਾਲ਼ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਨੂੰ ਸਬਰ-ਸਿਦਕ ਵਾਲ਼ੀ ਸ਼ਹਾਦਤ ਸਿਖਾ ਕੇ ਆਪ ਖ਼ੁਦ ਸ਼ਹਾਦਤ ਦਿੱਤੀ। ਇੱਥੇ ਗੁਰੂ ਨੇ ਆਪ ਸਾਹਮਣੇ ਬੈਠ ਕੇ ਸਿੱਖਾਂ ਨੂੰ ਸਬਰ-ਸਿਦਕ ਦਾ ਪਾਠ ਪੜ੍ਹਾਇਆ ਤੇ ਅਖ਼ੀਰ ਆਪ ਵੀ ਸ਼ਹਾਦਤ ਦੇ ਕੇ ਪੰਜਵੇਂ ਪਾਤਸ਼ਾਹ ਵਾਲ਼ੇ ਪਾਠ ਨੂੰ ਦੁਹਰਾਅ ਕੇ ਸਿੱਖਾਂ ਅੰਦਰ ਹੋਰ ਭਰੋਸਾ ਦ੍ਰਿੜ੍ਹ ਕੀਤਾ। ਜਿਸ ਦਾ ਪ੍ਰਤੱਖ ਰੂਪ ਅੱਗੇ ਜਾ ਕੇ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਮਿਲਦਾ ਹੈ। ਹੁਣ ਸਿੱਖ ਦੇ ਸਾਹਮਣੇ ਸਰੀਰਕ ਰੂਪ ਵਿੱਚ ਗੁਰੂ ਵੀ ਨਹੀਂ ਸੀ, ਸ਼ਬਦ-ਰੂਪ ਗੁਰੂ ਦਾ ਓਸ ਅੰਦਰ ਵਾਸਾ ਸੀ ਜੋ ਉਹ ਡੋਲਿਆ ਨਹੀਂ ਤੇ ਗੁਰੂ ਦੇ ਹੁਕਮ ਨੂੰ ਪ੍ਰਵਾਨ ਕਰ ਕੇ ਸਬਰ ਤੇ ਸਿਦਕ ਨਾਲ਼ ਸ਼ਹਾਦਤ ਦੇ ਗਿਆ।

ਉਸ ਤੋਂ ਬਾਅਦ ਸ਼ਹਾਦਤਾਂ ਦੇ ਸਕੂਲ ਅੰਦਰ ਸਿੱਖ ਦਾਖ਼ਲ ਹੁੰਦੇ ਰਹੇ ਤੇ ਚੌਰਾਸੀ ਵੇਲੇ ਤਕ ਇਹਨਾਂ ਵਿਦਿਆਰਥੀਆਂ ਦੀ ਗਿਣਤੀ ਕਰਨੀ ਅਸੰਭਵ ਹੋ ਗਈ ਸੀ। ਖ਼ਾਸ ਗੱਲ ਇਸ ਸਕੂਲ ਦੀ ਇਹ ਹੈ ਕਿ ਹਰੇਕ ਸਦੀ ਵਿੱਚ ਇੱਥੇ ਦਾ ਰਿਜ਼ਲਟ ਪੂਰਾ 100 ਫ਼ੀਸਦੀ ਰਿਹਾ।

ਹੁਣ ਇਸ ਸਕੂਲ ਅੰਦਰ ਵਿਦਿਆਰਥੀਆਂ ਦੀ ਜਿੱਥੇ ਕਮੀ ਨਹੀਂ, ਓਥੇ ਹੀ ਇਸ ਦੇ ਉਲ਼ਟ ਚਲ ਰਹੇ ਬਿਪਰ ਦੇ ਸਕੂਲ ਅੰਦਰ ਗ਼ੱਦਾਰਾਂ ਦੀ ਵੀ ਕਮੀ ਨਹੀਂ, ਜਿਹੜਾ ਸਿੱਖੀ ਦੇ ਸਕੂਲ ਵਿੱਚ ਦਾਖ਼ਲ ਨਹੀਂ ਹੋ ਸਕਦਾ ਜਾਂ ਕਹਿ ਲਈਏ ਇੱਥੋਂ ਦੇ ਅਸੂਲਾਂ 'ਤੇ ਚਲਣਾ ਉਹਨਾਂ ਦੀ ਫ਼ਿਤਰਤ ਨਹੀਂ, ਉਹ ਫਿਰ ਸਾਹਮਣੇ ਬਿਪਰ ਦੇ ਸਕੂਲ ਅੰਦਰ ਦਾਖ਼ਲ ਹੋ ਜਾਂਦਾ। ਭੇਖ ਵਜੋਂ ਉਹ ਵੀ ਇਹਨਾਂ ਵਰਗਾ ਹੀ ਜਾਪਦਾ ਹੈ। ਬਿਪਰ ਦੇ ਸਕੂਲ ਅੰਦਰ ਉਸ ਨੂੰ ਸਕਾਲਰਸ਼ਿਪ ਵੀ ਮਿਲਦੀ ਕਿ ਜਿਹੜਾ ਸਿੱਖੀ ਦਾ ਜਿੰਨਾ ਵੱਡਾ ਗ਼ੱਦਾਰ ਓਸ ਕੋਲ ਓਨਾ ਹੀ ਵੱਡਾ ਅਹੁਦਾ।

ਜਿੰਨੀ ਦੇਰ ਸਿੱਖ ਦਿਮਾਗ਼ਾਂ ਅੰਦਰੋਂ ਗ਼ੁਲਾਮੀ ਨਹੀਂ ਜਾਂਦੀ, ਓਨੀ ਦੇਰ ਪਛਾਣ ਕਰਨੀ ਬਹੁਤ ਔਖੀ ਹੈ। ਤੇ ਗ਼ੁਲਾਮੀ ਦੂਰ ਕਰਨ ਲਈ ਸ਼ਹੀਦਾਂ ਦੇ ਸਿਰਤਾਜ ਨੇ ਜਿਹੜੇ ਗ੍ਰੰਥ ਦੀ ਸੰਪਾਦਨਾ ਕੀਤੀ ਤੇ ਦਸਮੇਸ਼ ਜੀ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਗੁਰਤਾ-ਗੱਦੀ ਦੇ ਕੇ ਸਿੱਖਾਂ ਦੇ ਗੁਰੂ ਥਾਪਿਆ, ਓਸ ਗੁਰੂ ਕੋਲ ਜਾ ਕੇ ਸਿੱਖਿਆ ਲੈਣ ਦੀ ਲੋੜ ਹੈ। ਜਿਹਨਾਂ ਵੀ ਲਈ, ਉਹਨਾਂ ਨੂੰ ਇਸ ਸਕੂਲ ਅੰਦਰ ਦਾਖ਼ਲਾ ਮਿਲ ਗਿਆ ਤੇ ਫਿਰ ਉਹ ਆਪਣਾ ਜੀਵਨ ਸਫ਼ਲਾ ਕਰ ਕੇ ਇਸ ਮਾਤ ਲੋਕ ਤੋਂ ਗਏ।


ਗੁਰੂ ਪੰਥ ਦਾ ਦਾਸ
**ਮਨਜੀਤ ਸਿੰਘ ਭੋਗਲ (ਜਰਮਨੀ)**
ਮੁੱਖ ਸੰਪਾਦਕ 'ਪੰਜਆਬ' ਮੈਗਜ਼ੀਨ
ਚੇਅਰਮੈਨ (IPCC germany
intellectual punjabi Chamber of Commerce)
ਸਬ ਐਡੀਟਰ (ਪੰਜਾਬ ਹੈੱਡਲਾਈਨਜ਼)


* * * *



– ਡਾਕਟਰ ਸੁਰਜੀਤ ਸਿੰਘ ਜਰਮਨੀ
ਸਹਾਇਕ ਸੰਪਾਦਕ 'ਪੰਜਆਬ' ਮੈਗਜ਼ੀਨ
(President IPCC Germany)
Buro Chief Germany (ਪੰਜਾਬ ਹੈੱਡਲਾਈਨਜ਼)

# ਗੁਰੂ ਅਰਜਨ ਦੇਵ ਜੀ ਨੇ ਹੀ 'ਸ਼ਹਾਦਤ' ਸ਼ਬਦ ਨੂੰ ਜਨਮਿਆ

**ਤਖਤ ਬੈਠਾ ਅਰਜਨ ਗੁਰੂ**
**ਸਤਿਗੁਰ ਕਾ ਖਿਵੈ ਚੰਦੋਆ॥**
**ਉਗਵਣਹੁ ਤੈ ਆਥਵਣਹੁ ਚਹੁੰ ਚੱਕੀ ਕੀਅਨ ਲੋਆ॥**
**ਜਿਨੀ ਗੁਰੂ ਨਾ ਸੇਵਿਓ ਮਨਮੁਖਾਂ ਪਾਇਆ ਮੋਆ॥**
**ਦੂਣੀ ਚਉਣੀ ਕਰਾਮਾਤ ਸਚੇ ਕਾ ਸੱਚਾ ਢੋਆ॥**
**ਚਾਰੇ ਜਾਗੇ ਚਹੁੰ ਜੁਗੀ ਪੰਚਾਇਣ ਆਪੇ ਹੋਆ॥**


(ਵਾਰ ਸੱਤਾ ਬਲਵੰਡ)

ਸਿੱਖਾਂ ਦੇ ਪੰਚ ਤੀਰਥ ਸ੍ਰੀ ਅੰਮ੍ਰਿਤਸਰ ਜੀ, ਸੰਤੋਖਸਰ, ਰਾਮਸਰ ਸਰੋਵਰ, ਤਰਨ ਤਾਰਨ ਸਰੋਵਰ, ਗੰਗਸਰ ਕਰਤਾਰਪੁਰ ਤੇ ਅੱਗੇ ਸਿੱਖੀ ਦੇ ਪੰਜ ਮੂਲ ਧਰਮ ਗ੍ਰੰਥ, ਧਰਮ ਤੀਰਥ, ਧਰਮ ਜਥੇਬੰਦੀ, ਧਰਮ ਦਾ ਖਜ਼ਾਨਾ, ਧਰਮ ਮੰਦਰ। ਪੰਜ ਵਾਰਾਂ– ਵਾਰ ਗਉੜੀ ਮਹਲਾ 5, ਵਾਰ ਗੂਜਰੀ ਮ. 5, ਵਾਰ ਜੈਤਸਰੀ ਮ. 5, ਵਾਰ ਮਾਰੂ ਡੱਖਣੇ ਮ. 5, ਵਾਰ ਬਸੰਤ ਕੀ ਮ. 5। ਗੁਰਤਾ ਵਿੱਚ ਪੰਜ ਹਿੱਸੇ ਆਪ ਗੁਰੂ, ਪਿਤਾ ਗੁਰੂ, ਨਾਨਾ ਗੁਰੂ, ਪੁੱਤ੍ਰ ਗੁਰੂ, ਪੋਤਰਾ ਗੁਰੂ, ਪ੍ਰੋੜਤਾ ਗੁਰੂ। ਸ਼ਹੀਦੀ ਵੰਸ਼ ਦੇ ਬਾਨੀ– ਆਪ ਸ਼ਹੀਦ, ਪੋਤਰਾ ਸ਼ਹੀਦ, ਪੜੋਤ੍ਰਾ ਸ਼ਹੀਦ ਤੇ ਹਜ਼ੂਰ ਦੇ ਨਾਤੀ ਚਾਰ ਸਾਹਿਬਜ਼ਾਦੇ ਸ਼ਹੀਦ, ਆਪ ਦੀ ਪੋਤ ਨੂੰਹ ਪੂਜਨੀਕ ਮਾਤਾ ਗੁਜਰ ਕੌਰ ਸ਼ਹੀਦ।

'ਸ਼ਹੀਦਾਂ ਦੇ ਸਿਰਤਾਜ', 'ਸ਼ਹੀਦਾਂ ਦੇ ਸਰਬੰਸ ਦੇ ਮੋਢੀ', ਸੋਢੀਆਂ ਦੇ ਅਗਲੇ ਸੋਢੀ ਪਾਤਸ਼ਾਹ ਨੇ ਗੁਰੂ ਰਾਮਦਾਸ ਪਾਤਿਸ਼ਾਹ ਦੇ ਗ੍ਰਿਹ ਵਿਖੇ ਮਾਤਾ ਭਾਨੀ ਜੀ ਦੀ ਕੁੱਖੋਂ ਵੈਸਾਖ ਵਦੀ 7 ਸੰਮਤ 1620 ਬਿ. ਮੁ: 1563 ਈ. 15 ਅਪ੍ਰੈਲ ਨੂੰ ਗੋਇੰਦਵਾਲ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਪ੍ਰਗਟਣਾ ਕੀਤਾ। ਇੱਥੇ ਨਾਨਾ ਤੀਜੇ ਨਾਨਕ ਗੁਰੂ ਅਮਰਦਾਸ ਪਾਤਸ਼ਾਹ ਨੇ ਇਸ ਉਤਰਾਧਿਕਾਰੀ ਨੂੰ ਗੁਰਮੁਖੀ, ਸੰਸਕ੍ਰਿਤ, ਅਰਬੀ, ਫ਼ਾਰਸੀ ਤੇ ਗੁਰਮਤਿ ਸੰਗੀਤ ਦਾ ਗਿਆਤਾ ਬਣਾਇਆ।

ਜਦੋਂ ਦੋਵੇਂ ਨਾਨਕ ਗੁਰੂ ਅਮਰਦਾਸ ਜੀ ਤੇ ਗੁਰੂ ਰਾਮਦਾਸ ਜੀ ਦੀ ਛਤਰ-ਛਾਇਆ ਹੇਠ ਜਵਾਨ ਹੋਇਆ ਤਾਂ ਗ੍ਰਿਹਸਤ ਜੀਵਨ ਅੰਦਰ ਪ੍ਰਵੇਸ਼ ਕਰਦੇ ਮਾਤਾ ਰਾਮ ਦੇਵੀ ਜੀ ਨਾਲ਼ ਪਾਤਸ਼ਾਹ ਦਾ ਵਿਆਹ ਹੋਇਆ। ਵਿਆਹ ਦੇ ਕੁਝ ਸਾਲ ਬਾਅਦ ਹੀ ਮਾਤਾ ਜੀ ਪ੍ਰਲੋਕ ਗਮਨ ਕਰ ਗਏ। ਗ੍ਰਿਹਸਤ ਨੂੰ ਅਗਾਂਹ ਵਧਾਉਂਦੇ ਮਾਤਾ ਗੰਗਾ ਜੀ ਸੰਗ 1636 ਬਿ. ਨੂੰ ਪਾਤਸ਼ਾਹ ਦਾ ਦੂਸਰਾ ਆਨੰਦ ਕਾਰਜ ਹੋਇਆ। ਜਿਹਨਾਂ ਦੀ ਭਾਗਾਂ ਭਰੀ ਕੁੱਖ ਵਿੱਚੋਂ ਗੁਰੂ ਨਾਨਕ ਜੀ ਦੀ ਗੱਦੀ ਦੇ ਛੇਵੇਂ ਵਾਰਿਸ ਗੁਰੂ ਹਰਿਗੋਬਿੰਦ ਸਾਹਿਬ ਜੀ 1652 ਬਿ. ਨੂੰ ਪ੍ਰਗਟ ਹੋਏ।

ਪਿਤਾ ਗੁਰੂ ਜੀ ਤੋਂ ਗੁਰਤਾਗੱਦੀ ਭਾਦੋਂ ਸੁਦੀ 2 ਸੰ. 1638 ਬਿ. ਮੁ. 1581 ਨੂ ਪ੍ਰਾਪਤ ਹੋਈ। ਕਈ ਪ੍ਰਚਾਰਕ ਤੇ ਲਿਖਾਰੀ ਇਹ ਲਿਖਦੇ ਹਨ ਕਿ ਗੁਰਤਾਗੱਦੀ ਉਸ ਨੂੰ ਮਿਲੀ ਜਿਸ ਨੇ ਸੇਵਾ ਕੀਤੀ ਨਹੀਂ ਭਾਈ ਦੋਹਤਾ ਤਾਂ ਬਾਬਾ ਪ੍ਰਿਥੀਆ ਵੀ ਹੈ ਬਾਬਾ ਮਹਾਂ ਦੇਵ ਵੀ ਹੈ। ਸੇਵਾ ਭਾਵਨਾ ਤਾਂ ਨਾਨੇ ਪ੍ਰਤੀ ਤੇ ਪਿਤਾ ਪ੍ਰਤੀ ਉਹਨਾਂ ਦੀ ਵੀ ਪੂਰੀ ਹੋਵੇਗੀ ਫਿਰ ਉਹਨਾਂ 'ਤੇ ਨਜ਼ਰ ਕਿਉਂ ਨਾ ਪਈ? ਉਹ ਵੀ ਓਥੇ ਹੀ ਓਸੇ ਹੀ ਵਿਹੜੇ ਵਿੱਚ ਇਕੱਠੇ ਹੀ ਖੇਡਦੇ ਸਨ। ਪਰ ਅਰਜਨ ਦੇਵ ਜੀ ਨੂੰ ਵੇਖਦੇ ਹੀ ਤੀਜੇ ਪਾਤਸ਼ਾਹ ਫਰਮਾਉਂਦੇ ਇਹ 'ਦੋਹਤਾ ਨਹੀਂ ਬਾਣੀ ਦਾ ਬੋਹਿਥਾ' ਹੈ।



ਜਦੋਂ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਦੇ ਹਾਂ ਤਾਂ ਕਰੀਬ ਪੌਣੇ ਸੱਤ ਸੌ ਅੰਗ ਬਾਣੀ ਇਕੱਲੇ 'ਬਾਣੀ ਕੇ ਬੋਹਿਥ' ਨੇ ਹੀ ਰਚੀ। ਸੋ ਇਹ ਗੁਰਤਾਗੱਦੀ ਸਿਰਫ਼ ਸੇਵਾ ਕਰਕੇ ਨਹੀਂ ਮਿਲੀ ਬਲਕਿ ਧੁਰ ਦਰਗਾਹੋਂ ਹੀ ਉਹਨਾਂ ਦੇ ਨਾਂ ਲਿਖੀ ਸੀ ਜੋ ਸਮਾਂ ਆਉਣ ਤੇ ਗੁਰੂ ਰਾਮਦਾਸ ਜੀ ਨੇ ਉਹਨਾਂ ਨੂੰ ਦਿੱਤੀ।

**ਧ੍ਰਮ ਧੀਰ ਗੁਰਮਤਿ ਗੰਭੀਰ ਪਰਦੁੱਖ ਬਿਸਾਰਣੁ।**
**ਸ਼ਬਦ ਸਾਹੁ ਹਰਿਸਮ ਉਦਾਰੁ ਅਹੰਮੇਵ ਨਿਵਾਰਣੁ।**
**ਮਹਾਂਦਾਨਿ ਸਤਿਗੁਰ ਗਿਆਨਿ ਮਨਿ ਚਾਉ ਨ ਹੁਟੈ।**
**ਸਤਿਵੰਤੁ ਹਰਿ ਨਾਮੁ ਮੰਤ੍ਰੁ ਨਵ ਨਿਧਿ ਨ ਨਿਖੁਟੈ।**
**ਗੁਰ ਰਾਮ ਦਾਸ ਤਨ ਸਰਬ ਮੈ ਸਹਜਿ ਚੰਦੋਆ ਤਾਨਿਅਉ।**
**ਗੁਰ ਅਰਜੁਨ ਕਲੁਚਰੈ ਤੈ ਰਾਜ ਜੋਗ ਰਸ ਜਾਨਿਅਉ।**

(ਅੰਗ ੧੪੦੭)


ਬਾਣੀ ਕੇ ਬੋਹਿਥ ਪਾਤਸ਼ਾਹ ਨੇ ਬਿ. 1661 ਭਾਦੋਂ ਸੁਦੀ ਏਕਮ ਨੂੰ ਪੋਥੀ ਪਰਮੇਸਰ ਕੇ ਥਾਨ ਗੁਰੂ ਗ੍ਰੰਥ ਸਾਹਿਬ ਜੀ ਕਾ ਸ੍ਰੀ ਹਰਿਮੰਦਿਰ ਸਾਹਿਬ ਅੰਮ੍ਰਿਤਸਰ ਵਿਖੇ ਪ੍ਰਕਾਸ਼ ਕੀਤਾ। ਇੱਥੇ ਹੀ ਪਾਤਸ਼ਾਹ ਜਗਿਆਸੂਆਂ ਨੂੰ ਉਪਦੇਸ਼ ਦਿੰਦੇ ਹੋਏ ਫੁਰਮਾਨ ਕਰਦੇ ਹਨ ਕਿ ਹੇ ਵਾਹਿਗੁਰੂ 'ਕੋਟਿ ਪਰਾਧ ਹਮਾਰੇ ਖੰਡਹੁ ਅਨਿਕ ਬਿਧੀ ਸਮਝਾਵਹੁ॥' ਸਾਡੇ ਪਾਪਾਂ ਦਾ ਨਾਸ਼ ਕਰੋ ਅਤੇ ਅਨੇਕ ਵਿਧੀਆਂ ਨਾਲ਼ ਪ੍ਰਮਾਤਮਾ ਨੂੰ ਸਿਮਰਨ ਕਰਨ ਦੀ ਦਾਤ ਬਖ਼ਸ਼ੋ।

ਹੁਣ ਅਰਾਮ ਨਾਲ਼ ਸੌਂ ਕੇ ਅੰਮ੍ਰਿਤ ਵੇਲੇ ਉੱਠ ਕੇ ਨਾਮ ਜਪਣ ਦੀ ਵਿਧੀ ਤੇ ਹਰੇਕ ਦੂਜਾ ਤੀਜਾ ਆਪੂੰ ਬਣਿਆ ਦੇਹਧਾਰੀ ਗੁਰੂ ਵੀ ਦਸ ਸਕਦਾ ਸੀ। ਖ਼ੁਦ ਖ਼ੁਦਾ ਪੰਜਵੇਂ ਨਾਨਕ ਨੇ ਪਹਿਲਾਂ ਜ਼ਿਕਰ ਕੀਤਾ ਕਿ ਹੇ ਵਾਹਿਗੁਰੂ ਸਾਡੇ ਪਾਪਾਂ ਦਾ ਨਾਸ਼ ਕਰੋ। ਹੁਣ ਦੇਹਧਾਰੀ ਜੋ ਕੇ ਖ਼ੁਦ ਬਲਾਤਕਾਰੀ ਹਨ, ਅਨੇਕਾਂ ਪਾਪ ਰੋਜਾਨਾ ਕਰਦੇ ਹਨਮ ਉਹ ਕਿੱਥੋਂ ਪਾਪਾਂ ਦਾ ਨਾਸ਼ ਕਰ ਸਕਣਗੇ ਜਾਂ ਪਰਮ-ਆਤਮਾ ਅੱਗੇ ਅਰਦਾਸ ਕਰਨਗੇ। ਇਹ ਤਾਂ ਖ਼ੁਦ ਖ਼ੁਦਾ ਹੀ ਕਰ ਸਕਦਾ ਤੇ ਫਿਰ ਅਨੇਕ ਵਿਧੀਆਂ ਦੁਆਰਾ ਨਾਮ ਜਪਣਾ ਸਮਝਾਉਣਾ ਵੀ ਉਸ ਤੋਂ ਵਧੀਆ ਹੋਰ ਕੌਣ ਸਮਝਾ ਸਕਦਾ। ਜਿਸ ਦੀ ਆਖ਼ਰੀ ਵਿਧੀ ਜੋ ਸਿਰਫ਼ ਪੰਜਵੇਂ ਪਾਤਸ਼ਾਹ ਸ਼ਹੀਦਾਂ ਦੇ ਸਿਰਤਾਜ ਤੋਂ ਬਗੈਰ ਕੋਈ ਵੀ ਨਹੀਂ ਸਮਝਾ ਸਕਦਾ ਕਿ ਜਦੋਂ ਕਿਤੇ ਸਮਾਂ ਬਣੇ ਸ਼ਹਾਦਤ ਦੇਣੀ ਪੈ ਜਾਵੇ ਜਾਂ ਮੈਦਾਨ ਏ ਜੰਗ ਅੰਦਰ ਜੂਝ ਕੇ ਸ਼ਹੀਦੀ ਦੇਣੀ ਪੈ ਜਾਵੇ ਤਾਂ ਇਹ ਨਾਮ ਜਪਣ ਦੀ ਆਖ਼ਰੀ ਵਿਧੀ ਹੋਵੇਗੀ, ਜੋ ਹਰੇਕ ਗੁਰੂ ਆਪਣੇ ਚੇਲੇ ਨੂੰ ਨਹੀਂ ਸਿਖਾ ਸਕਦਾ, ਇਹ ਵਿਧੀ ਸੱਚਖੰਡ ਦੇ ਦਰਵਾਜੇ ਦੀ ਆਖ਼ਰੀ ਕੁੰਜੀ ਹੈ। ਕਿਉਂ ਜੋ ਬਹੁਤਾਂਤ ਗੁਰੂ ਸਿਰਫ਼ ਹਕੂਮਤ ਦੇ ਅਧੀਨ ਭਗਤੀ ਮਾਰਗ ਅਪਨਾਉਣ ਨੂੰ ਹੀ ਪ੍ਰਾਥਮਿਕਤਾ ਦਿੰਦੇ ਹਨ।

'ਸੰਤ' ਨੂੰ 'ਸਿਪਾਹੀ' ਸਾਜਣਾ ਖ਼ਾਲਸੇ ਦੇ ਦਸ ਪਾਤਸ਼ਾਹਾਂ ਤੋਂ ਬਗੈਰ ਕਿਸੇ ਵੀ ਧਰਮ ਦੇ ਗੁਰੂ ਦੇ ਹਿੱਸੇ

ਨਹੀਂ ਆਇਆ। ਸਰਕਾਰਾਂ ਦੀਆਂ ਤਨਖ਼ਾਹਦਾਰ ਫ਼ੌਜਾਂ ਜਿਹੜੀਆਂ ਬਹੁਤਾਂਤ ਨੈਤਿਕਤਾ ਤੋਂ ਗਿਰਿਆਂ ਹੁੰਦੀਆਂ ਨੇ, ਜੋ ਦਾਅ ਲੱਗੇ 'ਤੇ ਧੀਆਂ-ਭੈਣਾਂ ਨਾਲ਼ ਜਬਰ-ਜਿਨਾਹ ਤੇ ਲੁਟਪਾਟ ਵੀ ਮਚਾ ਦਿੰਦੀਆਂ ਹਨ। ਅਜਿਹੇ ਸਿਪਾਹੀ ਤਾਂ ਹਰੇਕ ਬਾਦਸ਼ਾਹ, ਸਰਕਾਰ ਆਦਿਕ ਦੇ ਅਮਲੇ ਅੰਦਰ ਮੌਜੂਦ ਹਨ। ਪਰ ਗੁਰੂ ਨਾਨਕ ਦਾ ਸਿਪਾਹੀ ਜੋ ਪਹਿਲੇ 'ਸੰਤ' ਤੇ ਬਾਅਦ 'ਚ ਤਨਖ਼ਾਹਦਾਰ ਨਾ ਹੋ ਕੇ 'ਸੇਵਾਦਾਰ ਸਿਪਾਹੀ' ਹੈ। ਇਹ ਗੁਰੂ ਨਾਨਕ ਦੇ ਪੰਜਵੇਂ ਜਾਮੇ ਨੇ ਸਾਜਣ ਦੀ ਸ਼ੁਰੂਆਤ ਕੀਤੀ, ਜਿਸ ਨੂੰ ਦਸਵੇਂ ਜਾਮੇ ਨੇ ਵਰਦੀਧਾਰੀ ਤੇ ਸ਼ਸ਼ਤਰਧਾਰੀ ਬਣਾ ਕੇ ਅੰਮ੍ਰਿਤ ਦੀ ਦਾਤ ਦੇ ਕੇ ਅਮਰ ਕਰ ਕੇ ਦੁਨੀਆਂ ਨੂੰ ਸੰਤ ਵਿੱਚੋਂ ਸਿਪਾਹੀ ਪੈਦਾ ਕਰ ਕੇ ਦਿੱਤਾ।

ਪਾਤਸ਼ਾਹ ਜੀ ਨੇ ਜਦੋਂ ਸ੍ਰੀ ਅੰਮ੍ਰਿਤਸਰ ਸਾਹਿਬ ਵਸਾਇਆ ਤਾਂ ਦੂਰੋਂ-ਨੇੜਿਓਂ ਸੰਗਤਾਂ ਨੂੰ ਇੱਥੇ ਆ ਕੇ ਵਸਣ ਦਾ ਉਪਦੇਸ਼ ਕੀਤਾ। ਜਿੱਥੇ ਬਹੁਤਾਂਤ ਹਿਸਟੋਰੀਅਨ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਪਾਤਸ਼ਾਹ ਨੇ ਆਲੇ ਦੁਆਲੇ ਦੇ ਵਪਾਰੀਆਂ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਆ ਕੇ ਵਸਣ ਲਈ ਪ੍ਰੇਰਿਆ, ਓਥੇ ਹੀ ਸਾਡਾ ਮੰਨਣਾ ਹੈ ਕਿ ਪਾਤਸ਼ਾਹ ਨੇ 'ਇਨ ਗਰੀਬ ਸਿਖਨ ਕੋ ਦਿਊਂ ਪਾਤਸ਼ਾਹੀ' ਓਸੇ ਦਿਨ ਤੋਂ ਪਾਤਸ਼ਾਹੀ ਬਖ਼ਸ਼ ਕੇ ਇਹਨਾਂ ਨੂੰ ਹੀ ਵਪਾਰੀ ਵੀ ਬਣਾਇਆ।



ਜਦ ਸੰਗਤਾਂ ਇੱਥੇ ਆ ਕੇ ਵੱਸਣ ਲੱਗ ਗਈਆਂ ਤਾਂ ਕਈਆਂ ਨੇ ਆ ਕੇ ਪਾਤਸ਼ਾਹ ਨੂੰ ਕਹਿਣਾ ਪਾਤਸ਼ਾਹ! ਗੁਜਰ-ਬਸਰ ਕਰਨ ਹਿੱਤ ਕੀ ਕੀਤਾ ਜਾਵੇ ਤਾਂ ਜੋ ਅੱਛੀ ਆਮਦਨੀ ਹੋਵੇ ਤੇ ਪਰਿਵਾਰ ਦਾ ਗੁਜਾਰਾ ਵਧੀਆ ਹੋ ਸਕੇ। ਪਿਤਾ ਹਜ਼ੂਰ ਜੀ ਨੇ ਜਿਹਨਾਂ ਨਾਮ ਜਪਣ ਦੀਆਂ ਅਨੇਕ ਵਿਧੀਆਂ ਵੀ ਸਮਝਾਉਣੀਆਂ ਸਨ ਕਿ ਸਿਰਫ਼ ਹਿਮਾਲਿਆ ਜਾ ਕੇ ਗ੍ਰਹਿਸਤ ਤੋਂ ਮੁਨਕਰ ਹੋ ਪ੍ਰਮਾਤਮਾ ਨਹੀਂ ਮਿਲਣਾ ਬਲਕਿ ਪਰਿਵਾਰ ਵਿੱਚ ਰਹਿ ਕੇ ਅਨੇਕ ਵਿਧੀਆਂ ਤਹਿਤ ਆਤਮਾ ਦਾ ਪਰਮ-ਆਤਮਾ ਸੰਗ ਮੇਲ ਕਰਵਾਇਆ ਜਾ ਸਕਦਾ, ਓਸ ਵਿੱਚੋਂ ਪਹਿਲੀ ਸੀ ਧਰਮ ਦੀ ਸੱਚੀ-ਸੁੱਚੀ ਕਿਰਤ ਕਰਦੇ ਓਸ ਪਰਮ-ਆਤਮਾ ਦਾ ਚਿੰਤਨ ਕਰਨਾ। ਹਜ਼ੂਰ ਆਂਹਦੇ ਸਿੱਖੋ ਗੁਜਰ-ਬਸਰ ਹਿਤ ਵਧੀਆ ਉਪਰਾਲਾ ਹੈ ਵਪਾਰੀ ਬਣੋ। ਸਿੱਖ ਆਂਹਦੇ ਪਾਤਸ਼ਾਹ ਵਪਾਰੀ ਕਿਵੇਂ ਬਣੀਏ ਆਉਂਦਾ ਈ ਕੁਝ ਨਹੀਂ। ਪਾਤਸ਼ਾਹ ਆਂਹਦੇ ਸਿੱਖੋ ਪਿੰਡਾਂ ਦੇ ਜਾਏ ਓ, ਮਾਲ ਡੰਗਰ ਨਾਲ਼ ਪੁਰਾਣੀ ਸਾਂਝ ਹੈ, ਪਰਖ ਵੀ ਅੱਛੀ ਤੇ ਮੇਲ-ਜੋੜ ਹੋ ਜਾਣਾ, ਘੋੜਿਆਂ ਦਾ ਵਪਾਰ ਕਰੋ। ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਜਿਹੇ ਸੁਝਵਾਨ ਸਿੱਖ ਬੋਲੇ ਕਿਉਂ ਜੁ ਗੁਰੂ ਕੇ ਸਿੱਖ ਗੁਰੂ ਦੇ ਕਰੀਬ ਤੇ ਗੁਰੂ ਦਾ ਇਹਨਾਂ ਦੇ ਮਨਾਂ ਅੰਦਰ ਵਾਸਾ ਤਾਂ ਇਹਨਾਂ ਕੋਲੋਂ ਬੁਲਵਾਇਆ ਕਿਉਂਕਿ ਅਜਿਹਾ ਪ੍ਰਸ਼ਨ ਹਰੇਕ ਆਮ ਸਿੱਖ ਦੇ ਅੰਦਰ ਆਉਣਾ ਸੁਭਾਵਿਕ ਪਰ ਗੁਰੂ ਅੱਗੇ ਸਵਾਲ ਕੌਣ ਰੱਖੇ? ਤੇ ਮਾਤ੍ਰ ਸਿੱਖਾਂ ਨਾ ਵਪਾਰ ਕੀਤਾ ਨਾ ਵਪਾਰ ਦਾ ਪਤਾ, ਰਿਸਕ ਕਿੱਥੋਂ ਲੈਣ। ਸਵਾਲਾਂ ਨੇ ਘੇਰਾ ਪਾਇਆ। ਘਟ ਘਟ ਕੇ ਅੰਤਰ ਕੀ ਜਾਨਤ, ਪੂਰਾ ਗੁਰੂ ਭਾਈ ਗੁਰਦਾਸ, ਬਾਬਾ ਬੁੱਢਾ ਜੀ ਜਿਹੇ ਸਿੱਖਾਂ ਅੰਦਰੋਂ ਆਪ ਹੀ ਗਰੀਬ ਸਿੱਖਨ ਕਾ ਸਵਾਲ ਲੈ ਕੇ ਬੋਲਿਆ, ਪਾਤਸ਼ਾਹ ਸਾਡੇ ਘੋੜੇ ਔਰ ਭਾਰਤ ਦੇ ਬਾਕੀ ਪ੍ਰਾਂਤਾਂ ਦੇ ਘੋੜਿਆ ਅੰਦਰ ਬਹੁਤਾ ਫਰਕ ਤਾਂ ਹੈ ਨਹੀਂ, ਵਪਾਰ ਕਰਨ ਲੱਗੇ ਤਾਂ ਸਾਡੇ ਘੋੜੇ ਕੌਣ ਖ਼ਰੀਦੇਗਾ? ਘਾਟੇ ਦਾ ਸੌਦਾ ਜਾਪਦਾ। ਹਜ਼ੂਰ ਦੂਰਦਰਸ਼ੀ ਸੋਚ ਪਹਿਲੇ ਨਾਨਕ ਨੇ ਜੋ ਬਾਬਰ ਨੂੰ ਵੰਗਾਰਿਆ ਸੀ ਤੇ 10ਵੇਂ ਜਾਮੇ ਚ ਜਾ ਕੇ ਓਸੇ ਮੁਗਲ ਹਕੂਮਤ ਬਾਬਰ ਦੇ ਸਪੋ ਸਿਰਾਹ ਔਰੰਗਜ਼ੇਬ (ਤੇ ਪਹਾੜੀ ਰਾਜਿਆਂ) ਦੀਆਂ ਫ਼ੌਜਾਂ ਦਾ ਮੁਕਾਬਲਾ ਇੰਨ ਗਰੀਬ ਸਿੱਖਨ ਕੋਲੋਂ ਕਰਵਾ ਕੇ ਬਾਦਸ਼ਾਹ ਬਣਾਉਣਾ ਸੀ। ਉਹਨਾਂ ਨੂੰ ਅੱਛੇ ਘੋੜਸਵਾਰ ਤੇ ਜੰਗਜੂ ਬਣਾਉਣ ਲਈ ਪਾਤਸ਼ਾਹ ਕਹਿੰਦੇ ਵਪਾਰੀ ਆਪਣੇ ਘੋੜਿਆਂ ਦੇ ਨਹੀਂ, ਘੋੜੇ ਅਰਬ ਤੋਂ ਲਿਆ ਕੇ ਭਾਰਤ ਵਰਸ਼ ਨੂੰ ਵੇਚੋ।

ਸਿੱਖਾਂ ਹਜ਼ੂਰ ਦੇ ਚਰਨਾਂ ਪੁਰ ਨਮਸਕਾਰ ਕਰ ਕੇ ਸਫ਼ਰ ਦੌਰਾਨ ਓਹੀ ਅਨਿਕ ਵਿਧੀ ਦੀ ਇੱਕ ਵਿਧੀ ਤਹਿਤ ਪ੍ਰਮਾਤਮਾ ਦਾ ਸਿਮਰਨ ਕਰਦੇ ਕਿ ਜਦ ਕਿਰਤ ਨੂੰ ਜਾਓ ਤਾਂ ਸਵਾਸ-ਗਰਾਸ ਪ੍ਰਮਾਤਮਾ ਦਾ ਨਾਮ ਧਿਆਉਣਾ। ਪਰਮ-ਆਤਮਾ ਇਸ ਆਤਮਾ ਨਾਲ਼ ਮਿਲ ਜਾਵੇਗੀ ਤਾਂ ਕਰਮ ਵੀ ਸਫ਼ਲਾ ਹੋ ਜਾਵੇਗਾ ਤੇ ਵਪਾਰ (ਕਿਰਤ) ਨੂੰ ਭਾਗ ਲੱਗਣਗੇ। ਨਾਮ ਅਭਿਆਸ ਕਰਦੇ ਸਿੱਖ ਅਰਬ ਪਹੁੰਚਦੇ, ਜਾ ਕੇ ਘੋੜੇ ਖ਼ਰੀਦਦੇ ਤੇ ਓਥੋਂ ਲੈ ਕੇ ਆਉਣ ਵੇਲੇ ਇੰਨੇ ਲੰਮੇ ਰਸਤੇ ਵਿੱਚ ਘੋੜਸਵਾਰੀਕਰ ਕੇ ਅੱਛੇ ਘੋੜ ਸਵਾਰ ਬਣ ਗਏ। ਇੱਕੋ ਕਾਰਜ ਕਰਦੇ-ਕਰਦੇ ਉਹਨਾਂ ਦਾ ਤੇ ਘੋੜਿਆਂ ਦਾ ਐਸਾ ਨਾਤਾ ਜੁੜਿਆ ਕਿ ਘੋੜਾ ਸਿੱਖ ਦੀ ਧੜਕਨ ਤੋਂ ਹੀ ਪਛਾਨਣ ਲੱਗ ਗਿਆ ਕਿ ਕਿਸ ਤਰਾਂ ਸਫ਼ਰ ਅਗਾਂਹ ਵਧਾਉਣਾ।

ਜਿਹਨਾਂ ਕਦੇ ਕਰਦ ਵੀ ਨਹੀਂ ਸੀ ਪਕੜੀ, ਉਹ ਹੁਣ ਆਪਣੇ ਕੀਮਤੀ ਮਾਲ ਦੀ ਰਾਖੀ ਹਿਤ ਨਾਲ਼ ਤਲਵਾਰਾਂ ਢਾਲਾਂ ਲੈ ਕੇ ਜਾਣ ਲੱਗੇ। ਕਿਉਂ ਜੁ ਹੁਣ ਕੀਮਤੀ ਘੋੜੇ ਲੈ ਕੇ ਜਦੋਂ ਸਿੱਖਾਂ ਆਉਣਾ ਤਾਂ ਰਸਤੇ 'ਚ ਚੋਰ-ਡਾਕੂਆਂ ਕੋਸ਼ਿਸ ਕਰਨੀ ਕਿ ਇਹਨਾਂ ਕੋਲੋਂ ਕੀਮਤੀ ਘੋੜੇ ਖੋਹ ਲਏ ਜਾਣ। ਉਹਨਾਂ ਦਾ ਮੁਕਾਬਲਾ ਕਰਨ ਹਿੱਤ ਸ਼ਸ਼ਤਰ ਜ਼ਰੂਰੀ ਨੇ। ਤਲਵਾਰਾਂ-ਢਾਲਾਂ ਨਾਲ਼ ਚੋਰ-ਡਾਕੂਆਂ ਦਾ ਮੁਕਾਬਲਾ ਕਰਨਾ, ਜਿਸ ਦੇ ਫਲਸਰੂਪ ਸਿੱਖ ਹੁਣ ਸਿਪਾਹੀ ਬਣਨ ਵਲ ਵਧ ਰਹੇ ਸਨ। ਅਜਿਹੇ ਦਾਅ-ਪੇਚ ਲੜਾਈ ਦੇ ਸਿੱਖ ਗਏ ਕਿ ਸਿੱਖ ਜਿਹੜਾ ਜਾਂਦੇ ਵਕਤ ਅਨਿਕ ਵਿਧੀ ਸਮਝਦਾ ਹੋਇਆ ਸਿਮਰਨ ਅਭਿਆਸ ਕਰਦਾ ਹੋਇਆ, ਸੰਤ-ਬਿਰਤੀ ਸਫ਼ਰ ਤੈਅ ਕਰਦਾ ਜਾਂਦਾ ਸੀ, ਓਹੀ ਸਿੱਖ ਆਉਂਦੇ ਵਕਤ ਅਨਿਕ ਵਿਧੀ ਤਹਿਤ ਸਿਪਾਹੀ ਬਣ ਕੇ ਨਾਮ-ਸਿਮਰਨ ਕਰਦਾ ਸੂਰਮੇ ਰੂਪ ਤੇਗ਼ ਵਾਹੁੰਦਾ ਵਾਪਿਸ ਪਾਤਸ਼ਾਹ ਦੇ ਚਰਨਾਂ ਪੁਰ ਆ ਕੇ ਨਮਸਕਾਰ ਕਰਦਾ ਸੀ।

ਇਸ ਤਰ੍ਹਾਂ ਸਿੱਖ ਸੰਤ ਤੇ ਸਿਪਾਹੀ ਦਾ ਸੁਮੇਲ ਪੰਜਵੇਂ ਨਾਨਕ ਗੁਰੂ ਅਰਜੁਨ ਦੇਵ ਜੀ ਨੇ ਅਰੰਭਿਆ ਜੋ ਕਿ ਮੌਕੇ ਦੀ ਹਕੂਮਤ ਨੂੰ ਜਦ ਪਤਾ ਚੱਲਿਆ ਓਸ ਵੇਲੇ ਤਕ ਹਜ਼ੂਰ ਨੇ ਸਿੱਖਾਂ ਨੂੰ ਐਸ ਕਾਬਿਲ ਕਰ ਦਿੱਤਾ ਸੀ ਕਿ ਛਠਮ ਪੀਰ ਜਦ ਗੁਰਗੱਦੀ ਨਸ਼ੀਨ ਹੋਏ ਤਾਂ ਆਉਂਦੇ ਹੀ ਉਹਨਾਂ ਨੇ ਇਹਨਾਂ ਨੂੰ ਇਕੱਤਰ ਕਰ ਕੇ ਇੱਕ ਪੂਰਨ ਤਿਆਰ ਬਰ ਤਿਆਰ ਫ਼ੌਜ ਖੜ੍ਹੀ ਕਰ ਦਿੱਤੀ। ਜਿਸ ਫ਼ੌਜ ਨੇ ਛਠਮ ਪੀਰ ਦੀ ਅਗਵਾਈ ਵਿੱਚ ਚਾਰ ਜੰਗਾਂ ਲੜ ਕੇ ਜਿੱਤ ਪ੍ਰਾਪਤ ਕੀਤੀ।

ਹੁਣ ਜਿਹੜੇ ਇਤਿਹਾਸਕਾਰ ਪੰਚਮ ਪਾਤਸ਼ਾਹ ਦੀ ਸ਼ਹਾਦਤ ਨੂੰ ਸਿਰਫ਼ ਚੰਦੂ ਦੇ ਰਿਸ਼ਤੇ ਵਾਲ਼ੀ ਕਹਾਣੀ ਨਾਲ਼ ਜੋੜ ਕੇ ਸੀਮਤ ਕਰ ਦਿੰਦੇ ਹਨ, ਉਹਨਾਂ ਤੋਂ ਜ਼ਿਆਦਾ ਮੂਰਖ ਕੋਈ ਨਹੀਂ। ਹਕੂਮਤ ਇਹ ਜਾਣ ਗਈ ਸੀ ਕਿ ਪੰਚਮ ਪਾਤਸ਼ਾਹ ਨੇ ਉਹਨਾਂ ਦੇ ਸਾਹਮਣੇ ਸਿੱਖਾਂ ਨੂੰ ਸੰਤ ਤੋਂ ਸਿਪਾਹੀ ਸਾਜ ਲਿਆ ਤੇ ਉਹ ਕੁਝ ਵੀ ਨਹੀਂ ਕਰ ਸਕੇ? ਪਰ ਇੱਥੇ ਇੱਕ ਗੱਲ ਇਹ ਵੀ ਦੱਸਣਯੋਗ ਹੈ ਕਿ ਉਸ ਹਕੂਮਤ ਕੋਲ ਇੰਨੀ ਤਾਕਤ ਨਹੀਂ ਸੀ ਕਿ ਉਹ ਪੰਚਮ ਪਾਤਸ਼ਾਹ ਨੂੰ ਸ਼ਹੀਦ ਕਰ ਸਕੇ।

ਇੱਥੇ ਵੀ 'ਤੇਰਾ ਭਾਣਾ ਮੀਠਾ' ਦਾ ਭਾਵ ਸੀ ਕਿ ਪਾਤਸ਼ਾਹ ਨੇ ਜਿਹਨਾਂ ਨੂੰ ਸਿਪਾਹੀ ਬਣਾਇਆ ਸੀ, ਉਹਨਾਂ ਅੰਦਰਲੀ ਜੋਸ਼ ਦੀ ਅੱਗ ਨੂੰ ਬਾਲਣ ਹਿਤ 1663 ਬਿ. 30 ਮਈ 1606 ਈ. ਨੂੰ ਲਾਹੌਰ ਵਿਖੇ ਸ਼ਹਾਦਤ ਦੇ ਕੇ ਉਹਨਾਂ ਨੂੰ ਆਖ਼ਰੀ ਵਿਧੀ ਨਾਮ ਸਿਮਰਨ ਦੀ ਸਮਝਾਉਣੀ ਸੀ ਤੇ ਹਰੇਕ ਹਾਲਤ ਵਿੱਚ ਭਾਣੇ ਅੰਦਰ ਰਹਿਣ ਦਾ ਸੰਕਲਪ ਦ੍ਰਿੜ੍ਹ ਕਰਵਾਉਣਾ ਸੀ ਤੇ ਦੂਸਰਾ ਸੰਤ ਵਿੱਚੋਂ ਸਿਪਾਹੀ ਕੱਢਣ ਲਈ ਉਹਨਾਂ ਅੰਦਰ ਜਵਾਲਾ ਦਾ ਪ੍ਰਕਾਸ਼ ਕਰਨਾ ਸੀ ਜੋ ਕਿ ਤੱਤੀ ਤਵੀ ਹੇਠਲੀ ਅੱਗ ਬਲ਼ਣ ਨਾਲ਼ ਹੋਇਆ।

ਛੇਵੇਂ ਪਾਤਸ਼ਾਹ ਦਾ ਜਹਾਂਗੀਰ ਨੂੰ ਨਿਆਏਪਸੰਦ ਆਖਣਾ ਇਸ ਗੱਲ ਦੀ ਗਵਾਹੀ ਹੈ ਕਿ ਪੰਚਮ ਪਾਤਸ਼ਾਹ ਨੇ ਆਪਣੀ ਸ਼ਹਾਦਤ ਸਿੱਖਾਂ ਨੂੰ ਭਾਣਾ ਮੰਨਣ ਦਾ ਉਪਦੇਸ਼ ਸਮਝਣ ਲਈ ਦਿੱਤੀ ਸੀ। ਤੇ ਦੂਸਰਾ ਇਹ ਕਿ ਸ਼ਹਾਦਤ ਸ਼ਬਦ ਜੋ ਕਿ ਸਿਰਫ਼ ਡਿਕਸ਼ਨਰੀ ਦਾ ਸ਼ਿੰਗਾਰ ਸੀ, ਓਸ ਸ਼ਬਦ ਨੂੰ ਕਮਾ ਕੇ ਅਮਲੀ ਰੂਪ ਵੀ ਪੰਚਮ ਪਿਤਾ ਜੀ ਨੇ ਦਿੱਤਾ ਜਿਸ ਤੋਂ ਬਾਅਦ ਵਿੱਚ 'ਸ਼ਹੀਦੀ' ਸ਼ਬਦ ਹੋਂਦ ਵਿੱਚ ਆਇਆ ਇਸ ਵਿੱਚ ਕੋਈ ਅਤਿਕਥਿਨੀ ਨਹੀਂ ਹੋਵੇਗੀ ਕਿ ਗੁਰੂ ਅਰਜਨ ਦੇਵ ਜੀ ਨੇ ਹੀ 'ਸ਼ਹਾਦਤ' ਸ਼ਬਦ ਨੂੰ ਜਨਮਿਆ ਹੈ। ਇਸ ਤੋਂ ਪਹਿਲ ਕੋਈ ਵੀ ਸ਼ਹਾਦਤ ਦੇਣ ਵਾਲ਼ਾ ਦੁਨੀਆ ਪਰ ਨਹੀਂ ਹੋਇਆ।

* * * *



- ਰਣਜੀਤ ਸਿੰਘ ਦਮਦਮੀ ਟਕਸਾਲ
(ਪ੍ਰਧਾਨ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲ਼ਾ)

# ਜਨਮ ਤੋਂ ਸ਼ਹਾਦਤ ਤਕ
# ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲ਼ੇ

ਦਮਦਮੀ ਟਕਸਾਲ ਦੇ ਚੌਦ੍ਹਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ੇ ਜੋ ਖ਼ਾਲਸਾ ਪੰਥ ਦੀ ਇੱਕ ਅਜਿਹੀ ਮਹਾਨ ਹਸਤੀ ਹਨ ਜਿਨ੍ਹਾਂ ਦਾ ਜੀਵਨ ਲਿਖਣਾ ਕੋਈ ਸੌਖੀ ਗੱਲ ਨਹੀਂ ਹੈ। ਉਹਨਾਂ ਨੂੰ 'ਵੀਹਵੀਂ ਸਦੀ ਦਾ ਮਹਾਨ ਸਿੱਖ' ਹੋਣ ਦਾ ਮਾਣ ਪ੍ਰਾਪਤ ਹੈ, ਉਹ ਸੰਤ-ਸਿਪਾਹੀ ਅਤੇ ਜਰਨੈਲਾਂ ਦੇ ਜਰਨੈਲ ਹੋ ਨਿੱਬੜੇ। ਉਹ ਕਹਿਣੀ-ਕਰਨੀ ਦੇ ਪੂਰੇ ਅਤੇ ਦਸਮੇਸ਼ ਪਿਤਾ ਦੇ ਸੂਰੇ ਸਨ। ਉਹਨਾਂ ਨੂੰ ਮਰਦ-ਏ-ਮੁਜ਼ਾਹਿਦ ਤੇ ਬਾਬਾ-ਏ-ਕੌਮ ਜਿਹੇ ਲਕਬਾਂ ਨਾਲ਼ ਕੌਮ ਨੇ ਨਿਵਾਜ਼ਿਆ। ਉਹ ਕੌਮ ਦੇ ਮਹਾਨ ਸ਼ਹੀਦ ਹਨ, ਉਹਨਾਂ ਨੇ ਦਮਦਮੀ ਟਕਸਾਲ ਦੇ ਪਹਿਲੇ ਮੁਖੀ ਸ਼ਹੀਦ ਬਾਬਾ ਦੀਪ ਸਿੰਘ ਜੀ ਅਤੇ ਦੂਜੇ ਮੁਖੀ ਬਾਬਾ ਗੁਰਬਖ਼ਸ਼ ਸਿੰਘ ਜੀ ਵਾਂਗ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਜ਼ਮਤ ਦੀ ਰਾਖੀ ਕਰਦਿਆਂ ਆਪਣਾ ਸੀਸ ਵਾਰਿਆ।

ਉਹਨਾਂ ਨੇ ਬਿਖ਼ੜੇ ਹਲਾਤਾਂ 'ਚ ਖ਼ਾਲਸਾ ਪੰਥ ਦੀ ਸ਼ਾਨਦਾਰ ਅਗਵਾਈ ਕੀਤੀ, ਉਹਨਾਂ ਸਿੱਖ ਕੌਮ ਨੂੰ ਗੂੜ੍ਹੀ ਨੀਂਦ 'ਚੋਂ ਜਗਾਇਆ, ਨੌਜਵਾਨਾਂ ਨੂੰ ਹਲੂਣ ਕੇ ਬਾਣੀ-ਬਾਣੇ ਨਾਲ਼ ਜੋੜਿਆ, ਅਨੇਕਾਂ ਸੰਗਤਾਂ ਨੂੰ ਖੰਡੇ-ਬਾਟੇ ਦਾ ਅੰਮ੍ਰਿਤ ਛਕਾਇਆ, ਸਿੱਖਾਂ ਦੇ ਹੱਕਾਂ ਤੇ ਅਜ਼ਾਦੀ ਲਈ ਝੰਡਾ ਚੁੱਕਿਆ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਬਹਾਲ ਕਰਾਇਆ, ਜ਼ੁਲਮ ਵਿਰੁੱਧ ਖੰਡਾ ਖੜਕਾਇਆ ਤੇ ਜ਼ਾਲਮਾਂ ਨੂੰ ਲਲਕਾਰ ਕੇ ਸੋਧਿਆ। ਉਹਨਾਂ ਗ਼ਰੀਬਾਂ, ਮਜ਼ਲੂਮਾਂ, ਨਿਤਾਣਿਆਂ ਤੇ ਲਤਾੜਿਆਂ ਦੀ ਬਾਂਹ ਫੜੀ ਅਤੇ ਸਰਬੱਤ ਦੇ ਭਲੇ ਦੀ ਗੱਲ ਕੀਤੀ ਤੇ ਮਨੁੱਖਤਾ ਨਾਲ਼ ਪਿਆਰ ਕੀਤਾ। ਉਹਨਾਂ ਸਿੱਖ ਨੂੰ ਸੱਚਾ ਸਿੱਖ, ਹਿੰਦੂ ਨੂੰ ਸੱਚਾ ਹਿੰਦੂ ਤੇ ਮੁਸਲਮਾਨ ਨੂੰ ਸੱਚਾ ਮੁਸਲਮਾਨ ਬਣਨ ਲਈ ਕਿਹਾ। ਉਹ ਸਭ ਧਰਮਾਂ ਦਾ ਸਤਿਕਾਰ ਕਰਦੇ ਸਨ ਤੇ ਆਪਣੇ ਧਰਮ ਨੂੰ ਜਾਨੋਂ ਵੱਧ ਪਿਆਰ ਕਰਦੇ ਸਨ।

ਉਹ ਖ਼ਾਲਸਾ ਪੰਥ ਦੇ ਬੋਲ-ਬਾਲੇ, ਪੰਥ ਦੀ ਚੜ੍ਹਦੀ ਕਲਾ, ਧਰਮ ਦੀ ਰੱਖਿਆ, ਗੁਰਧਾਮਾਂ ਦੀ ਪਵਿੱਤਰਤਾ ਅਤੇ ਹੱਕ-ਅਜ਼ਾਦੀ ਚਾਹੁੰਦੇ ਸਨ। ਉਹ ਉੱਚ ਕੋਟੀ ਦੇ ਪ੍ਰਚਾਰਕ, ਸੱਚ ਦੇ ਪਹਿਰੇਦਾਰ, ਨਿਰਭੈ ਯੋਧੇ ਅਤੇ ਕੁਰਬਾਨੀ ਦੀ ਮੂਰਤ ਸਨ। ਉਹ ਬਾਬਾ ਬੰਦਾ ਸਿੰਘ ਬਹਾਦਰ, ਬਾਬਾ ਦੀਪ ਸਿੰਘ ਤੇ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਹੀ ਰੂਪ ਸਨ। ਉਹ ਸਿੱਖ ਕੌਮ ਲਈ ਕਿਸੇ ਅਵਤਾਰ, ਮਸੀਹੇ ਤੇ ਪੈਗੰਬਰ ਨਾਲ਼ੋਂ ਘੱਟ ਨਹੀਂ ਸਨ। ਉਹਨਾਂ ਦੇ ਬੋਲਾਂ ਤੋਂ ਪ੍ਰਭਾਵਿਤ ਹੋ ਕੇ ਨੌਜਵਾਨ ਸਿੱਖੀ ਸਰੂਪ ਨਾਲ਼ ਜੁੜਦੇ ਸਨ, ਧਰਮ ਲਈ ਜਾਨਾਂ ਵਾਰ ਦਿੰਦੇ ਸਨ।

ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦੀਆਂ ਤਕਰੀਰਾਂ ਅਤੇ ਤਸਵੀਰਾਂ ਅੱਜ ਵੀ ਸਿੱਖੀ ਦਾ ਪ੍ਰਚਾਰ ਅਤੇ ਨੌਜਵਾਨਾਂ 'ਚ ਕੌਮੀ ਜਜ਼ਬਾ ਬੁਲੰਦ ਕਰਦੀਆਂ ਹਨ। ਸੰਤ ਜੀ ਦੀ ਤਸਵੀਰ ਵੇਖ ਕੇ ਰੂਹ ਖਿੜ ਜਾਂਦੀ ਹੈ ਤੇ ਕੌਮ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ



ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ੇ

ਦਾ ਅਹਿਸਾਸ ਹੋ ਜਾਂਦਾ ਹੈ। ਸੰਤਾਂ ਦੀ ਤਸਵੀਰ ਵੇਖ ਕੇ ਸਿੱਖ ਕੌਮ ਦੇ ਦੁਸ਼ਮਣਾਂ ਦੀਆਂ ਚੀਕਾਂ ਨਿਕਲ ਜਾਂਦੀਆਂ ਹਨ। ਕਦੇ ਹਰਿਆਣੇ ਤੇ ਕਦੇ ਹਿਮਾਚਲ ਦਾ ਮੁੱਖ ਮੰਤਰੀ ਘਾਬਰ ਜਾਂਦਾ ਹੈ। ਸੰਤ ਜੀ ਅੱਜ ਵੀ ਸਿੱਖ ਕੌਮ ਦੇ ਦਿਲਾਂ 'ਚ ਚੌਂਕੜਾ ਮਾਰ ਕੇ ਬੈਠੇ ਹਨ, ਉਹ ਸਾਨੂੰ ਕੌਮੀ ਨਿਸ਼ਾਨੇ ਦੀ ਪੂਰਤੀ ਲਈ ਵਾਰ-ਵਾਰ ਪ੍ਰੇਰਦੇ ਹਨ। ਸੰਤਾਂ ਤੋਂ ਵਾਰੇ-ਵਾਰੇ ਜਾਣ ਨੂੰ ਦਿਲ ਕਰਦਾ ਹੈ।

**"ਹਜ਼ਾਰੋਂ ਸਾਲ ਨਰਗਿਸ ਅਪਨੀ ਬੇਨੂਰੀ ਪੇ ਰੋਤੀ ਹੈ। ਬੜੀ ਮੁਸ਼ਕਿਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ।"**

ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਦਾ ਜਨਮ 2 ਜੂਨ 1947 ਨੂੰ ਮਾਤਾ ਬੀਬੀ ਨਿਹਾਲ ਕੌਰ ਜੀ ਦੀ ਕੁੱਖੋਂ, ਪਿਤਾ ਜਥੇਦਾਰ ਬਾਬਾ ਜੋਗਿੰਦਰ ਸਿੰਘ ਜੀ ਦੇ ਗ੍ਰਹਿ ਵਿਖੇ ਜ਼ਿਲ੍ਹਾ ਫ਼ਰੀਦਕੋਟ (ਹੁਣ ਮੋਗਾ) ਦੇ ਪਿੰਡ ਰੋਡੇ 'ਚ ਪੱਤੀ ਰੂਪਾ ਵਾਲ਼ੇ ਜੱਦੀ ਮਕਾਨ 'ਚ ਹੋਇਆ। ਆਪ ਸੱਤ ਭਰਾ ਸ਼ਹੀਦ ਭਾਈ ਜਗੀਰ ਸਿੰਘ, ਭਾਈ ਜਗਜੀਤ ਸਿੰਘ, ਕੈਪਟਨ ਹਰਚਰਨ ਸਿੰਘ, ਭਾਈ ਜੁਗਰਾਜ ਸਿੰਘ, ਭਾਈ ਹਰਜੀਤ ਸਿੰਘ, ਭਾਈ ਵੀਰ ਸਿੰਘ, ਸ਼ਹੀਦ ਸੰਤ ਜਰਨੈਲ ਸਿੰਘ ਅਤੇ ਇੱਕ ਭੈਣ ਇੰਦਰਜੀਤ ਕੌਰ ਸੀ। ਭੈਣ-ਭਰਾਵਾਂ 'ਚੋਂ ਆਪ ਸਭ ਤੋਂ ਛੋਟੇ ਸਨ।

ਬਾਬਾ ਜੋਗਿੰਦਰ ਸਿੰਘ ਨੇ ਸਰਬਲੋਹ ਦੇ ਬਾਟੇ ਵਿੱਚ ਜਲ ਅਤੇ ਪਤਾਸੇ ਪਾ ਕੇ ਕਿਰਪਾਨ ਦੀ ਨੋਕ ਨਾਲ਼ ਹਿਲਾਉਂਦਿਆਂ ਜਪੁ ਜੀ ਸਾਹਿਬ ਪਾਠ ਕੀਤਾ ਤੇ ਅਰਦਾਸ ਕਰਕੇ ਬੱਚੇ ਨੂੰ ਅੰਮ੍ਰਿਤ ਦੀ ਗੁੜ੍ਹਤੀ ਦਿੱਤੀ। ਉਸ ਸਮੇਂ ਹੁਕਮਾਨਾਮਾ ਆਇਆ, "ਜਿਸ ਕਾ ਤਨੁ ਮਨੁ ਧਨੁ ਸਭੁ ਤਿਸ ਕਾ ਸੋਈ ਸੁਘੜੁ ਸੁਜਾਨੀ।।" ਫਿਰ ਜੱਜੇ ਅੱਖਰ ਤੋਂ ਆਪ ਦਾ ਨਾਂ ਜਰਨੈਲ ਸਿੰਘ ਰੱਖਿਆ ਗਿਆ।

ਆਪ ਦੇ ਪਿਤਾ ਜੀ ਬਾਣੀ-ਬਾਣੇ ਦੇ ਧਾਰਨੀ ਅਤੇ ਚੜ੍ਹਦੀ ਕਲਾ ਵਾਲ਼ੇ ਗੁਰਸਿੱਖ ਸਨ। ਉਹ ਖੇਤੀਬਾੜੀ ਕਰਦੇ ਸਨ, ਇੱਟਾਂ ਦਾ ਭੱਠਾ ਵੀ ਲਗਾਇਆ ਸੀ ਅਤੇ ਕਾਫ਼ੀ ਸਮਾਂ ਪਿੰਡ ਦੇ ਸਰਪੰਚ ਵੀ ਰਹੇ ਸਨ। ਉਹਨਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਲਾਏ ਕਈ ਮੋਰਚਿਆਂ ਅਤੇ ਸੰਘਰਸ਼ਾਂ 'ਚ ਭਾਗ ਲਿਆ, ਤਸ਼ੱਦਦ ਝੱਲੇ ਅਤੇ ਜੇਲ੍ਹਾਂ ਕੱਟੀਆਂ ਅਤੇ ਮਹੰਤਾਂ ਤੋਂ ਗੁਰਦੁਆਰਾ ਦੀਨਾ ਸਾਹਿਬ ਵੀ ਅਜ਼ਾਦ ਕਰਵਾਇਆ। ਉਹ ਸੰਤ ਗਿਆਨੀ ਸੁੰਦਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ੇ, ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ੇ ਅਤੇ ਸੰਤ ਕ੍ਰਿਪਾਲ ਸਿੰਘ ਜੀ ਰੋਡੇ ਦੇ ਨਿਕਟਵਰਤੀ ਸਿੰਘਾਂ 'ਚੋਂ ਸਨ ਤੇ ਘੱਲੂਘਾਰੇ ਤੋਂ ਬਾਅਦ ਉਹਨਾਂ ਨੇ ਸੰਯੁਕਤ ਅਕਾਲੀ ਦਲ ਦੀ ਪ੍ਰਧਾਨਗੀ ਅਤੇ ਸਿੱਖ ਕੌਮ ਦੀ ਅਗਵਾਈ ਵੀ ਕੀਤੀ।

ਸੰਤ ਜਰਨੈਲ ਸਿੰਘ ਜੀ ਨੇ ਪੰਜਵੀਂ ਪਾਸ ਕਰਕੇ ਛੇਵੀਂ 'ਚ ਪੜ੍ਹਾਈ ਛੱਡ ਦਿੱਤੀ ਤੇ ਖੇਤੀਬਾੜੀ ਦੇ ਕੰਮਾਂ 'ਚ ਰੁੱਝ ਗਏ। ਆਪ ਹੱਲ ਜੋੜਨਾ ਤੇ ਵਾਹੁਣਾ ਜਾਣਦੇ ਸਨ, ਕਿੱਲਾ ਕਣਕ ਇਕੱਲੇ ਹੀ ਵੱਢ ਲੈਂਦੇ ਸਨ, ਖੇਤੀਬਾੜੀ ਦੇ ਹਰੇਕ ਕੰਮ 'ਚ ਆਪ ਨਿਪੁੰਨ ਸਨ, ਆਪ ਦਾ ਸਰੀਰ ਬਹੁਤ ਸਖ਼ਤ ਸੀ।

ਆਪ ਨੇ ਪੌਣੇ ਪੰਜ ਸਾਲ ਦੀ ਉਮਰ 'ਚ ਖੰਡੇ-ਬਾਟੇ ਦੇ ਅੰਮ੍ਰਿਤ ਦਾ ਚੂਲਾ ਛਕ ਲਿਆ ਤੇ ਜਦ 22 ਫਰਵਰੀ 1960 ਨੂੰ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਆਪ ਦੇ ਪਿੰਡ ਰੋਡੇ ਪ੍ਰਚਾਰ ਲਈ ਆਏ ਤਾਂ ਆਪ ਨੇ ਪੰਜ ਪਿਆਰਿਆਂ ਪਾਸੋਂ ਅੰਮ੍ਰਿਤਪਾਨ ਕੀਤਾ। ਆਪ ਜੀ ਨਿਤਨੇਮ ਅਤੇ ਪੰਜ ਕਕਾਰਾਂ ਦੀ ਰਹਿਤ ਵਿੱਚ ਪੂਰੇ

ਪ੍ਰਪੱਕ ਰਹਿੰਦੇ। ਆਪ ਨੇ ਛੋਟੀ ਉਮਰੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਪ੍ਰਾਪਤ ਕਰ ਲਈ ਸੀ। ਆਪ ਜੀ ਕਿਸੇ ਨਾਲ਼ ਘੱਟ ਹੀ ਬੋਲਦੇ ਤੇ ਹਰ ਸਮੇਂ ਗੁਰਬਾਣੀ ਪੜ੍ਹਿਆ ਕਰਦੇ ਸਨ। ਖੇਤੀ ਕਰਦਿਆਂ ਆਪ ਜਪੁ ਜੀ ਸਾਹਿਬ ਦੇ ਪਾਠ ਕਰਦੇ, ਆਪ ਨੇ ਦਖਣੀ ਓਅੰਕਾਰ ਬਾਣੀ ਇੱਕ ਦਿਨ ਵਿੱਚ, ਸੁਖਮਨੀ ਸਾਹਿਬ 13 ਦਿਨਾਂ ਵਿੱਚ, ਸਿਧ ਗੋਸਟਿ ਇੱਕ ਦਿਨ ਵਿੱਚ ਅਤੇ ਆਸਾ ਕੀ ਵਾਰ 8 ਘੰਟਿਆਂ ਵਿੱਚ ਕੰਠ ਕਰ ਲਈ ਸੀ।

ਇੱਕ ਵਾਰ ਜਦੋਂ ਦਮਦਮੀ ਟਕਸਾਲ ਦੇ ਬਾਰ੍ਹਵੇਂ ਮੁਖੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਰੋਡੇ ਪਿੰਡ 'ਚ ਦੀਵਾਨ ਸਜਾਏ ਤਾਂ ਉਸ ਸਮੇਂ ਉਹਨਾਂ ਬਾਬਾ ਜੋਗਿੰਦਰ ਸਿੰਘ ਨੂੰ ਪੁੱਛਿਆ ਕਿ "ਤੁਹਾਡੇ ਕਿੰਨੇ ਪੁੱਤਰ ਹਨ ?" ਉਹਨਾਂ ਕਿਹਾ ਕਿ "ਸੱਤ ਪੁੱਤਰ ਹਨ।" ਤਾਂ ਮਹਾਂਪੁਰਸ਼ਾਂ ਨੇ ਕਿਹਾ "ਫਿਰ ਪੰਥ ਦੀ ਸੇਵਾ ਲਈ ਇੱਕ ਸਾਨੂੰ ਦੇ ਦਿਓ।" ਬਾਬਾ ਜੋਗਿੰਦਰ ਸਿੰਘ ਨੇ ਕਿਹਾ "ਮਹਾਂਪੁਰਸ਼ੋ! ਸਾਰੇ ਤੁਹਾਡੇ ਹੀ ਹਨ, ਜਿਹੜਾ ਮਰਜ਼ੀ ਲੈ ਜਾਓ।" ਤਾਂ ਸੰਤ ਗੁਰਬਚਨ ਸਿੰਘ ਜੀ ਨੇ ਸਾਰੇ ਪੁੱਤਰਾਂ ਵੱਲ ਨਿਗ੍ਹਾ ਮਾਰੀ ਤੇ ਕੌਮੀ ਸੇਵਾ ਲਈ ਅਕਾਲ ਪੁਰਖ ਵੱਲੋਂ ਧੁਰੋਂ ਭੇਜੇ (ਸੰਤ) ਜਰਨੈਲ ਸਿੰਘ ਦੀ ਪਛਾਣ ਕੀਤੀ ਤੇ ਉਸ ਨੂੰ ਆਪਣੇ ਵੱਲ ਸੱਦ ਕੇ ਸਿਰ 'ਤੇ ਹੱਥ ਰੱਖਿਆ ਤੇ ਕਿਹਾ "ਭੁਝੰਗੀਆ! ਆਪਣੀ ਤਿਆਰੀ ਕਰ ਲੈ, ਤੈਨੂੰ ਪੰਥ ਉਡੀਕ ਰਿਹੈ।"

ਫਿਰ ਸੰਤ ਗਿਆਨੀ ਗੁਰਬਚਨ ਸਿੰਘ ਜੀ ਆਪਣੇ ਨਾਲ਼ ਹੀ ਭੁਝੰਗੀ ਜਰਨੈਲ ਸਿੰਘ ਨੂੰ ਦਮਦਮੀ ਟਕਸਾਲ, ਭਿੰਡਰ ਕਲਾਂ (ਮੋਗਾ) ਵਿਖੇ ਸੰਨ 1965 ਵਿੱਚ ਲੈ ਗਏ। ਸੰਤਾਂ ਦੇ ਨਾਲ਼ ਆਪ ਚੰਡੀਗੜ੍ਹ ਦੇ ਨੇੜੇ ਗੁ. ਨਾਢਾ ਸਾਹਿਬ ਵੀ ਰਹੇ। ਟਕਸਾਲ ਵਿੱਚ ਸੰਤਾਂ ਦੀ ਸੰਗਤ ਵਿੱਚ ਰਹਿ ਕੇ ਆਪ ਦਾ ਜੀਵਨ ਹੋਰ ਵੀ ਉੱਚਾ-ਸੁੱਚਾ ਹੋ ਗਿਆ। ਆਪ ਨਾਮ-ਸਿਮਰਨ ਦੀ ਵਧੇਰੇ ਕਮਾਈ ਕਰਨ ਲੱਗੇ। ਆਪ ਨੇ ਥੋੜ੍ਹੇ ਸਮੇਂ 'ਚ ਹੀ ਸੰਤ ਗੁਰਬਚਨ ਸਿੰਘ ਜੀ ਦੀ ਪ੍ਰੇਰਨਾ ਸਦਕਾ ਗੁਰੂ-ਘਰ ਦੀਆਂ ਅਥਾਹ ਖ਼ੁਸ਼ੀਆਂ ਤੇ ਬਖ਼ਸ਼ਿਸ਼ਾਂ ਪ੍ਰਾਪਤ ਕੀਤੀਆਂ।

ਫਿਰ ਇੱਕ ਸਾਲ ਬਾਅਦ ਸੰਤ ਗੁਰਬਚਨ ਸਿੰਘ ਜੀ ਜੀ ਨੇ ਗ੍ਰਹਿਸਤ ਜੀਵਨ ਅਪਨਾਉਣ ਲਈ ਸੰਤ ਜਰਨੈਲ ਸਿੰਘ ਜੀ ਨੂੰ ਘਰ ਭੇਜ ਦਿੱਤਾ। ਸੰਤ ਜਰਨੈਲ ਸਿੰਘ ਜੀ ਦਾ ਅਨੰਦ ਕਾਰਜ ਬੀਬੀ ਪ੍ਰੀਤਮ ਕੌਰ (ਸਪੁੱਤਰੀ ਸ. ਸੁੱਚਾ ਸਿੰਘ, ਵਾਸੀ ਬਿਲਾਸਪੁਰ) ਨਾਲ਼ ਸੰਨ 1966 ਵਿੱਚ 25 ਹਾੜ ਨੂੰ ਹੋਇਆ ਤੇ ਘਰ ਵਿੱਚ ਦੋ ਸਪੁੱਤਰਾਂ ਭਾਈ ਈਸ਼ਰ ਸਿੰਘ ਨੇ 1971 'ਚ ਅਤੇ ਭਾਈ ਇੰਦਰਜੀਤ ਸਿੰਘ ਨੇ 1975 'ਚ ਜਨਮ ਲਿਆ।

ਸੰਤ ਗਿਆਨੀ ਗੁਰਬਚਨ ਸਿੰਘ ਜੀ ਦੇ ਸੱਚਖੰਡ ਗ਼ਮਨ ਤੋਂ ਬਾਅਦ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਦਮਦਮੀ ਟਕਸਾਲ ਦੇ ਤੇਰ੍ਹਵੇਂ ਮੁਖੀ ਬਣੇ। ਸੰਤ ਕਰਤਾਰ ਸਿੰਘ ਜੀ ਨੇ ਸਿੱਖ ਕੌਮ ਦੇ ਹੀਰੇ ਸੰਤ ਜਰਨੈਲ ਸਿੰਘ ਜੀ ਨੂੰ 'ਕੋਹਿਨੂਰ ਹੀਰਾ' ਬਣਾਉਣ ਲਈ ਯਤਨ ਅਰੰਭ ਦਿੱਤੇ ਤੇ ਉਹਨਾਂ ਨੂੰ ਵਿਸ਼ੇਸ਼ ਸਿੱਖਿਆਵਾਂ ਦਿੱਤੀਆਂ। ਟਕਸਾਲ 'ਚ ਰਹਿੰਦਿਆਂ ਸੰਤ ਜਰਨੈਲ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ੍ਰੀ ਦਸਮ ਗ੍ਰੰਥ ਸਾਹਿਬ ਜੀ, ਸ੍ਰੀ ਸਰਬ ਲੋਹ ਗ੍ਰੰਥ, ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਅਤੇ ਹੋਰ ਅਨੇਕਾਂ ਗ੍ਰੰਥ ਪੜ੍ਹੇ, ਕਥਾ ਸਿੱਖੀ ਤੇ ਸ਼ਸਤਰ ਵਿੱਦਿਆ ਦੀ ਸਿਖਲਾਈ ਵੀ ਹਾਸਲ ਕੀਤੀ। ਸੰਤ ਜੀ ਨਾਮ-ਬਾਣੀ ਦੀ ਬੰਦਗੀ ਤੇ ਸੇਵਾ 'ਚ ਵਧੇਰੇ ਲੀਨ ਰਹਿੰਦੇ।

ਇੱਕ ਵਾਰ ਸੰਤ ਕਰਤਾਰ ਸਿੰਘ ਜੀ ਦਾ ਗੜਵਈ ਭਾਈ ਗੁਰਮੁਖ ਸਿੰਘ ਜੋ ਨਵਾਂ ਰਿਵਾਲਵਰ ਲੈ ਕੇ ਆਇਆ ਤੇ ਸੰਤ ਕਰਤਾਰ ਸਿੰਘ ਜੀ ਨੂੰ ਕਹਿਣ ਲੱਗਾ ਕਿ "ਇਸ ਨਵੇਂ ਸ਼ਸਤਰ ਦਾ ਉਦਘਾਟਨ ਤੇ ਪਰਖ



ਕਰੋ।" ਸੰਤ ਕਰਤਾਰ ਸਿੰਘ ਨੇ ਭਾਈ ਜਰਨੈਲ ਸਿੰਘ ਨੂੰ ਬੁਲਾਇਆ ਤੇ ਚਲਾਉਣ ਲਈ ਕਿਹਾ। ਭਾਈ ਜਰਨੈਲ ਸਿੰਘ ਨੇ ਕਿਹਾ ਕਿ "ਸੰਤ ਜੀ! ਮੈਨੂੰ ਚਲਾਉਣਾ ਨਹੀਂ ਆਉਂਦਾ, ਤੁਸੀਂ ਹੀ ਚਲਾਓ।" ਤਾਂ ਸੰਤ ਕਰਤਾਰ ਸਿੰਘ ਨੇ ਕਿਹਾ ਕਿ "ਜਰਨੈਲ ਸਿਆਂ! ਇਹ ਤੈਨੂੰ ਚਲਾਉਣਾ ਹੀ ਪੈਣਾ ਏਂ, ਟਕਸਾਲ ਦੀ ਸਰਕਾਰ ਨਾਲ਼ ਟੱਕਰ ਲੱਗਣ ਵਾਲ਼ੀ ਏ, ਸਿੱਖੀ 'ਤੇ ਹਮਲਾ ਹੋਣ ਵਾਲ਼ਾ ਏ, ਤੈਨੂੰ ਇਤਿਹਾਸ ਦੁਹਰਾਉਣ ਪੈਣਾ ਏਂ।" ਫਿਰ ਉਸ ਦਿਨ ਸੰਤ ਜਰਨੈਲ ਸਿੰਘ ਨੇ ਪਹਿਲੀ ਵਾਰ ਗੋਲ਼ੀਆਂ ਚਲਾਈਆਂ ਤੇ ਸਿੰਘਾਂ ਨੇ 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾਏ ਤੇ ਦਿੱਲੀ ਦੀਆਂ ਫ਼ੌਜਾਂ ਨੂੰ ਸੁਨੇਹਾ ਦਿੱਤਾ ਕਿ ਖ਼ਾਲਸਈ ਫ਼ੌਜਾਂ ਤੁਹਾਨੂੰ ਛੇਤੀ ਹੀ ਲੋਹੇ ਦੇ ਚਣੇ ਚਬਾਉਣਗੀਆਂ।

ਉਸ ਸਮੇਂ ਸੰਤ ਕਰਤਾਰ ਸਿੰਘ ਜੀ ਨੇ ਸਿੱਖੀ ਦਾ ਭਾਰੀ ਪ੍ਰਚਾਰ-ਪ੍ਰਸਾਰ ਕੀਤਾ, ਸੰਗਤਾਂ ਨੂੰ ਇਹ ਨਾਹਰਾ ਲਾ ਕੇ ਹਲੂਣਿਆਂ 'ਸਿਰ ਜਾਵੇ ਤਾਂ ਜਾਵੇ ਸਾਡਾ ਸਿੱਖੀ ਸਿਦਕ ਨਾ ਜਾਵੇ।' ਸੰਤਾਂ ਨੇ ਜਿੱਥੇ ਖੰਡੇ-ਬਾਟੇ ਦੇ ਅੰਮ੍ਰਿਤ ਪ੍ਰਚਾਰ ਦੀ ਲਹਿਰ ਚਲਾਈ, ਓਥੇ ਦੇਹਧਾਰੀ ਗੁਰੂਡੰਮ੍ਹ ਨਕਲੀ ਨਿਰੰਕਾਰੀਆਂ ਨਾਲ਼ ਵੀ ਥਾਂ-ਥਾਂ 'ਤੇ ਡਟਵੀਂ ਟੱਕਰ ਲਈ, ਕੇਂਦਰ ਸਰਕਾਰ ਵੱਲੋਂ ਸੰਨ 1975 'ਚ ਲਾਈ ਐਮਰਜੰਸੀ ਦੌਰਾਨ ਵੀ 37 ਵੱਡੇ ਨਗਰ ਕੀਰਤਨ ਕੱਢੇ, ਧਰਮ ਦੀ ਚਾਦਰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 300 ਸਾਲਾ ਸ਼ਹੀਦੀ ਸ਼ਤਾਬਦੀ ਮਨਾਉਂਦਿਆਂ ਦਿੱਲੀ ਦੀ ਰਾਮ ਲੀਲਾ ਗਰਾਊਂਡ 'ਚ ਲੱਖਾਂ ਦੀ ਸੰਗਤ ਵਿੱਚ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਲਲਕਾਰਿਆ ਤੇ ਉਸ ਦੇ ਮੂੰਹ 'ਤੇ ਉਸ ਨੂੰ ਖ਼ਰੀਆਂ-ਖ਼ਰੀਆਂ ਸੁਣਾ ਕੇ ਸਿੱਖੀ ਦਾ ਝੰਡਾ ਉੱਚਾ ਚੁੱਕਿਆ, ਜਿਸ ਤੋਂ ਦੇਸ਼ ਦੇ ਹਿੰਦੂ ਹਾਕਮ ਬੁਖ਼ਲਾਅ ਗਏ। ਇਸ ਤੋਂ ਬਾਅਦ ਦਮਦਮੀ ਟਕਸਾਲ ਅਤੇ ਸੰਤ ਕਰਤਾਰ ਸਿੰਘ ਜੀ ਸਰਕਾਰ ਦੀਆਂ ਅੱਖਾਂ ਵਿੱਚ ਰੜਕਨ ਲਗ ਪਏ। ਸੰਤ ਕਰਤਾਰ ਸਿੰਘ ਜੀ ਨੂੰ ਪਤਾ ਲਗ ਗਿਆ ਕਿ ਹੁਣ ਸਿੱਖ ਕੌਮ 'ਤੇ ਬਿਪਤਾ ਦਾ ਸਮਾਂ ਆਉਣ ਵਾਲ਼ਾ ਹੈ ਤੇ ਕੌਮ ਨੂੰ ਇੱਕ 'ਜਰਨੈਲ' ਦੀ ਲੋੜ ਹੈ।

ਮਿਤੀ 3 ਅਗਸਤ 1977 ਨੂੰ ਸੰਤ ਕਰਤਾਰ ਸਿੰਘ ਜੀ ਕਾਰ ਹਾਦਸੇ ਵਿੱਚ ਜ਼ਖ਼ਮੀ ਹੋ ਗਏ, ਉਹਨਾਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ, ਪਰ ਕੇਸ ਕਤਲ ਹੋਣ ਦੀ ਸੂਰਤ ਵਿੱਚ ਉਹਨਾਂ ਅਪ੍ਰੇਸ਼ਨ ਕਰਵਾਉਣ ਤੋਂ ਨਾ ਕਰ ਦਿੱਤੀ ਤੇ 16 ਅਗਸਤ 1977 ਨੂੰ ਸੱਚਖੰਡ ਪਧਾਰ ਗਏ। ਜਿਸ ਤੋਂ ਬਾਅਦ ਸੰਤ ਬਾਬਾ ਠਾਕੁਰ ਸਿੰਘ ਜੀ ਅਤੇ ਟਕਸਾਲ ਦੇ ਸੀਨੀਅਰ ਸਿੰਘਾਂ ਵੱਲੋਂ ਰੋਡੇ ਪਿੰਡ ਦੇ ਭਾਈ ਜਰਨੈਲ ਸਿੰਘ ਅਭਿਆਸੀ ਨੂੰ ਅਗਲਾ ਮੁਖੀ ਚੁਣਿਆ ਗਿਆ। ਉਸ ਸਮੇਂ ਹੁਕਮਨਾਮਾ ਸਾਹਿਬ ਆਇਆ:- "ਗੁਰ ਸੇਵਾ ਤੇ ਨਾਮੇ ਲਾਗਾ॥ ਤਿਸ ਕਉ ਮਿਲਿਆ ਜਿਸੁ ਮਸਤਕਿ ਭਾਗਾ॥" ਫਿਰ ਸੰਤ ਕਰਤਾਰ ਸਿੰਘ ਜੀ ਦੇ ਦੁਸਹਿਰੇ ਵਾਲ਼ੇ ਦਿਨ 25 ਅਗਸਤ 1977 ਨੂੰ ਆਪ ਜੀ ਦੀ ਦਸਤਾਰਬੰਦੀ ਹੋਈ ਤੇ ਫਿਰ ਆਪ ਨੂੰ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ੇ, ਚੌਧਵੇਂ ਮੁਖੀ ਦਮਦਮੀ ਟਕਸਾਲ ਕਿਹਾ ਜਾਣ ਲੱਗਾ।

ਸੰਤ ਜਰਨੈਲ ਸਿੰਘ ਜੀ ਦੀ ਪਹਿਲੀ ਤਕਰੀਰ ਵਿੱਚੋਂ ਹੀ ਸੰਗਤਾਂ ਨੂੰ ਅਹਿਸਾਸ ਹੋ ਗਿਆ ਕਿ ਇਹ ਇਕੱਲਾ ਸੰਤ ਹੀ ਨਹੀਂ, ਸਗੋਂ ਸੰਤ-ਸਿਪਾਹੀ ਜਰਨੈਲ ਹੈ ਜਿਸ ਨੇ ਸਿੱਖ ਕੌਮ ਦੀ ਤਕਦੀਰ ਨੂੰ ਘੜਨਾ, ਸੰਵਾਰਨਾ ਤੇ ਸ਼ਿੰਗਾਰਨਾ ਹੈ। ਦਮਦਮੀ ਟਕਸਾਲ ਦੇ ਚੌਧਵੇਂ ਮੁਖੀ ਵਜੋਂ ਸੇਵਾ ਸੰਭਾਲਦਿਆਂ ਹੀ ਸੰਤਾਂ ਨੇ ਧੜੱਲੇ ਨਾਲ਼ ਸਿੱਖੀ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਸੰਤਾਂ ਦੇ ਬੋਲਾਂ ਵਿੱਚ ਐਨਾ ਦਮ ਸੀ ਕਿ ਸੁਣ ਕੇ ਸੰਗਤਾਂ ਨੂੰ ਰੂਹਾਨੀਅਤ ਦਾ ਰੰਗ ਅਤੇ ਜੋਸ਼ ਚੜ੍ਹ ਜਾਂਦਾ। ਸੰਤਾਂ ਨੇ ਅਗਸਤ 1977 ਤੋਂ ਅਪ੍ਰੈਲ 1978 ਤਕ ਅੱਠ ਮਹੀਨੇ ਦੇ ਸਮੇਂ 'ਚ ਪੰਜਾਬ ਦੇ ਵੱਖ-ਵੱਖ ਪਿੰਡਾਂ-ਸ਼ਹਿਰਾਂ ਤੋਂ ਇਲਾਵਾ ਬੰਬੇ, ਯੂ.ਪੀ., ਮੱਧ ਪ੍ਰਦੇਸ਼, ਕਲਕੱਤਾ ਅਤੇ ਹੋਰ ਸੂਬਿਆਂ 'ਚ ਵਿਚਰ ਕੇ ਦਿਨ-ਰਾਤ ਪ੍ਰਚਾਰ ਕੀਤਾ ਜਿਸ ਨਾਲ਼ ਪੰਜਾਬ ਅਤੇ ਭਾਰਤ 'ਚ ਸਿੱਖੀ ਦਿਨੋਂ-ਦਿਨ ਫੈਲਣ ਲੱਗੀ।


ਉਹਨੀਂ ਦਿਨੀਂ ਹੀ ਸਿੱਖ ਧਰਮ ਨੂੰ ਕਮਜ਼ੋਰ ਕਰਨ ਲਈ ਕੇਂਦਰ ਸਰਕਾਰ ਨੇ ਪੰਜਾਬ 'ਚ ਨਕਲੀ

ਨਿਰੰਕਾਰੀਆਂ ਨੂੰ ਸ਼ਹਿ ਦੇਣੀ ਸ਼ੁਰੂ ਕਰ ਦਿੱਤੀ ਤਾਂ ਜੋ ਸਿੱਖਾਂ ਨੂੰ ਸ਼ਬਦ ਗੁਰੂ ਨਾਲ਼ੋਂ ਤੋੜ ਕੇ ਦੇਹਧਾਰੀ-ਗੁਰੂਡੰਮ੍ਹ ਨਾਲ਼ ਜੋੜਿਆ ਜਾਵੇ। ਨਰਕਧਾਰੀਆਂ ਨੇ ਖ਼ਾਲਸੇ ਦੇ ਪ੍ਰਗਟ ਦਿਹਾੜੇ ਵਾਲੇ ਦਿਨ 13 ਅਪ੍ਰੈਲ 1978 ਨੂੰ ਗੁਰੂ ਨਗਰੀ ਸ੍ਰੀ ਅੰਮ੍ਰਿਤਸਰ 'ਚ ਬੀ-ਬਲਾਕ ਰੇਲਵੇ ਕਲੌਨੀ ਦੀ ਖੁੱਲ੍ਹੀ ਗਰਾਊਂਡ 'ਚ ਆਪਣਾ ਇੱਕ ਸੰਮੇਲਨ ਰੱਖ ਲਿਆ ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਸਿੱਖ ਗੁਰੂ ਸਾਹਿਬਾਨਾਂ ਖ਼ਿਲਾਫ਼ ਕੁਫ਼ਰ ਬੋਲਿਆ ਜਾਣ ਲੱਗਾ। ਇਸ ਤੋਂ ਇੱਕ ਦਿਨ ਪਹਿਲਾਂ ਨਰਕਧਾਰੀਆਂ ਨੇ ਸ਼ਹਿਰ ਵਿੱਚ ਜਲੂਸ ਕੱਢ ਕੇ ਸਿੱਖ ਧਰਮ ਦਾ ਅਪਮਾਨ ਕੀਤਾ। ਇਹਨਾਂ ਦਾ ਮੁਖੀ ਗੁਰਬਚਨ ਸਿਹੁੰ ਤੇ ਉਸ ਦੀ ਘਰਵਾਲ਼ੀ ਇੱਕ ਰੱਥ 'ਤੇ ਸਵਾਰ ਹੋ ਕੇ ਆਪਣੇ ਆਪ ਨੂੰ ਗੁਰੂ ਸਾਹਿਬਾਨਾਂ ਦਾ ਅਵਤਾਰ ਕਹਿ ਰਹੇ ਸਨ ਜੋ ਹਰ ਸਿੱਖ ਲਈ ਨਾ-ਬਰਦਾਸ਼ਤਯੋਗ ਸੀ ਤੇ ਜਲੂਸ ਦੌਰਾਨ ਇਹਨਾਂ ਨੇ ਸਿੱਖ ਵਿਰੋਧੀ ਨਾਹਰੇਬਾਜ਼ੀ ਕੀਤੀ ਜਿਸ ਦੀ ਖ਼ਬਰ ਪੰਥਕ ਹਲਕਿਆਂ 'ਚ ਅੱਗ ਵਾਂਗ ਫੈਲ ਗਈ।

ਨਿਰੰਕਾਰੀਆਂ ਦੇ ਕੂੜ ਸੰਮੇਲਨ 'ਚ ਸਿੱਖ ਧਰਮ ਨੂੰ ਨਿਸ਼ਾਨਾ ਬਣਾਏ ਜਾਣ ਬਾਰੇ ਜਦ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਨੂੰ ਪਤਾ ਲੱਗਾ ਤਾਂ ਉਹਨਾਂ ਨੇ ਮੰਜੀ ਸਾਹਿਬ ਦੀਵਾਨ ਹਾਲ 'ਚ ਚਲ ਰਹੇ ਗੁਰਮਤਿ ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਅਤੇ ਪੰਜਾਬ ਦੇ ਮਾਲ ਮੰਤਰੀ ਜੀਵਨ ਸਿਹੁੰ ਉਮਰਾਨੰਗਲ ਨੂੰ ਕਿਹਾ ਕਿ "ਨਿਰੰਕਾਰੀਆਂ ਦੇ ਸੰਮੇਲਨ ਨੂੰ ਤੁਰੰਤ ਰੋਕਿਆ ਜਾਵੇ, ਉਹ ਸ਼ਰ੍ਹੇਆਮ ਸਾਡੇ ਧਰਮ ਦਾ ਨਿਰਾਦਰ ਕਰ ਰਹੇ ਹਨ...।" ਪਰ ਅਖੌਤੀ ਪੰਥਕ ਅਕਾਲੀ ਸਰਕਾਰ ਦੇ ਇਸ ਮੰਤਰੀ ਨੇ ਕਿਹਾ ਕਿ "ਨਿਰੰਕਾਰੀ, ਸਰਕਾਰ ਤੋਂ ਇਜਾਜ਼ਤ ਲੈ ਕੇ ਹੀ ਆਪਣਾ ਪ੍ਰੋਗਰਾਮ ਕਰ ਰਹੇ ਹਨ, ਮੈਂ ਨਹੀਂ ਰੋਕ ਸਕਦਾ...।" ਸੰਤਾਂ ਨੇ ਕਿਹਾ ਕਿ "ਜੇ ਉਹਨਾਂ ਦਾ ਪ੍ਰੋਗਰਾਮ ਨਹੀਂ ਰੋਕ ਸਕਦੇ ਤਾਂ ਘੱਟੋ-ਘੱਟ ਜ਼ਿਲ੍ਹਾ ਅਧਿਕਾਰੀ ਉਹਨਾਂ ਨੂੰ ਇਹ ਤਾਂ ਕਹਿ ਹੀ ਸਕਦੇ ਹਨ ਕਿ ਸਿੱਖ ਧਰਮ ਵਿਰੁੱਧ ਕੋਈ ਗੱਲ ਨਾ ਕੀਤੀ ਜਾਵੇ...।" ਅੱਗੋਂ ਬਾਦਲਾਂ ਦੇ ਚਹੇਤੇ ਇਸ ਮੰਤਰੀ ਨੇ ਕਹਿ ਦਿੱਤਾ ਕਿ "ਮੈਂ ਪ੍ਰਸ਼ਾਸਨ ਨੂੰ ਵੀ ਕੁਝ ਨਹੀਂ ਕਹਿ ਸਕਦਾ ਕਿਉਂਕਿ ਪ੍ਰਸ਼ਾਸਨ ਵਾਲ਼ੇ ਮੇਰੀ ਕੋਈ ਗੱਲ ਨਹੀਂ ਮੰਨਦੇ... ਮੈਨੂੰ ਕਿਸੇ ਗੱਲ 'ਤੇ ਮਜ਼ਬੂਰ ਨਾ ਕਰੋ ਤੇ ਨਿਰੰਕਾਰੀ ਜੋ ਕਰਦੇ ਹਨ ਉਹਨਾਂ ਨੂੰ ਕਰ ਲੈਣ ਦਿਓ... ਸਾਡੀ ਸਰਕਾਰ ਧਰਮ ਨਿਰਪੱਖ ਹੈ...।"

ਸ੍ਰੀ ਅੰਮ੍ਰਿਤਸਰ ਸਾਹਿਬ ਦੀ ਧਰਤੀ ਹੋਵੇ ਤੇ ਇੱਥੇ ਗੁਰੂ ਸਾਹਿਬਾਨਾਂ ਦੀ ਕੋਈ ਤੌਹੀਨ ਕਰੀ ਜਾਵੇ ਤੇ ਸਿੱਖ ਹੱਥ 'ਤੇ ਹੱਥ ਧਰ ਕੇ ਬੈਠੇ ਰਹਿਣ, ਇਹ ਤਾਂ ਹੋ ਨਹੀਂ ਸੀ ਸਕਦਾ। ਪਰ ਲਾਹਣਤ ਹੈ ਅਕਾਲੀ ਦਲ ਬਾਦਲ ਸਰਕਾਰ 'ਤੇ ਜਿਨ੍ਹਾਂ ਨੇ ਨਰਕਧਾਰੀਆਂ ਨੂੰ ਇਹ ਕੂੜ ਸੰਮੇਲਨ ਕਰਨ ਦੀ ਇਜਾਜ਼ਤ ਦਿੱਤੀ। ਮੁੱਖ ਮੰਤਰੀ ਪ੍ਰਕਾਸ਼ ਸਿਹੁੰ ਬਾਦਲ ਨੂੰ ਚਾਹੀਦਾ ਸੀ ਕਿ ਪੰਜਾਬ 'ਚ ਨਕਲੀ ਨਿਰੰਕਾਰੀਆਂ ਦੀਆਂ ਗਤੀਵਿਧੀਆਂ ਉੱਤੇ ਪੂਰਨ ਤੌਰ 'ਤੇ ਪਬੰਦੀ ਲਾਉਂਦਾ ਪਰ ਇਸ ਨੇ ਪੰਥ ਨਾਲ਼ ਖੜ੍ਹਨ ਦੀ ਬਜਾਏ ਹਮੇਸ਼ਾਂ ਪੰਥ ਦੀ ਬੇੜੀ 'ਚ ਵੱਟੇ ਪਾਏ। ਆਖ਼ਰ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਨੇ ਐਲਾਨ ਕਰ ਦਿੱਤਾ ਕਿ "ਅਸੀਂ ਖੁਦ ਨਿਰੰਕਾਰੀਆਂ ਦੇ ਇਸ ਕੂੜ ਪ੍ਰੋਗਰਾਮ ਨੂੰ ਰੋਕਾਂਗੇ... ਤੇ ਜੇ ਇਸ ਦੌਰਾਨ ਜਾਨ ਵੀ ਦੇਣੀ ਪਈ ਤਾਂ ਅਸੀਂ ਪਿੱਛੇ ਨਹੀਂ ਹਟਾਂਗੇ... ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ-ਸਤਿਕਾਰ ਤੋਂ ਵੱਧ ਕੇ ਸਾਡੇ ਲਈ ਹੋਰ ਕੁਝ ਨਹੀਂ... ਇਹ ਜ਼ਿੰਮੇਵਾਰੀਆਂ ਪਹਿਲਾਂ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਨਿਭਾਉਂਦੇ ਰਹੇ ਤੇ ਹੁਣ ਸਾਡਾ ਪੰਥਕ ਫ਼ਰਜ਼ ਹੈ ਕਿ ਅਸੀਂ ਮੈਦਾਨ 'ਚ ਨਿੱਤਰੀਏ...।"

ਉਸ ਦਿਨ ਅਖੰਡ ਕੀਰਤਨੀ ਜਥੇ ਦਾ ਵੀ ਸ੍ਰੀ ਅੰਮ੍ਰਿਤਸਰ ਦੇ ਅਜੀਤ ਨਗਰ 'ਚ ਗੁਰਮਤਿ ਸਮਾਗਮ ਚਲ ਰਿਹਾ ਸੀ। ਸਮਾਗਮ 'ਚ ਆਟਾ ਗੁੰਨਣ ਦੀ ਸੇਵਾ ਕਰਦਿਆਂ ਜਦ ਭਾਈ ਫ਼ੌਜਾ ਸਿੰਘ ਜੀ ਨੂੰ ਨਕਲੀ ਨਿਰੰਕਾਰੀਆਂ ਦੇ ਕੂੜ ਸਮਾਗਮ ਦਾ ਪਤਾ ਲੱਗਾ ਤਾਂ ਉਹਨਾਂ ਨੇ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਵਾਂਗ ਲਕੀਰ ਖਿੱਚ ਕੇ ਕਿਹਾ ਕਿ "ਸਿੰਘੋ! ਜਿਸ ਦਿਨ ਦੀ ਬੜੇ ਚਿਰ ਤੋਂ ਉਡੀਕ ਸੀ, ਉਹ ਸੁਭਾਗਾ ਦਿਨ ਆ ਗਿਆ ਹੈ। ਨਕਲੀ ਨਿਰੰਕਾਰੀ, ਗੁਰੂ ਸਾਹਿਬ ਦੀ ਬੇਅਦਬੀ ਕਰ ਰਹੇ ਹਨ ਉਹਨਾਂ ਨੂੰ ਰੋਕਣ ਜਾਣਾ ਹੈ। ਇਹ ਲਕੀਰ ਓਹੀ ਟੱਪਣ ਜਿਹੜੇ ਪੂਰੇ ਨਿਭ ਸਕਣ ਅਤੇ ਗੁਰੂ ਪੰਥ ਤੋਂ ਆਪਾ ਵਾਰ ਸਕਣ, ਬਾਕੀ ਵਾਪਸ ਚਲੇ ਜਾਣ...।"



ਅਖੰਡ ਕੀਰਤਨੀ ਜਥੇ ਦੇ 50-60 ਸਿੰਘ ਉਸੇ ਵੇਲ਼ੇ ਭਾਈ ਫ਼ੌਜਾ ਸਿੰਘ ਜੀ ਨਾਲ਼ ਜਾਣ ਲਈ ਤਿਆਰ ਹੋ ਗਏ ਤੇ ਸੰਤ ਜਰਨੈਲ ਸਿੰਘ ਜੀ ਕੋਲ਼ ਗੁਰੂ ਰਾਮ ਦਾਸ ਸਰਾਂ 'ਚ ਆ ਪਹੁੰਚੇ। ਇੱਥੇ ਸਿੰਘਾਂ ਨਾਲ਼ ਸਲਾਹ-ਮਸ਼ਵਰਾ ਕਰਕੇ ਜਦ ਸੰਤ ਜਰਨੈਲ ਸਿੰਘ ਜੀ ਨੇ ਨਰਕਧਾਰੀਆਂ ਦੇ ਪ੍ਰਪੰਚ ਨੂੰ ਰੋਕਣ ਲਈ ਕਮਰਕੱਸੇ ਕਰ ਲਏ ਤਾਂ ਦਮਦਮੀ ਟਕਸਾਲ ਦੇ ਸੂਝਵਾਨ ਸਿੰਘਾਂ ਅਤੇ ਭਾਈ ਫ਼ੌਜਾ ਸਿੰਘ ਨੇ ਦੂਰ-ਅੰਦੇਸ਼ੀ ਸੋਚ ਸੋਚਦਿਆਂ, ਸੰਤਾਂ ਨੂੰ ਖ਼ੁਦ ਇਸ ਜਥੇ ਵਿੱਚ ਜਾਣ ਤੋਂ ਰੋਕਿਆ। ਜਦ ਸਿੰਘਾਂ ਦੇ ਰੋਕਣ ਦੇ ਬਾਵਜੂਦ ਵੀ ਸੰਤ ਜੀ ਆਪਣੇ ਫ਼ੈਸਲੇ ਤੋਂ ਪਿੱਛੇ ਨਾ ਹਟੇ ਤਾਂ ਸਿੰਘਾਂ ਨੇ ਪੰਜ ਪਿਆਰਿਆਂ ਦੀ ਮਹਾਨ ਖ਼ਾਲਸਈ ਪ੍ਰੰਪਰਾ ਦੀ ਵਰਤੋਂ ਕਰਦਿਆਂ ਸੰਤਾਂ ਨੂੰ ਰੁਕਣ ਲਈ ਕਿਹਾ। ਜਿਸ ਅੱਗੇ ਸੰਤਾਂ ਨੇ ਆਪਣਾ ਸਿਰ ਝੁਕਾਇਆ ਤੇ ਇਸ ਜਥੇ ਨਾਲ਼ ਖ਼ੁਦ ਜਾਣ ਦਾ ਫ਼ੈਸਲਾ ਤਿਆਗ ਦਿੱਤਾ।

ਸੰਤਾਂ ਨੇ ਫਿਰ ਅਖੰਡ ਕੀਰਤਨੀ ਜਥੇ ਦੇ ਗੁਰਸਿੱਖ ਭਾਈ ਫ਼ੌਜਾ ਸਿੰਘ ਜੀ ਅਤੇ ਦਮਦਮੀ ਟਕਸਾਲ ਦੇ ਭਾਈ ਰਣਬੀਰ ਸਿੰਘ ਜੀ ਸਮੇਤ ਪੰਜ ਪਿਆਰਿਆਂ ਦੀ ਅਗਵਾਈ 'ਚ ਜਥੇ ਨੂੰ ਖ਼ਾਲਸਈ ਜੈਕਾਰਿਆਂ ਦੀ ਭਰਵੀਂ ਗੂੰਜ 'ਚ ਅਰਦਾਸ ਕਰਕੇ ਵਿਦਾ ਕੀਤਾ। ਜਦ ਸਤਿਨਾਮ-ਵਾਹਿਗੁਰੂ ਦਾ ਜਾਪ ਕਰਦਾ ਹੋਇਆ ਸਿੰਘਾਂ ਦਾ ਇਹ ਜਥਾ ਸ੍ਰੀ ਦਰਬਾਰ ਸਾਹਿਬ ਤੋਂ ਬਿਲਕੁਲ ਸ਼ਾਂਤੀਪੂਰਵਕ ਰੇਲਵੇ ਕਲੌਨੀ ਬੀ-ਬਲਾਕ ਨੇੜੇ ਨਿਰੰਕਾਰੀਆਂ ਦੇ ਪੰਡਾਲ ਕੋਲ਼ ਪੁੱਜਾ ਤਾਂ ਡੀ.ਐੱਸ.ਪੀ. ਜੋਸ਼ੀ ਅਤੇ ਸਿਟੀ ਇੰਸਪੈਕਟਰ ਅਨੂਪ ਸਿੰਘ ਨੇ ਜਥੇ ਨੂੰ ਅੱਗੇ ਜਾਣ ਤੋਂ ਰੋਕ ਲਿਆ, ਜਿੱਥੋਂ ਤਿੰਨ ਸੌ ਗਜ਼ ਦੀ ਦੂਰੀ ਸੀ। ਭਾਈ ਫ਼ੌਜਾ ਸਿੰਘ ਨੇ ਪੁਲੀਸ ਨੂੰ ਕਿਹਾ ਕਿ "ਅਸੀਂ ਆਪਣੇ ਗੁਰੂ ਸਾਹਿਬ ਦੀ ਨਿੰਦਿਆ ਨਹੀਂ ਸਹਾਰ ਸਕਦੇ, ਨਿਰੰਕਾਰੀਆਂ ਦਾ ਇਹ ਪ੍ਰੋਗਰਾਮ ਤੁਰੰਤ ਬੰਦ ਕਰਵਾਇਆ ਜਾਏ...।"

ਪਰ ਪਹਿਲਾਂ ਤੋਂ ਹੀ ਤਿਆਰ ਖੜ੍ਹੇ ਨਰਕਧਾਰੀਆਂ ਦੇ ਚੇਲੇ-ਚਾਟੜਿਆਂ ਤੇ ਉਹਨਾਂ ਵੱਲੋਂ ਬਣਾਈ ਇੱਕ ਪ੍ਰਾਈਵੇਟ ਸੈਨਾ ਨੇ ਟਰੱਕਾਂ ਦੇ ਓਹਲੇ ਹੋ ਕੇ ਪਿਛਲੇ ਪਾਸਿਓਂ ਸਿੰਘਾਂ ਦੇ ਜਥੇ ਉੱਤੇ ਇਕਦਮ ਗੋਲ਼ੀਆਂ, ਇੱਟਾਂ-ਵੱਟੇ ਅਤੇ ਕੱਚ ਦੀਆਂ ਬੋਤਲਾਂ ਵਰ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ ਤੇ ਹੋਰ ਮਾਰੂ ਹਥਿਆਰਾਂ, ਤੇਜ਼ਾਬ ਦੀਆਂ ਬੋਤਲਾਂ ਤੇ ਲਾਠੀਆਂ ਨਾਲ਼ ਸਿੰਘਾਂ ਦੇ ਸ਼ਾਂਤਮਈ ਜਥੇ 'ਤੇ ਹਮਲਾ ਕਰ ਦਿੱਤਾ ਤੇ ਅੰਧਾਧੁੰਦ ਗੋਲ਼ੀ ਚਲਾਈ ਗਈ ਤੇ ਉਲਟਾ ਪੁਲੀਸ ਵੱਲੋਂ ਵੀ ਸਿੰਘਾਂ ਉੱਤੇ ਹੀ ਟੀਅਰ ਗੈਸ ਦੇ ਗੋਲ਼ੇ ਛੱਡੇ ਗਏ ਜਿਸ ਨਾਲ਼ 13 ਸਿੰਘ ਸ਼ਹੀਦੀਆਂ ਪਾ ਗਏ ਤੇ 80 ਤੋਂ ਵੱਧ ਜਖ਼ਮੀ ਹੋ ਗਏ। ਇਸ ਭਿਆਨਕ ਕਤਲੇਆਮ ਤੋਂ ਬਾਅਦ ਵੀ ਨਿਰੰਕਾਰੀ ਸੰਮੇਲਨ ਤਿੰਨ ਘੰਟੇ ਤਕ ਚਲਦਾ ਰਿਹਾ ਜਿਵੇਂ ਕੁਝ ਹੋਇਆ ਹੀ ਨਾ ਹੋਵੇ।

ਪੁਲੀਸ ਪ੍ਰਸ਼ਾਸਨ ਜੋ ਇਸ ਖ਼ੂਨੀ ਕਾਂਡ ਦੇ ਮੁੱਖ ਦੋਸ਼ੀ ਨਿਰੰਕਾਰੀ ਮੁਖੀ ਗੁਰਬਚਨ ਸਿਹੁੰ ਨੂੰ ਗ੍ਰਿਫਤਾਰ ਕਰਨ ਦੀ ਬਜਾਏ, ਮੁੱਖ ਮੰਤਰੀ ਪ੍ਰਕਾਸ਼ ਸਿਹੁੰ ਬਾਦਲ ਦੇ ਕਹਿਣ 'ਤੇ ਡੀ.ਸੀ. ਨਿਰੰਜਨ ਸਿਹੁੰ ਪੰਜਾਬ ਸਰਕਾਰ ਦੀ ਗੱਡੀ ਵਿੱਚ ਗੁਰਬਚਨੇ ਨੂੰ ਬਿਠਾ ਕੇ ਉਸ ਨੂੰ ਦਿੱਲੀ ਛੱਡ ਕੇ ਆਇਆ। ਸਿੰਘਾਂ ਦੇ ਡੁੱਲ੍ਹੇ ਇਸ ਲਹੂ ਨਾਲ਼ ਸਿੱਖ ਜਗਤ ਅੰਦਰ ਜੋਸ਼, ਗੁੱਸੇ ਅਤੇ ਗ਼ਮ ਦੀ ਲਹਿਰ ਪੈਦਾ ਹੋ ਗਈ ਪਰ ਬਾਦਲ ਸਰਕਾਰ ਉੱਤੇ ਕੋਈ ਅਸਰ ਨਾ ਹੋਇਆ, ਉਲਟਾ ਉਹਨਾਂ ਨੇ ਸੰਤ ਜਰਨੈਲ ਸਿੰਘ ਜੀ ਉੱਤੇ ਹੀ ਦੋਸ਼ ਲਾਉਣੇ ਸ਼ੁਰੂ ਕਰ ਦਿੱਤੇ। ਇਸ ਸਾਕੇ ਕਾਰਨ ਸੰਤ ਜਰਨੈਲ ਸਿੰਘ ਜੀ ਦੀ ਸ਼ਖ਼ਸੀਅਤ ਬੇਹੱਦ ਚਰਚਿਤ ਹੋ ਗਈ ਤੇ ਉਹਨਾਂ ਦੇ ਮੋਢਿਆਂ 'ਤੇ ਸਿੱਖ ਸੰਘਰਸ਼ ਦੀ ਵੱਡੀ ਜ਼ਿੰਮੇਵਾਰੀ ਆਣ ਪਈ।

ਨਿਰੰਕਾਰੀ ਮਿਸ਼ਨ ਦੇ ਮੁਖੀ ਗੁਰਬਚਨ ਸਿਹੁੰ ਤੇ ਉਸ ਦੇ ਚੇਲਿਆਂ ਉੱਤੇ ਅਦਾਲਤ 'ਚ ਕੇਸ ਤਾਂ ਚੱਲਿਆ ਪਰ ਬਾਦਲ ਸਰਕਾਰ ਇਸ ਸਾਕੇ ਦੇ ਕੇਸ ਦੀ ਸਹੀ ਢੰਗ ਨਾਲ਼ ਪੈਰਵਾਈ ਕਰਨ ਤੋਂ ਟਾਲ਼ਾ ਵੱਟਦੀ ਰਹੀ ਤਾਂ ਜੋ ਨਰਕਧਾਰੀਆਂ ਦੀਆਂ ਵੋਟਾਂ ਨਾ ਟੁੱਟ ਜਾਣ। ਓਧਰ ਨਿਰੰਕਾਰੀਆਂ ਨੇ ਅਦਾਲਤ ਰਾਹੀਂ ਇਸ ਕੇਸ ਨੂੰ ਅੰਮ੍ਰਿਤਸਰ ਦੀ ਅਦਾਲਤ ਤੋਂ ਹਰਿਆਣੇ ਦੀ ਕਰਨਾਲ ਅਦਾਲਤ ਵਿੱਚ ਬਦਲਵਾ ਲਿਆ। ਕਰਨਾਲ ਦੇ ਸ਼ੈਸ਼ਨਜ ਜੱਜ ਆਰ.ਐੱਸ.ਗੁਪਤਾ ਨੇ 4 ਜਨਵਰੀ 1980 ਨੂੰ ਨਿਰੰਕਾਰੀ ਮੁਖੀ ਗੁਰਬਚਨ ਸਿਹੁੰ ਸਣੇ ਸਾਰੇ ਦੋਸ਼ੀ ਸਾਫ਼ ਬਰੀ ਕਰ ਦਿੱਤੇ। ਬਰੀ ਹੋ ਜਾਣ ਤੋਂ ਬਾਅਦ ਨਿਰੰਕਾਰੀਆਂ ਨੇ ਆਪਣੇ ਮੁਖੀ ਗੁਰਬਚਨ ਸਿਹੁੰ ਦੀਆਂ ਸਿਫ਼ਤਾਂ ਕਰਦਿਆਂ ਤੇ ਸਿੱਖਾਂ ਦਾ ਮਖੌਲ ਉਡਾਉਂਦਿਆਂ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ "ਸਿੱਖਾਂ ਦਾ ਗੁਰੂ ਹਰਗੋਬਿੰਦ ਸਾਹਿਬ ਤਾਂ 52 ਬੰਦੀਆਂ ਨੂੰ ਰਿਹਾਅ ਕਰਾ ਕੇ ਲਿਆਇਆ ਸੀ ਪਰ ਸਾਡੇ ਗੁਰੂ ਨੇ 64 ਬੰਦੀ ਰਿਹਾਅ ਕਰਵਾ ਲਏ...।"

ਭਾਰਤੀ ਕਨੂੰਨ ਨੇ ਤਾਂ ਨਕਲੀ ਨਿਰੰਕਾਰੀਆਂ ਦੇ ਮੁਖੀ ਗੁਰਬਚਨੇ ਨੂੰ ਰਿਹਾਅ ਕਰ ਦਿੱਤਾ ਪਰ ਹੁਣ ਖ਼ਾਲਸਾਈ ਇਨਸਾਫ਼ ਹੋਣਾ ਬਾਕੀ ਸੀ। ਨਰਕਧਾਰੀ ਗੁਰਬਚਨੇ ਨੂੰ ਸੋਧਣ ਲਈ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਨੇ ਸਿੰਘਾਂ ਦੀਆਂ ਡਿਊਟੀਆਂ ਲਾ ਦਿੱਤੀਆਂ। ਭਾਈ ਗਿਆਨ ਸਿੰਘ ਨੇ ਭਾਈ ਰਣਜੀਤ ਸਿੰਘ ਦਾ ਸੰਤ ਜਰਨੈਲ ਸਿੰਘ ਨਾਲ਼ ਮੇਲ਼ ਕਰਾ ਦਿੱਤਾ ਤਾਂ ਜੋ ਗੁਰਬਚਨੇ ਨੂੰ ਸੋਧਣ ਲਈ ਹਥਿਆਰਾਂ ਦਾ ਪ੍ਰਬੰਧ ਹੋ ਸਕੇ। ਮੁਲਾਕਾਤ ਦੌਰਾਨ ਸੰਤਾਂ ਨੇ ਕਿਹਾ ਕਿ "ਤੁਸੀਂ ਦੁਸ਼ਟ ਦੇ ਸੋਧੇ ਲਈ ਤਿਆਰੀ ਕੱਸੋ, ਅਸੀਂ ਹਥਿਆਰ ਦਿੱਲੀ ਪਹੁੰਚਾ ਦਿਆਂਗੇ...।" ਸੰਤਾਂ ਨੇ ਕਿਹਾ "ਜੇ ਹੋ ਸਕੇ ਤਾਂ ਉਸ ਦੁਸ਼ਟ ਦਾ ਸਿਰ ਵੱਢ ਕੇ ਅੰਮ੍ਰਿਤਸਰ ਲਿਆਇਓ ਜਿੱਥੇ 13 ਸ਼ਹੀਦ ਸਿੰਘਾਂ ਵਾਲ਼ੇ ਅਸਥਾਨ 'ਤੇ ਉਸ ਦੇ ਸਿਰ ਨਾਲ਼ ਖਿੱਦੋ-ਖੂੰਡੀ ਖੇਡਾਂਗੇ...।"

ਆਖ਼ਰਕਾਰ 24 ਅਪ੍ਰੈਲ 1980 ਨੂੰ (ਜਥੇਦਾਰ) ਭਾਈ ਰਣਜੀਤ ਸਿੰਘ ਅਤੇ ਭਾਈ ਕਾਬਲ ਸਿੰਘ ਨੇ ਗੋਲ਼ੀਆਂ ਮਾਰ ਕੇ 13 ਸ਼ਹੀਦ ਸਿੰਘਾਂ ਦੇ ਕਾਤਲ ਗੁਰਬਚਨੇ ਨੂੰ ਦਿੱਲੀ 'ਚ ਉਸ ਦੇ ਭਵਨ 'ਚ ਹੀ ਖ਼ਾਲਸਾਈ ਪ੍ਰੰਪਰਾਵਾਂ ਅਨੁਸਾਰ ਸੋਧ ਦਿੱਤਾ। ਜਿਸ ਤੋਂ ਬਾਅਦ ਸੰਤ ਜਰਨੈਲ ਸਿੰਘ ਜੀ ਨੇ ਭਾਈ ਰਣਜੀਤ ਸਿੰਘ ਤੇ ਭਾਈ ਕਾਬਲ ਸਿੰਘ ਨੂੰ ਸੋਨੇ ਨਾਲ਼ ਤੋਲਣ ਦਾ ਐਲਾਨ ਕੀਤਾ। ਇਸ ਖ਼ਾਲਸਾਈ ਕਾਰਨਾਮੇ ਨਾਲ਼ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਪੰਥ ਦੇ ਦਿਲਾਂ ਵਿੱਚ ਹੋਰ ਛਾ ਗਏ, ਉਹ ਇੱਕ ਧਰਮ ਰੱਖਿਅਕ ਤੇ ਸੰਤ ਸਿਪਾਹੀ ਵਜੋਂ ਜਾਣੇ ਜਾਣ ਲੱਗੇ। ਦਮਦਮੀ ਟਕਸਾਲ ਦਾ ਨਾਂ ਹੋਰ ਵੀ ਚਮਕ ਗਿਆ ਤੇ ਸੰਤਾਂ ਦਾ ਅਥਾਹ ਸਤਿਕਾਰ ਵੱਧ ਗਿਆ। ਦੂਜੇ ਪਾਸੇ ਭਾਰਤ ਸਰਕਾਰ ਤੇ ਨਰਕਧਾਰੀਆਂ ਵੱਲੋਂ ਗੁਰਬਚਨੇ ਦੇ ਕਤਲ ਕੇਸ ਵਿੱਚ ਸੰਤਾਂ ਨੂੰ ਦੋਸ਼ੀ ਠਹਿਰਾਇਆ ਜਾਣ ਲੱਗਾ ਕਿ ਇਹ ਕਤਲ ਉਹਨਾਂ ਦੀ ਸ਼ਹਿ ਅਤੇ ਹੁਕਮ 'ਤੇ ਹੋਇਆ ਹੈ। ਕੇਂਦਰੀ ਜਾਂਚ ਬਿਓਰੋ ਦੇ ਡੀ.ਆਈ.ਜੀ. ਸ਼ੇਖ਼ਰ ਤੇ ਹੋਰ ਸਰਕਾਰੀ ਅਫ਼ਸਰਾਂ ਨੇ ਸ਼੍ਰੋਮਣੀ ਕਮੇਟੀ ਦੇ ਦਫ਼ਤਰ 'ਚ 5 ਮਈ 1980 ਨੂੰ ਸੰਤ ਜਰਨੈਲ ਸਿੰਘ ਜੀ ਪਾਸੋਂ ਗੁਰਬਚਨੇ ਦੇ ਕਤਲ ਕੇਸ ਬਾਰੇ ਪੁੱਛਗਿੱਛ ਕੀਤੀ। ਸੰਤ ਭਿੰਡਰਾਂਵਾਲ਼ਿਆਂ ਨੇ ਪੂਰੀ ਦਲੀਲ, ਨਿਡਰਤਾ ਤੇ ਬੇਬਾਕੀ ਨਾਲ਼ ਜਵਾਬ ਦਿੱਤੇ ਤੇ ਸਰਕਾਰ ਦੇ ਪੱਲੇ ਕੁਝ ਨਾ ਪਾਇਆ।

ਫਿਰ ਜਦੋਂ ਸੰਪਾਦਕ ਲਾਲ਼ਾ ਜਗਤ ਨਰਾਇਣ ਵੱਲੋਂ ਅਖ਼ਬਾਰ 'ਚ ਲਗਾਤਾਰ ਸਿੱਖ ਵਿਰੋਧੀ ਲੇਖ ਛਾਪੇ ਗਏ, ਗੁਰੂ ਸਾਹਿਬਾਨਾਂ ਦੀ ਨਿਰਾਦਰੀ ਕੀਤੀ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਗ਼ੱਦਾਰ ਤਕ ਕਹਿ ਦਿੱਤਾ ਤਾਂ ਸੰਤ ਜਰਨੈਲ



ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਨੂੰ ਰੋਹ ਚੜ੍ਹ ਆਇਆ ਤੇ ਉਹਨਾਂ ਦੇ ਮਨ ਦੀ ਅਵਸਥਾ ਨੂੰ ਸਮਝਦਿਆਂ 9 ਸਤੰਬਰ 1981 ਨੂੰ ਸੰਤਾਂ ਦੇ ਭਤੀਜੇ ਭਾਈ ਸਵਰਨ ਸਿੰਘ ਰੋਡੇ, ਭਾਈ ਨਛੱਤਰ ਸਿੰਘ ਰੋਡੇ ਤੇ ਭਾਈ ਦਲਬੀਰ ਸਿੰਘ ਅਭਿਆਸੀ ਨੇ ਲੁਧਿਆਣੇ ਨੇੜੇ ਲਾਲ਼ੇ ਨੂੰ ਗੋਲ਼ੀਆਂ ਮਾਰ ਕੇ ਭੁੰਨ ਦਿੱਤਾ। ਇਸ ਐਕਸ਼ਨ ਤੋਂ ਦਿੱਲੀ ਸਰਕਾਰ ਹਿੱਲ ਗਈ, ਏਜੰਸੀਆਂ ਦੀ ਨੀਂਦ ਉੱਡ ਗਈ ਤੇ ਸਰਕਾਰ ਨੇ ਸੰਤਾਂ ਨੂੰ ਹੱਥ ਪਾਉਣ ਦਾ ਫ਼ੈਸਲਾ ਕਰ ਲਿਆ।

ਉਸ ਸਮੇਂ ਹਰਿਅਣਾ ਦੇ ਚੰਦੋ ਕਲਾਂ ਵਿੱਚ ਸੰਤ ਭਿੰਡਰਾਂਵਾਲ਼ਿਆਂ ਵੱਲੋਂ ਸਮਾਗਮ ਚਲ ਰਹੇ ਸਨ ਤੇ 12 ਸਤੰਬਰ 1981 ਨੂੰ ਸੰਤਾਂ ਨੂੰ ਗ੍ਰਿਫ਼ਤਾਰੀ ਵਰੰਟ ਜਾਰੀ ਕੀਤੇ ਗਏ ਜਿਨ੍ਹਾਂ ਦਾ ਅਧਾਰ ਸੰਤ ਭਿੰਡਰਾਂਵਾਲ਼ਿਆਂ ਵੱਲੋਂ 26 ਜੁਲਾਈ 1981 ਨੂੰ ਕੀਤੀ ਤਕਰੀਰ ਦੇ ਬੋਲਾਂ 'ਚੋਂ ਬਣਾਇਆ ਗਿਆ ਜਿਸ ਵਿੱਚ ਸੰਤਾਂ ਨੇ ਲਾਲ਼ੇ ਨੂੰ ਚਿਤਾਵਨੀ ਦਿੰਦਿਆਂ ਕਿਹਾ ਸੀ ਕਿ "ਜੇਕਰ ਉਹ ਸਿੱਖਾਂ ਵਿਰੁੱਧ ਲਿਖਣੋਂ ਨਾ ਹਟਿਆ ਤਾਂ ਉਸ ਨੂੰ ਸਬਕ ਸਿਖਾਇਆ ਜਾਏਗਾ।"

ਜਦ ਸੰਤਾਂ ਨੂੰ ਪਤਾ ਲੱਗਾ ਕਿ ਪੁਲੀਸ ਉਹਨਾਂ ਨੂੰ ਗ੍ਰਿਫ਼ਤਾਰ ਕਰਨਾ ਚਾਹੁੰਦੀ ਹੈ ਤਾਂ ਉਹ ਪੁਲੀਸ ਨੂੰ ਚਕਮਾ ਦੇ ਕੇ ਮਹਿਤੇ ਪਹੁੰਚ ਗਏ। ਸੰਤ ਭਿੰਡਰਾਂਵਾਲ਼ਿਆਂ ਨੂੰ ਗ੍ਰਿਫ਼ਤਾਰ ਕਰਨ ਲਈ 14 ਸਤੰਬਰ 1981 ਨੂੰ ਹਰਿਆਣਾ ਦੇ ਚੰਦੋ ਕਲਾਂ ਵਿੱਚ ਵੱਡੀ ਤਦਾਦ ਵਿੱਚ ਪਹੁੰਚ ਕੇ ਪੁਲਿਸ ਨੇ ਘੇਰਾ ਪਾ ਲਿਆ। ਪਿੰਡ ਵਾਸੀਆਂ ਨੇ ਗੁਰਦੁਆਰਾ ਸਾਹਿਬ ਦੇ ਸਪੀਕਰ ਰਾਹੀਂ ਦੱਸਿਆ ਕਿ "ਸੰਤ ਜੀ ਇੱਥੇ ਨਹੀਂ ਹਨ।" ਪਰ ਪੁਲੀਸ ਨੇ ਦਮਦਮੀ ਟਕਸਾਲ ਦੀਆਂ ਦੋ ਬੱਸਾਂ ਨੂੰ ਅੱਗ ਲਾ ਦਿੱਤੀ ਜਿਸ ਵਿੱਚ ਗੁਰਬਾਣੀ ਦੀਆਂ ਪੋਥੀਆਂ ਤੇ ਹੋਰ ਸਾਹਿਤ ਸੜ ਗਿਆ। ਪੁਲੀਸ ਨੇ ਤਲਾਸ਼ੀ ਦੇ ਬਹਾਨੇ ਲੋਕਾਂ ਦਾ ਕੀਮਤੀ ਸਮਾਨ ਵੀ ਲੁੱਟ ਲਿਆ ਤੇ ਅੰਮ੍ਰਿਤਧਾਰੀ ਸਿੱਖਾਂ 'ਤੇ ਅਥਾਹ ਜ਼ੁਲਮ ਕੀਤਾ।

ਲਾਲੇ ਦੇ ਕਤਲ ਕੇਸ 'ਚ ਮਹਿਤੇ ਵਿਖੇ 16 ਸਤੰਬਰ 1981 ਨੂੰ ਜਦ ਸੰਤਾਂ ਨੂੰ ਵਰੰਟ ਮਿਲੇ ਤੇ ਉਹਨਾਂ ਨੇ ਖ਼ੁਦ ਹੀ ਗ੍ਰਿਫ਼ਤਾਰੀ ਦੇਣ ਦਾ ਐਲਾਨ ਕਰ ਦਿੱਤਾ। ਇਸ ਕਤਲ ਕੇਸ 'ਚ ਸੰਤ ਜਰਨੈਲ ਸਿੰਘ ਨੇ 20 ਸਤੰਬਰ 1981 ਨੂੰ ਦਮਦਮੀ ਟਕਸਾਲ ਦੇ ਹੈੱਡ ਕੁਆਰਟਰ ਗੁ. ਗੁਰਦਰਸ਼ਨ ਪ੍ਰਕਾਸ਼, ਮਹਿਤਾ ਤੋਂ ਪੂਰੇ ਖ਼ਾਲਸਈ ਜਾਹੋ-ਜਲਾਲ ਨਾਲ਼ ਦੁਪਹਿਰ ਢਾਈ ਕੁ ਵਜੇ ਪੁਰਅਮਨ ਗ੍ਰਿਫ਼ਤਾਰੀ ਦਿੱਤੀ। ਸੰਗਤਾਂ ਵਿੱਚ ਬੇਹੱਦ ਜੋਸ਼ ਵੇਖ ਕੇ ਪੁਲੀਸ ਭੜਕਾਹਟ 'ਚ ਆ ਗਈ ਤੇ ਉਹਨਾਂ ਸਿੱਖ ਸੰਗਤਾਂ ਉੱਤੇ ਗੋਲ਼ੀ ਚਲਾ ਕੇ 18 ਸਿੰਘ ਸ਼ਹੀਦ ਤੇ ਅਨੇਕਾਂ ਜ਼ਖ਼ਮੀ ਕਰ ਦਿੱਤੇ।

ਗ੍ਰਿਫ਼ਤਾਰੀ ਦੇ ਰੋਸ ਵਜੋਂ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਅਤੇ ਸਿੱਖ ਸੰਗਤਾਂ ਨੇ ਥਾਂ-ਥਾਂ 'ਤੇ ਜਬਰਦਸਤ ਰੋਸ ਮੁਜ਼ਾਹਰੇ ਕੀਤੇ, ਫ਼ਿਰੋਜ਼ਪੁਰ ਜੇਲ੍ਹ ਦੀ ਵੀ ਘੇਰਾਬੰਦੀ ਕੀਤੀ ਤੇ 29 ਸਤੰਬਰ 1981 ਨੂੰ ਸੰਤ ਭਿੰਡਰਾਂਵਾਲ਼ਿਆਂ ਦੀ ਰਿਹਾਈ ਲਈ ਦਲ ਖ਼ਾਲਸਾ ਦੇ ਆਗੂ ਭਾਈ ਗਜਿੰਦਰ ਸਿੰਘ ਨੇ ਪੰਜ ਸਿੰਘਾਂ ਸਮੇਤ ਇੰਡੀਆ ਦਾ ਹਵਾਈ ਜਹਾਜ਼ ਹਾਈਜੈਕ ਕਰ ਲਿਆ ਜਿਸ ਨੂੰ ਲਾਹੌਰ ਉਤਾਰਿਆ ਗਿਆ। ਇਸ ਕਾਰਵਾਈ ਨਾਲ਼ ਸੰਤ ਜਰਨੈਲ ਸਿੰਘ, ਸਿੱਖ ਸੰਘਰਸ਼ ਅਤੇ ਖ਼ਾਲਿਸਤਾਨ ਦੀਆਂ ਦੁਨੀਆਂ ਪੱਧਰ 'ਤੇ ਗੂੰਜਾਂ ਪੈ ਗਈਆਂ। ਪੈਦਾ ਹੋਏ ਹਲਾਤਾਂ ਕਰਕੇ ਇੰਦਰਾ ਗਾਂਧੀ ਨੂੰ ਆਪਣਾ ਵਿਦੇਸ਼ੀ ਦੌਰਾ ਵੀ ਰੱਦ ਕਰਨਾ ਪਿਆ।

ਗ੍ਰਿਫ਼ਤਾਰੀ ਤੋਂ ਬਾਅਦ ਸੰਤਾਂ ਨੂੰ ਥਾਂ-ਥਾਂ 'ਤੇ ਲਿਜਾਇਆ ਗਿਆ ਤੇ ਰਿਮਾਂਡ ਦੌਰਾਨ ਸਰਕਾਰੀ ਅਧਿਕਾਰੀਆਂ ਵੱਲੋਂ 450 ਸਵਾਲ ਪੁੱਛੇ ਗਏ ਜਿਸ ਦੇ ਸੰਤ ਭਿੰਡਰਾਂਵਾਲ਼ਿਆਂ ਨੇ ਪੂਰੇ ਤਰਕ ਨਾਲ਼ ਜਵਾਬ ਦਿੱਤੇ। ਹਿੰਦ ਸਰਕਾਰ ਪੂਰਾ ਤਾਣ ਲਾ ਕੇ ਵੀ ਲਾਲ਼ੇ ਦੇ ਕਤਲ ਕੇਸ 'ਚ ਸੰਤਾਂ ਨੂੰ ਦੋਸ਼ੀ ਸਾਬਤ ਨਾ ਕਰ ਸਕੀ। ਜੁਝਾਰੂ ਸਿੰਘਾਂ ਵੱਲੋਂ ਵੀ ਕਈ ਐਕਸ਼ਨ ਕੀਤੇ ਗਏ ਤੇ ਸਿੱਖਾਂ ਦੇ ਸੰਘਰਸ਼ ਅੱਗੇ ਝੁਕਦਿਆਂ ਸਰਕਾਰ ਨੂੰ ਮਜ਼ਬੂਰਨ ਸੰਤਾਂ ਨੂੰ 15 ਅਕਤੂਬਰ 1981 ਨੂੰ ਛੱਡਣਾ ਪਿਆ। ਸੰਤਾਂ ਨੇ ਰਿਹਾਅ ਹੋਣ ਉਪਰੰਤ ਕਿਹਾ ਕਿ "ਜੇਕਰ ਮੈਂ ਨਿਰਦੋਸ਼ ਸੀ ਤਾਂ ਮੈਨੂੰ ਗ੍ਰਿਫ਼ਤਾਰ ਕਿਉਂ ਕੀਤਾ ? ਤੇ ਜੇ ਮੈਂ ਦੋਸ਼ੀ ਸੀ ਤਾਂ ਮੈਨੂੰ ਰਿਹਾਅ ਕਿਉਂ ਕੀਤਾ ?" ਸੰਤਾਂ ਦੇ ਇਹਨਾਂ ਸਵਾਲਾਂ ਦਾ ਸਰਕਾਰ ਕੋਲ਼ ਕੋਈ ਜਵਾਬ ਨਹੀਂ ਸੀ। ਸੰਤਾਂ ਦੀ ਸ਼ਖ਼ਸੀਅਤ ਦਿਨੋਂ-ਦਿਨ ਨਿਖ਼ਰਦੀ ਅਤੇ ਉਭਰਦੀ ਜਾ ਰਹੀ ਸੀ, ਸਮੁੱਚਾ

ਖ਼ਾਲਸਾ ਪੰਥ ਉਹਨਾਂ ਦੀ ਪਿੱਠ ਉੱਤੇ ਆ ਖੜ੍ਹਿਆ।

ਫਿਰ ਜਦ ਰਿਹਾਈ ਦੇ ਕੁਝ ਚਿਰ ਪਿੱਛੋਂ ਸੰਤ ਜਰਨੈਲ ਸਿੰਘ ਜੀ, ਮਹਾਂਰਾਸ਼ਟਰ ਪ੍ਰਾਂਤ ਦੇ ਮਹਾਂਨਗਰ ਬੰਬਈ ਵਿਖੇ ਪ੍ਰਚਾਰ ਕਰਨ ਗਏ ਤਾਂ ਪੰਜਾਬ ਦੇ ਕਾਂਗਰਸੀ ਮੁੱਖ ਮੰਤਰੀ ਦਰਬਾਰਾ ਸਿਹੁੰ ਨੇ ਸੰਤਾਂ ਨੂੰ ਪੁਲੀਸ ਮੁਕਾਬਲੇ 'ਚ ਮਾਰਨ ਦੀ ਸਾਜ਼ਿਸ਼ ਘੜੀ। ਸੰਤਾਂ ਨੇ 12 ਮਈ 1982 ਤਕ ਇੱਥੇ ਹੀ ਰਹਿਣਾ ਸੀ ਪਰ ਸਰਕਾਰ ਨੇ ਰਾਸ਼ਟਰੀ ਸੁਰੱਖਿਆ ਐਕਟ (ਐੱਨ.ਐੱਸ.ਏ.) ਅਧੀਨ ਸੰਤ ਜਰਨੈਲ ਸਿੰਘ ਦੇ ਵਰੰਟ ਕੱਢ ਦਿਤੇ ਤੇ ਸੰਤਾਂ ਨੂੰ ਗ੍ਰਿਫ਼ਤਾਰ ਕਰਨ ਲਈ ਬੰਬੇ ਵਿੱਚ ਪੁਲੀਸ ਭੇਜ ਦਿੱਤੀ। ਸਰਕਾਰ ਦੇ ਇਸ ਘਟੀਆ ਕਾਰੇ ਦੀ ਸੰਤਾਂ ਨੂੰ ਸੂਹ ਮਿਲ਼ ਗਈ ਤੇ ਉਹਨਾਂ ਆਪਣੇ ਆਸਨ 'ਤੇ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਨੂੰ ਬਿਠਾਇਆ ਤੇ ਘੇਰੇ 'ਚੋਂ ਬਚ ਨਿਕਲ਼ੇ। ਰਸਤੇ ਵਿੱਚ ਨਾਕੇ 'ਤੇ ਉਹਨਾਂ ਦਾ ਟਰੱਕ ਘੇਰਿਆ ਵੀ ਗਿਆ, ਪੁੱਛਗਿੱਛ ਹੋਈ ਪਰ ਉਹ ਆਪਣੇ ਡਰਾਇਵਰ ਭਾਈ ਦਾਰਾ ਸਿੰਘ ਦੀ ਹੁਸ਼ਿਆਰੀ ਨਾਲ਼ ਪੁਲੀਸ ਨੂੰ ਚਕਮਾ ਦੇ ਕੇ ਮਹਿਤੇ ਪੁੱਜਣ 'ਚ ਸਫ਼ਲ ਹੋ ਗਏ।

ਹਿੰਦ ਸਰਕਾਰ ਸਿੱਖਾਂ ਨੂੰ ਗ਼ੁਲਾਮ ਬਣਾ ਕੇ ਸਿੱਖੀ ਦਾ ਵਜੂਦ ਖ਼ਤਮ ਕਰਨਾ ਚਾਹੁੰਦੀ ਸੀ ਪਰ ਸੰਤ ਜੀ ਸਿੱਖਾਂ ਨੂੰ ਅਣਖ, ਅਜ਼ਾਦੀ ਤੇ ਸਵੈਮਾਨ ਨਾਲ਼ ਜਿਊਣਾ ਸਿਖਾ ਰਹੇ ਸਨ। ਹਿੰਦੂ ਹਾਕਮਾਂ ਨੇ ਸੰਨ 1947 ਤੋਂ ਪਹਿਲਾਂ ਜੋ ਸਿੱਖ ਆਗੂਆਂ ਨਾਲ਼ ਵਾਅਦੇ ਕੀਤੇ ਸਨ ਉਹ ਭਾਰਤ ਦੀ ਅਜ਼ਾਦੀ ਤੋਂ ਬਾਅਦ ਪੂਰੇ ਨਾ ਕੀਤੇ ਤੇ ਉਲ਼ਟਾ ਸਿੱਖਾਂ ਨੂੰ 'ਜ਼ਰਾਇਮ ਪੇਸ਼ਾ' ਕੌਮ ਐਲਾਨ ਦਿੱਤਾ, ਪੰਜਾਬੀ ਸੂਬੇ ਲਈ ਵੀ ਸਿੱਖਾਂ ਨੂੰ ਲੰਮਾ ਸੰਘਰਸ਼ ਕਰਨਾ ਪਿਆ, 4 ਜੁਲਾਈ 1955 ਨੂੰ ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ ਕਰ ਕੇ ਸਿੱਖਾਂ ਨੂੰ ਸ਼ਹੀਦ ਅਤੇ ਗ੍ਰਿਫ਼ਤਾਰ ਕੀਤਾ ਗਿਆ, ਸ੍ਰੀ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਦਾ ਦਰਜ਼ਾ ਨਹੀਂ ਦਿੱਤਾ ਗਿਆ, ਪੰਜਾਬੀ ਬੋਲਦੇ ਇਲਾਕੇ ਖੋਹੇ ਗਏ, ਪੰਜਾਬ ਦੇ ਪਾਣੀ ਲੁੱਟੇ ਜਾ ਰਹੇ ਸਨ, ਸਿੱਖਾਂ ਦੇ ਹੱਕ-ਹਕੂਕ ਖੋਹੇ ਜਾ ਰਹੇ ਸਨ, ਸਰਕਾਰ ਸਿੱਖਾਂ ਦੀ ਵੱਖਰੀ ਹੋਂਦ-ਹਸਤੀ ਤੋਂ ਵੀ ਮੁਨਕਰ ਸੀ, ਸਿੱਖਾਂ ਦੀ ਹਾਲਤ ਪਿੰਜਰੇ 'ਚ ਕੈਦ ਪੰਛੀ ਵਾਲ਼ੀ ਬਣ ਚੁੱਕੀ ਸੀ ਜਿਸ ਤੋਂ ਅਜ਼ਾਦ ਕਰਵਾਉਣ ਲਈ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਨੇ ਪੰਥਕ ਫ਼ਰਜ਼ ਨਿਭਾਇਆ। ਸੰਤਾਂ ਨੇ ਸਿੱਖੀ ਦੇ ਪ੍ਰਚਾਰ ਦੇ ਨਾਲ਼-ਨਾਲ਼ ਸਿੱਖਾਂ ਨੂੰ ਆਪਣੇ ਹੱਕਾਂ ਅਤੇ ਅਜ਼ਾਦੀ ਲਈ ਜਾਗਰੂਕ ਤੇ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ।


ਉਹਨੀਂ ਦਿਨੀਂ ਹੀ 17 ਜੁਲਾਈ 1982 ਨੂੰ ਬਾਬਾ ਉੱਤਮ ਸਿੰਘ ਖਡੂਰ ਸਾਹਿਬ ਵਾਲ਼ਿਆਂ ਨੂੰ ਉਹਨਾਂ ਦੇ ਅਸਥਾਨ 'ਤੇ ਛੱਡਣ ਗਏ ਜਦ ਤਿੰਨ ਸਿੰਘਾਂ ਭਾਈ ਅਜਾਇਬ ਸਿੰਘ, ਭਾਈ ਨਰਿੰਦਰ ਸਿੰਘ ਤੇ ਭਾਈ ਜਗੀਰ ਸਿੰਘ ਨੂੰ ਪੁਲੀਸ ਨੇ ਬੇਵਜ੍ਹਾ ਗ੍ਰਿਫ਼ਤਾਰ ਕਰ ਲਿਆ ਤਾਂ ਉਹਨਾਂ ਨੂੰ ਛੁਡਾਉਣ ਤੇ ਸਰਕਾਰ ਵੱਲੋਂ ਵਿਗਾੜੇ ਜਾ ਰਹੇ ਹਲਾਤਾਂ ਬਾਰੇ ਦੱਸਣ ਲਈ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਪ੍ਰਧਾਨ ਭਾਈ ਸਾਹਿਬ ਭਾਈ ਅਮਰੀਕ ਸਿੰਘ ਤੇ ਦਮਦਮੀ ਟਕਸਾਲ ਦੇ ਸੀਨੀਅਰ ਆਗੂ ਬਾਬਾ ਠਾਹਰਾ ਸਿੰਘ ਜਦ ਅੰਮ੍ਰਿਤਸਰ ਦੇ ਸਰਕਟ ਹਾਊਸ ਵਿੱਚੋਂ ਪੰਜਾਬ ਦੇ ਗਵਰਨਰ ਐੱਮ.ਚੈਨਾ ਰੈਡੀ ਨੂੰ ਮਿਲ਼ ਕੇ ਬਾਹਰ ਆ ਰਹੇ ਸਨ ਤਾਂ ਪੁਲੀਸ ਨੇ ਉਹਨਾਂ ਦੋਵਾਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ।

ਸੰਤ ਭਿੰਡਰਾਂਵਾਲ਼ੇ ਉਸ ਦਿਨ ਮਹਿਤੇ ਵਿਖੇ ਕਾਫ਼ੀ ਬਿਮਾਰ ਸਨ, ਡਾਕਟਰ ਨੇ ਉਹਨਾਂ ਨੂੰ ਅਰਾਮ ਕਰਨ ਦੀ ਸਲਾਹ ਦਿੱਤੀ। ਭਾਈ ਮਨਜੀਤ ਸਿੰਘ ਨੇ ਫ਼ੋਨ ਕਰ ਕੇ ਜਦ ਭਾਈ ਅਮਰੀਕ ਸਿੰਘ ਤੇ ਬਾਬਾ ਠਾਹਰਾ ਸਿੰਘ ਦੀ ਗ੍ਰਿਫ਼ਤਾਰੀ ਬਾਰੇ ਦੱਸਿਆ ਤਾਂ ਉਸੇ ਦਿਨ 19 ਜੁਲਾਈ 1982 ਨੂੰ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰ ਕੇ ਸਿੱਖ ਕੌਮ ਦੇ ਗ਼ਲੋਂ ਗ਼ੁਲਾਮੀ ਲਾਹੁਣ ਤੇ ਸਿੰਘਾਂ ਦੀ ਰਿਹਾਈ ਲਈ ਮੋਰਚਾ ਅਰੰਭ ਦਿੱਤਾ ਤੇ ਪਹਿਲੇ ਦਿਨ 51 ਸਿੰਘ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੇ ਘਰ ਅੱਗੇ ਗ੍ਰਿਫ਼ਤਾਰੀ ਦੇਣ ਗਏ। ਫਿਰ ਹਰ ਰੋਜ਼ ਸਿੰਘਾਂ ਦੇ ਜਥੇ ਜਾਣ ਲੱਗੇ ਤੇ ਦਿਨਾਂ 'ਚ ਹੀ ਮੋਰਚਾ ਐਨਾ ਭਖ਼ ਗਿਆ ਕਿ ਸਮੁੱਚੀ ਸਿੱਖ ਕੌਮ ਹੀ ਸੰਤਾਂ ਦੀ ਹਮਾਇਤ ਵਿੱਚ ਆ ਗਈ।

ਅਕਾਲੀ ਦਲ ਨੇ ਉਸ ਸਮੇਂ ਪਟਿਆਲਾ ਦੇ ਪਿੰਡ ਕਪੂਰੀ ਵਿਖੇ ਸਤਲੁਜ-ਯਮੁਨਾ ਲਿੰਕ ਨਹਿਰ ਰੁਕਵਾਉਣ ਲਈ ਮੋਰਚਾ ਲਾਇਆ ਹੋਇਆ ਸੀ ਜਿਸ ਵੱਲ ਕੋਈ ਝਾਕਦਾ ਵੀ ਨਹੀਂ ਸੀ। ਅਕਾਲੀ ਦਲ ਨੇ ਸਿਆਸੀ ਚਾਲ ਖੇਡਦਿਆਂ ਰਾਜਨੀਤਕ ਲਾਹਾ ਲੈਣ ਲਈ ਸੰਤ ਭਿੰਡਰਾਂਵਾਲ਼ਿਆਂ ਵੱਲੋਂ ਸ੍ਰੀ ਅੰਮ੍ਰਿਤਸਰ ਵਿਖੇ ਲਾਏ ਮੋਰਚੇ ਨੂੰ ਹਮਾਇਤ ਦੇ ਦਿੱਤੀ ਤੇ 4 ਅਗਸਤ 1982 ਨੂੰ ਇਸ ਮੋਰਚੇ ਨੂੰ ਅਕਾਲੀ ਦਲ ਨੇ ਵੀ ਅਪਣਾ ਲਿਆ ਤੇ ਭਾਈ ਅਮਰੀਕ ਸਿੰਘ, ਬਾਬਾ ਠਾਹਰਾ ਸਿੰਘ ਤੇ ਹੋਰ ਸਿੰਘਾਂ ਦੀ ਰਿਹਾਈ ਤੋਂ ਇਲਾਵਾ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਦੀਆਂ ਮੰਗਾਂ ਨੂੰ ਨਾਲ਼ ਜੋੜਿਆ ਗਿਆ ਅਤੇ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ 1132 ਅਕਾਲੀ ਵਰਕਰਾਂ ਨੇ ਪਹਿਲੀ ਗ੍ਰਿਫ਼ਤਾਰੀ ਦਿੱਤੀ। ਸੰਤ ਜਰਨੈਲ ਸਿੰਘ ਨੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਸ. ਸੁਖਜਿੰਦਰ ਸਿੰਘ ਨੂੰ ਵੀ ਮੋਰਚੇ ਵਿੱਚ ਸ਼ਾਮਲ ਕਰ ਲਿਆ ਅਤੇ ਸਾਰੀਆਂ ਸੰਪਰਦਾਵਾਂ, ਜਥੇਬੰਦੀਆਂ, ਸੁਸਾਇਟੀਆਂ ਤੇ ਸੰਸਥਾਵਾਂ ਵੀ ਸਰਗਰਮ ਹੋ ਗਈਆਂ।

ਸੰਤਾਂ ਦੇ ਬੋਲ ਸੁਣ ਕੇ ਨੌਜਵਾਨ ਨਸ਼ਿਆਂ ਅਤੇ ਪਤਿਤਪੁਣੇ ਨੂੰ ਤਿਆਗ ਕੇ ਆਪਣੇ ਧਰਮ, ਵਿਰਸੇ ਅਤੇ ਸਿੱਖੀ ਸਰੂਪ 'ਚ ਪ੍ਰਪੱਕ ਹੋਣ ਲੱਗੇ ਜਿਸ ਬਾਰੇ ਦਲ ਖ਼ਾਲਸਾ ਦੇ ਜਲਾਵਤਨ ਆਗੂ ਸ. ਗਜਿੰਦਰ ਸਿੰਘ ਨੇ ਸੰਤ ਜਰਨੈਲ ਸਿੰਘ ਜੀ ਬਾਰੇ ਕਵਿਤਾ ਲਿਖੀ:-

**"ਫਿਰ ਉੱਠਿਆ ਇੱਕ ਸੂਰਮਾ, ਜਰਨੈਲਾਂ ਦਾ ਜਰਨੈਲ।**
**ਉਹਦੇ ਸਿੱਧਰੇ ਪੱਧਰੇ ਬੋਲਾਂ ਨੇ, ਲਾਹ ਸੁੱਟੀ ਚਿਰਾਂ ਦੀ ਮੈਲ਼।**
**ਮੈਲ਼ ਜਿਸ ਮੈਲਾ ਕੀਤਾ ਸੀ, ਸਿੱਖ ਸੰਘਰਸ਼ ਦਾ ਰਾਹ।**
**ਯੋਧਿਆਂ ਦੀ ਇਸ ਕੌਮ ਨੂੰ, ਦਿੱਤਾ ਸੀ ਕੁਰਾਹੇ ਪਾ।**
**ਰਣ ਤੱਤੇ ਦੇ ਸੂਰਮੇ, ਦਿੱਤੇ ਗਾਂਧੀ ਦੇ ਪੁੱਤ ਬਣਾ।**
**ਇਸ ਅਣਖ਼ੀ ਜਰਨੈਲ ਨੇ, ਲਿਆ ਕੁਰਾਹਿਓਂ ਮੋੜ।**
**ਵਿਰਸੇ ਨਾਲ਼ੋਂ ਟੁੱਟਿਆਂ ਨੂੰ, ਦਿੱਤਾ ਮੁੜ ਸਿੱਖੀ ਨਾਲ਼ ਜੋੜ।"**



ਸੰਤ ਜਰਨੈਲ ਸਿੰਘ ਜੀ ਤਾਂ ਪੰਥ ਅਤੇ ਪੰਜਾਬ ਦੇ ਸੁਨਹਿਰੀ ਭਵਿੱਖ ਤੇ ਹੱਕਾਂ-ਹਕੂਕਾਂ ਲਈ ਅਨੰਦਪੁਰ ਦੇ ਮਤੇ ਉੱਤੇ ਡਟ ਗਏ, ਪਰ ਅਖੌਤੀ ਅਕਾਲੀ ਆਗੂ ਛੇਤੀ ਹੀ ਸਰਕਾਰ ਦੇ ਪੈਰਾਂ ਥੱਲੇ ਡਿੱਗ ਪਏ। ਪੰਜਾਬ ਦੇ ਜ਼ਾਲਮ ਕਾਂਗਰਸੀ ਮੁੱਖ ਮੰਤਰੀ ਦਰਬਾਰਾ ਸਿਹੁੰ ਨੂੰ ਸੰਤ ਭਿੰਡਰਾਂਵਾਲ਼ਿਆਂ ਵੱਲੋਂ 'ਜ਼ਕਰੀਆਂ ਖ਼ਾਂ' ਕਹਿ ਕੇ ਸੰਬੋਧਨ ਕੀਤਾ ਜਾਂਦਾ ਸੀ। ਦੋ ਮਹੀਨਿਆਂ 'ਚ ਹੀ ਪੰਜਾਬ ਦੀਆਂ ਸਾਰੀਆਂ ਜੇਲ੍ਹਾਂ ਧਰਮੀ ਯੋਧਿਆਂ ਨਾਲ਼ ਭਰ ਗਈਆਂ, ਜੇਲ੍ਹਾਂ ਵਿੱਚ 46 ਸਿੰਘ ਸ਼ਹੀਦੀਆਂ ਪਾ ਗਏ। ਫਿਰ ਸਰਕਾਰ ਨੇ 18 ਅਕਤੂਬਰ 1982 ਨੂੰ ਜੇਲ੍ਹਾਂ ਵਿਚਲੇ ਸਾਰੇ ਸਿੰਘ ਬਿਨਾਂ ਸ਼ਰਤ ਰਿਹਾਅ ਕਰ ਦਿੱਤੇ, ਪਰ ਧਰਮ ਯੁੱਧ ਮੋਰਚੇ ਤੋਂ ਸਿੰਘ ਹਰ ਰੋਜ਼ ਗ੍ਰਿਫ਼ਤਾਰੀਆਂ ਦੇਣ ਜਾਂਦੇ, ਫਿਰ ਸਰਕਾਰ ਉਹਨਾਂ ਨੂੰ 24 ਘੰਟੇ ਜੇਲ੍ਹ ਵਿੱਚ ਰੱਖ ਕੇ ਰਿਹਾਅ ਕਰਨ ਲੱਗੀ।

ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾਂ ਗਾਂਧੀ ਨੇ


ਸਿੱਖਾਂ ਨੂੰ ਧਰਮ ਯੁੱਧ ਮੋਰਚੇ ਤੋਂ ਤੋੜਨ ਤੇ ਭਰਮਾਉਣ ਲਈ 29 ਮਈ 1983 ਨੂੰ ਗੁਰਦਾਸਪੁਰ, ਲੁਧਿਆਣਾ ਅਤੇ ਨਾਭਾ 'ਚ ਤਿੰਨ ਕਾਨਫ਼ਰੰਸਾਂ ਕੀਤੀਆਂ ਪਰ ਉਸ ਨੂੰ ਹਰ ਥਾਂ ਸਿੱਖਾਂ ਦੇ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪਿਆ। ਮੋਰਚੇ ਵੱਲੋਂ 4 ਅਪ੍ਰੈਲ 1983 ਨੂੰ 'ਰਸਤਾ ਰੋਕੋ' ਅਤੇ 17 ਜੂਨ 1983 'ਰੇਲ ਰੋਕੋ' ਦੇ ਸੱਦੇ ਪੂਰੀ ਤਰ੍ਹਾਂ ਸਫ਼ਲ ਰਹੇ। 'ਰੇਲ ਰੋਕੋ' ਪ੍ਰੋਗਰਾਮ ਦੌਰਾਨ 22 ਸਿੰਘਾਂ ਨੇ ਆਪਣੀਆਂ ਜਾਨਾਂ ਵਾਰੀਆਂ ਤੇ ਸਿੱਖ ਕੌਮ ਨੇ ਪੁਲੀਸ ਦੀਆਂ ਗੋਲ਼ੀਆਂ ਅੱਗੇ ਛਾਤੀਆਂ ਡਾਹ ਕੇ, ਸੰਘਰਸ਼ ਕਰਕੇ ਸਰਕਾਰ ਨੂੰ ਮੋਰਚੇ ਦੀ ਤਾਕਤ ਦਾ ਅਹਿਸਾਸ ਕਰਵਾਇਆ। ਧਰਮ ਯੁੱਧ ਮੋਰਚੇ ਵਿੱਚ ਵਿੱਚ ਦੋ ਲੱਖ ਤੀਹ ਹਜ਼ਾਰ ਤੋਂ ਵੱਧ ਸਿੰਘਾਂ-ਸਿੰਘਣੀਆਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ ਤੇ 200 ਤੋਂ ਵੱਧ ਸਿੰਘ ਸ਼ਹਾਦਤਾਂ ਪ੍ਰਾਪਤ ਕਰ ਗਏ।

ਅਕਾਲੀ ਦਲ ਦੇ ਪ੍ਰਧਾਨ ਹਰਚੰਦ ਸਿੰਘ ਲੌਂਗੋਵਾਲ ਨੇ 13 ਅਪ੍ਰੈਲ 1983 ਨੂੰ ਜਦ ਮਰਜੀਵੜਿਆਂ ਦੀ ਭਰਤੀ ਸ਼ੁਰੂ ਕੀਤੀ ਤਾਂ ਪਹਿਲੇ ਦਿਨ ਹੀ 70 ਹਜ਼ਾਰ ਦੇ ਕਰੀਬ ਮਰਜੀਵੜਿਆਂ ਵੱਲੋਂ ਪ੍ਰਣ ਪੱਤਰ ਭਰੇ ਗਏ, ਬਾਅਦ 'ਚ ਇਹ ਗਿਣਤੀ ਇੱਕ ਲੱਖ ਤੋਂ ਉੱਪਰ ਪਹੁੰਚ ਗਈ। ਪਰ ਅਕਾਲੀ ਦਲ ਨੇ ਇਹਨਾਂ ਨੂੰ ਕੋਈ ਠੋਸ ਪ੍ਰੋਗਰਾਮ ਨਾ ਦਿੱਤਾ ਤੇ ਨਾ ਹੀ ਅਕਾਲੀ ਦਲ ਦੇ ਇਹ ਮਰਜੀਵੜੇ ਖ਼ੁਦ ਕੋਈ ਖ਼ਾਲਸਈ ਐਕਸ਼ਨ ਕਰ ਸਕੇ। ਅਕਾਲੀ ਦਲ ਦਾ ਹਰ ਪ੍ਰੋਗਰਾਮ ਕੇਵਲ ਖ਼ਾਨਾਪੂਰਤੀ ਹੁੰਦਾ ਸੀ। ਉਹ ਸੰਵਿਧਾਨ ਦੀ ਧਾਰਾ 25-ਬੀ ਨੂੰ ਪਾੜ੍ਹਨ ਤੇ ਸਾੜਨ ਤਕ ਸੀਮਤ ਰਿਹਾ ਤੇ ਕਦੇ ਪੰਜਾਬ ਬੰਦ, ਕੰਮ ਰੋਕੋ ਤੇ ਅਜ਼ਾਦ ਹਫ਼ਤਾ ਮਨਾਉਣ ਤਕ ਸੀਮਤ ਰਿਹਾ।

ਉਹਨੀਂ ਦਿਨੀਂ ਧਰਮ ਯੁੱਧ ਮੋਰਚੇ 'ਚ ਕਈ ਉਤਰਾਅ-ਚੜ੍ਹਾਅ ਆਏ, ਮੋਰਚਾ ਦਿਨੋਂ-ਦਿਨ ਐਨਾ ਭਖ਼ ਚੁੱਕਾ ਸੀ ਕਿ ਪੰਜਾਬ ਸਰਕਾਰ ਤੋਂ ਲੈ ਕੇ ਕੇਂਦਰ ਸਰਕਾਰ ਤਕ ਅਤੇ ਸਰਕਾਰੀ ਏਜੰਸੀਆਂ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਸਿੱਖਾਂ ਦੇ ਸ਼ਾਂਤਮਈ ਮੋਰਚੇ ਨੇ ਹਿੰਦੁਸਤਾਨ ਦੀਆਂ ਚੂਲਾਂ ਹਿਲ਼ਾ ਦਿੱਤੀਆਂ, ਸਿਆਸੀ ਸਮੀਕਰਨ ਬਦਲਦੇ ਜਾ ਰਹੇ ਸਨ। ਸੰਤ ਜਰਨੈਲ ਸਿੰਘ ਜੀ ਦੇ ਇੱਕ-ਇੱਕ ਬੋਲ ਸਰਕਾਰ ਦੀ ਛਾਤੀ 'ਚ ਗੋਲ਼ਿਆਂ ਵਾਂਗ ਵੱਜ ਰਹੇ ਸਨ। ਸੰਤ ਜੀ ਬੋਲਦੇ ਤਾਂ ਅੰਮ੍ਰਿਤਸਰ 'ਚ ਸਨ ਪਰ ਚੀਕਾਂ ਦਿੱਲੀ 'ਚ ਪੈਂਦੀਆਂ ਸਨ।

ਇੱਧਰੋਂ ਅਕਾਲੀ ਆਗੂ ਗ਼ੱਦਾਰੀਆਂ 'ਤੇ ਉੱਤਰ ਆਏ ਸਨ ਤੇ ਚੋਰੀ ਛਿਪੇ ਦਿੱਲੀ ਜਾ ਕੇ ਸਰਕਾਰ ਨਾਲ਼ ਮੀਟਿੰਗਾਂ ਕਰਨ ਲੱਗੇ। ਅਖੌਤੀ ਅਕਾਲੀਆਂ ਨੇ ਸੰਤ ਭਿੰਡਰਾਂਵਾਲ਼ਿਆਂ 'ਤੇ ਦੋਸ਼ ਲਾਉਣੇ ਸ਼ੁਰੂ ਕਰ ਦਿੱਤੇ ਕਿ "ਸੰਤ ਜਰਨੈਲ ਸਿੰਘ ਸ਼ਹੀਦਾਂ ਦੇ ਨਾਂ 'ਤੇ ਆਏ ਫ਼ੰਡ ਦੀ ਗ਼ਲਤ ਵਰਤੋਂ ਕਰ ਰਿਹੈ, ਸੰਤ ਜਰਨੈਲ ਸਿੰਘ ਮੋਰਚੇ ਨੂੰ ਢਾਹ ਲਾ ਰਿਹੈ, ਸੰਤ ਜਰਨੈਲ ਸਿੰਘ ਕਾਂਗਰਸ ਦੀ ਬੋਲੀ ਬੋਲਦੈ, ਅਕਾਲੀ ਦਲ ਦਾ ਖ਼ਾਲਿਸਤਾਨ ਦੀ ਮੰਗ ਨਾਲ਼ ਕੋਈ ਸੰਬੰਧ ਨਹੀਂ, ਸੰਤ ਜਰਨੈਲ ਸਿੰਘ ਨੇ ਅਕਾਲੀ ਦਲ ਨੂੰ ਹਥਿਆਰ ਖ਼੍ਰੀਦਣ ਅਤੇ ਇੱਕ ਫ਼ਿਰਕੇ ਦੇ ਲੋਕਾਂ ਨੂੰ ਮਾਰਨ ਦੀ ਸਲਾਹ ਦਿੱਤੀ ਹੈ, ਅਕਾਲੀ ਦਲ ਦਾ ਮੋਟਰ-ਸਾਈਕਲ ਵਾਲ਼ੇ ਨੌਜੁਆਨਾਂ ਅਤੇ ਪੰਜਾਬ ਵਿੱਚ ਹੋ ਰਹੀਆਂ ਵਾਰਦਾਤਾਂ ਨਾਲ਼ ਕੋਈ ਸੰਬੰਧ ਨਹੀਂ।"

ਅਖੌਤੀ ਅਕਾਲੀਆਂ ਨੇ ਫਿਰ ਇਸ ਤੋਂ ਵੀ ਅੱਗੇ ਵੱਧ ਕੇ ਹੋਰ ਬਿਆਨ ਦਿੱਤੇ ਕਿ "ਅਕਾਲੀ ਦਲ ਦੇਸ ਦੀ ਏਕਤਾ ਅਤੇ ਅਖੰਡਤਾ ਵਿੱਚ ਯਕੀਨ ਰੱਖਦਾ ਹੈ ਅਤੇ ਉਸ ਦਾ ਵੱਖਵਾਦੀ ਵਿਚਾਰਧਾਰਾ ਨਾਲ਼ ਕੋਈ ਸੰਬੰਧ ਨਹੀਂ, ਅਕਾਲੀ ਦਲ ਹਿੰਦੂ-ਸਿੱਖ ਏਕਤਾ ਦਾ ਮੁਦੱਈ ਹੈ, ਅਕਾਲੀ ਦਲ ਦਾ ਪ੍ਰੋਗਰਾਮ ਪੁਰਅਮਨ ਅਤੇ ਸ਼ਾਂਤਮਈ ਤੇ ਲੋਕਤੰਤਰਿਕ ਹੈ।" ਅਸਲ 'ਚ ਅਖੌਤੀ ਅਕਾਲੀ ਆਗੂ ਜੋ ਦਸਮੇਸ਼ ਪਿਤਾ ਦੇ ਨਾਦੀ ਪੁੱਤਰਾਂ ਨੂੰ ਗਾਂਧੀ ਦੇ



ਪੁੱਤ ਤੇ ਮਾਤਾ ਦਾ ਮਾਲ਼ ਬਣਾ ਰਹੇ ਸਨ, ਪਰ ਸੰਤ ਜਰਨੈਲ ਸਿੰਘ ਨੇ ਸਿੱਖਾਂ ਨੂੰ ਗੁਰੂ ਦੇ ਲਾਲ ਅਤੇ ਧਰਮੀ ਯੋਧੇ ਬਣਨ ਦਾ ਹੋਕਾ ਦਿੱਤਾ। ਸੰਤਾਂ ਨੇ ਨਾਹਰਾ ਬੁਲੰਦ ਕੀਤਾ ਕਿ "ਸਿਰ ਦਿੱਤਿਆਂ ਬਾਝ ਨਹੀਂ ਰਹਿਣਾ, ਧਰਮ ਸਿਰ ਦਿੱਤਿਆਂ ਬਾਝ ਨਹੀਂ ਰਹਿਣਾ।"

ਸਰਕਾਰ ਵੱਲੋਂ ਸੰਤ ਜਰਨੈਲ ਸਿੰਘ ਨੂੰ ਮਾਰਨ ਦੀਆਂ ਕਈ ਕੋਸ਼ਿਸ਼ਾਂ ਹੋਈਆਂ। ਇੱਕ ਵਾਰ ਜਦ ਸੰਤ ਜੀ ਦਰਬਾਰ ਸਾਹਿਬ ਦੀ ਪ੍ਰਕਰਮਾਂ ਦੀਆਂ ਪੌੜੀਆਂ ਚੜ੍ਹ ਰਹੇ ਸਨ ਤਾਂ ਇੱਕ ਬੰਦੇ ਨੇ ਉਹਨਾਂ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਪਰ ਸਿੰਘਾਂ ਨੇ ਮੌਕੇ 'ਤੇ ਫੜ ਲਿਆ। ਫਿਰ ਗੁਰੂ ਨਾਨਕ ਨਿਵਾਸ ਦੇ ਕਮਰਾ ਨੰਬਰ 47 ਵਿੱਚ ਇੱਕ ਬੰਦਾ ਸੰਤਾਂ ਨੂੰ ਮਾਰਨ ਆਇਆ ਪਰ ਉਸ ਦਾ ਪਿਸਟਲ ਡਿੱਗ ਪਿਆ ਤੇ ਉਹ ਵੀ ਫੜਿਆ ਗਿਆ। ਮੰਜੀ ਸਾਹਿਬ ਦੀਵਾਨ ਹਾਲ 'ਚ ਵੀ ਇੱਕ ਹਮਲਾਵਰ ਸੰਤਾਂ ਨੂੰ ਮਾਰਨ ਆਇਆ ਪਰ ਸੰਤਾਂ ਨੂੰ ਵੇਖ ਕੇ ਉਹ ਡਰ ਗਿਆ। ਚੌਥੀ ਵਾਰ ਮਾਨਾਂਵਾਲ਼ਾ ਚੌਂਕ ਨੇੜੇ ਪੁਲੀਸ ਨੇ ਟਕਸਾਲ ਦੀ ਜੀਪ 'ਤੇ ਰਾਕਟ ਲਾਂਚਰ ਨਾਲ਼ ਇਹ ਸੋਚ ਕੇ ਗੋਲ਼ੇ ਸੁੱਟੇ ਕਿ ਇਸ ਵਿੱਚ ਸਵਾਰ ਹੋ ਕੇ ਸੰਤ ਜਰਨੈਲ ਸਿੰਘ ਮਹਿਤੇ ਨੂੰ ਜਾ ਰਹੇ ਹਨ। ਪਰ ਸੰਤ ਜੀ ਤਾਂ ਜੀਪ ਵਿੱਚ ਮੌਜੂਦ ਨਹੀਂ ਸਨ ਤੇ ਇਸ ਹਮਲੇ 'ਚ ਭਾਈ ਹਰਦੇਵ ਸਿੰਘ ਰੋਡੇ ਸ਼ਹੀਦ ਹੋ ਗਏ ਤੇ ਭਾਈ ਅਨੋਖ ਸਿੰਘ ਉਬੋਕੇ, ਭਾਈ ਪਰਸਾ ਸਿੰਘ ਰੋਡੇ ਤੇ ਉਸ ਦਾ ਭਰਾ ਜ਼ਖ਼ਮੀ ਹੋ ਗਏ।

ਭਾਰਤ ਸਰਕਾਰ, ਪੰਜਾਬ ਸਰਕਾਰ ਤੇ ਅਕਾਲੀ ਦਲ ਹੁਣ ਸੰਤ ਭਿੰਡਰਾਂਵਾਲ਼ਿਆਂ ਨੂੰ ਮਾਰਨ ਲਈ ਇੱਕ-ਮਿੱਕ ਹੋ ਚੁੱਕੇ ਸਨ। ਅਕਾਲੀ ਦਲ ਨੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਅਤੇ ਉਹਨਾਂ ਦੇ ਭਤੀਜੇ ਭਾਈ ਸਵਰਨ ਸਿੰਘ ਰੋਡੇ ਨੂੰ ਮਰਵਾਉਣ ਲਈ ਪੰਜਾਹ ਲੱਖ ਰੁਪਏ ਦੀ ਸੁਪਾਰੀ ਦਿੱਤੀ। ਜਲੰਧਰ ਦੇ ਐੱਸ.ਐੱਸ.ਪੀ. ਭੁੱਲਰ ਰਾਹੀਂ ਇੱਕ ਵੱਡੀ ਸਾਜ਼ਿਸ਼ ਰਚੀ ਗਈ, ਜਸਪਾਲਪੁਰ ਦੇ ਮਸ਼ਹੂਰ ਕਾਤਲ ਸੁਰਿੰਦਰ ਸਿਹੁੰ ਛਿੰਦੇ ਨੂੰ ਇਹਨਾਂ ਕਤਲਾਂ ਲਈ ਚੁਣਿਆ ਗਿਆ। ਅਕਾਲੀ ਦਲ ਦੇ ਸਕੱਤਰ ਗੁਰਚਰਨ ਸਿਹੁੰ ਦੀ ਦੇਖ-ਰੇਖ ਹੇਠ ਇਹ ਸਾਰਾ ਕੰਮ ਹੋ ਰਿਹਾ ਸੀ, ਉਸ ਨੇ ਗੁਰੂ ਰਾਮ ਦਾਸ ਸਰਾਂ ਵਿੱਚ ਛਿੰਦੇ ਨੂੰ 102 ਨੰਬਰ ਕਮਰਾ ਆਪਣੇ ਨਾਂ 'ਤੇ ਲੈ ਕੇ ਦਿੱਤਾ। ਛਿੰਦਾ ਲਗਾਤਾਰ ਸੰਤਾਂ ਦੀ ਰੈਕੀ ਕਰਦਾ ਰਿਹਾ, ਪਰ ਸੰਤਾਂ ਨੂੰ ਮਾਰਨ ਤੇ ਆਪਣੀ ਮੌਤ ਤੋਂ ਉਹ ਡਰਦਾ ਰਿਹਾ। ਫਿਰ ਵਿਸਾਖੀ ਵਾਲ਼ੇ ਦਿਨ ਉਸ ਦੀ ਰਖੇਲ ਬਲਜੀਤ ਕੌਰ ਜੋ ਸੰਤ ਭਿੰਡਰਾਂਵਾਲ਼ਿਆਂ ਨੂੰ ਮਾਰਨ ਦੀ ਤਾਕ ਵਿੱਚ ਪਿਸਟਲ ਭਰ ਕੇ ਸੰਗਤਾਂ 'ਚ ਬੈਠੀ ਰਹੀ ਪਰ ਉਹ ਵੀ ਸੰਤਾਂ ਦਾ ਜਲਾਲ ਅਤੇ ਅੰਗ-ਰੱਖਿਅਕ ਸਿੰਘਾਂ ਨੂੰ ਵੇਖ ਕੇ ਘਾਬਰ ਗਈ। ਫਿਰ ਸੁਰਿੰਦਰ ਸਿਹੁੰ ਛਿੰਦੇ ਅਤੇ ਬਲਜੀਤ ਕੌਰ ਨੇ ਸੰਤਾਂ ਦੀ ਸੱਜੀ ਬਾਂਹ ਤੇ ਸ਼ੇਰ ਦਿਲ ਜੁਝਾਰੂ ਭਾਈ ਸੁਰਿੰਦਰ ਸਿੰਘ ਸੋਢੀ ਨੂੰ 14 ਅਪ੍ਰੈਲ 1984 ਨੂੰ ਧੋਖੇ ਨਾਲ਼ ਗੋਲ਼ੀਆਂ ਮਾਰ ਕੇ ਸ਼ਹੀਦ ਕਰ ਦਿੱਤਾ।

ਸੰਤ ਜਰਨੈਲ ਸਿੰਘ ਨੂੰ ਸਰਕਾਰ ਦੀ ਮਾੜੀ ਨੀਅਤ ਦਾ ਪਤਾ ਸੀ ਇਸ ਲਈ ਉਹ ਫ਼ੌਜੀ ਹਮਲੇ ਦੇ ਮੁਕਾਬਲੇ ਲਈ ਤਿਆਰੀਆਂ ਕੱਸਦੇ ਰਹੇ, ਸ੍ਰੀ ਦਰਬਾਰ ਸਾਹਿਬ 'ਚ ਮੋਰਚਾਬੰਦੀ ਕਰਨ ਦੀ ਡਿਊਟੀ ਜਨਰਲ ਸ਼ਾਬੇਗ ਸਿੰਘ ਦੀ ਸੀ ਜਿਨ੍ਹਾਂ ਨੇ ਕਮਾਲ ਦੀ ਜੰਗੀ ਮੋਰਚਾਬੰਦੀ ਕੀਤੀ। 30 ਮਈ 1984 ਨੂੰ ਹਰਚੰਦ ਸਿੰਘ ਲੌਂਗੋਵਾਲ ਨੇ ਇੰਦਰਾ ਗਾਂਧੀ ਨਾਲ਼ ਫ਼ੋਨ 'ਤੇ ਗੱਲ ਕੀਤੀ ਤੇ ਕਿਹਾ ਕਿ "ਮੋਰਚਾ ਮੇਰੇ ਹੱਥੋਂ ਨਿਕਲ ਚੁੱਕਾ ਹੈ, ਤੁਸੀਂ ਹੁਣ ਜੋ ਚਾਹੋ ਕਰੋ।" ਅਖੌਤੀ ਅਕਾਲੀ ਦਲ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਅਤੇ ਸੰਤ ਭਿੰਡਰਾਂਵਾਲ਼ਿਆਂ ਨੂੰ ਮਰਵਾਉਣ ਲਈ ਹਰੀ ਝੰਡੀ ਦੇ ਦਿੱਤੀ।

ਸਰਕਾਰ ਦਾ ਸਿੱਖਾਂ ਪ੍ਰਤੀ ਰਵੱਈਆ ਬਹੁਤ ਮਾੜਾ ਸੀ, ਇਲੈਕਟ੍ਰੋਨਿਕ ਅਤੇ ਪ੍ਰਿੰਟ ਮੀਡੀਆ ਵੀ ਸਰਕਾਰੀ ਬੋਲੀ ਬੋਲ ਰਿਹਾ ਸੀ। ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਨੂੰ ਮਿਲ਼ਣ ਲਈ ਲੇਖਕਾਂ ਤੇ ਪੱਤਰਕਾਰਾਂ ਦੀ ਭੀੜ ਲੱਗੀ ਰਹਿੰਦੀ ਸੀ ਪਰ ਅਗਲੇ ਦਿਨ ਸੰਤ ਜੀ ਦੇ ਬਿਆਨਾਂ ਨੂੰ ਅਖ਼ਬਾਰਾਂ 'ਚ ਤੋੜ-ਮਰੋੜ ਕੇ ਪੇਸ਼ ਕੀਤਾ ਜਾਂਦਾ। ਸੰਤ ਜੀ ਮੰਜੀ ਸਾਹਿਬ ਦੀਵਾਨ

ਹਾਲ ਦੀ ਸਟੇਜ ਤੋਂ ਅਕਸਰ ਕਹਿੰਦੇ ਸਨ ਕਿ "ਅਖਬਾਰਾਂ ਵਾਲ਼ਿਆਂ ਵੱਲੋਂ ਜ਼ਿਆਦਾਤਰ ਮੇਰੇ ਬਿਆਨਾਂ ਨੂੰ ਛਾਪਿਆ ਨਹੀਂ ਜਾਂਦਾ ਤੇ ਜੋ ਬਿਆਨ ਛਾਪੇ ਜਾਂਦੇ ਹਨ, ਉਹਨਾਂ ਨੂੰ ਗ਼ਲਤ ਰੰਗਤ ਦੇ ਕੇ ਵਿਰੋਧੀ ਢੰਗ ਨਾਲ਼ ਹਿੰਦੂ ਭਾਈਚਾਰੇ ਦੇ ਵਿਰੋਧ 'ਚ ਪੇਸ਼ ਕੀਤਾ ਜਾਂਦਾ ਹੈ।"

ਸਰਕਾਰ ਦਾ ਸਿੱਖਾਂ ਤੇ ਦਿਨੋਂ-ਦਿਨ ਤਸ਼ੱਦਦ ਵੱਧਦਾ ਜਾਂਦਾ ਸੀ। ਉਹਨੀਂ ਦਿਨੀਂ ਪੰਜਾਬ 'ਚ ਜਦੋਂ ਵੀ ਕਿਤੇ ਹਿੰਸਕ ਵਾਰਦਾਤ ਹੁੰਦੀ ਤਾਂ ਉਸ ਨੂੰ ਧੱਕੇ ਨਾਲ਼ ਹੀ ਸੰਤ ਭਿੰਡਰਾਂਵਾਲ਼ਿਆਂ ਦੇ ਮੋਰਚੇ ਨਾਲ਼ ਸਿੱਧੇ ਜਾਂ ਅਸਿੱਧੇ ਢੰਗ ਨਾਲ਼ ਜੋੜ ਦਿੱਤਾ ਜਾਂਦਾ। ਸੰਤ ਭਿੰਡਰਾਂਵਾਲ਼ਿਆਂ ਦੀ ਉੱਚੀ-ਸੁੱਚੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਹਜ਼ਾਰਾਂ ਹੀ ਨੌਜਵਾਨ ਧਰਮ ਹੇਤ ਜੂਝਣ ਲਈ ਤਿਆਰ-ਬਰ-ਤਿਆਰ ਸਨ। ਚੜ੍ਹਦੀ ਕਲਾ ਵਾਲ਼ੇ ਇਸ ਸੁਨਹਿਰੀ ਦੌਰ ਵਿੱਚ ਭਾਵੇਂ ਉਦਾਸੀਆਂ ਦੀਆਂ ਕਈ ਘੜੀਆਂ ਵੀ ਆਉਂਦੀਆਂ ਸਨ ਪਰ ਪਤਾ ਹੀ ਨਹੀਂ ਸੀ ਲੱਗਦਾ ਕਿ ਇਹ ਉਦਾਸੀਆਂ ਨਵੇਂ ਉਤਸ਼ਾਹ ਤੇ ਨਵੀਂ ਪ੍ਰੇਰਨਾ ਦੇ ਸੁਨੇਹੇ ਲੈ ਕੇ ਕਦੋਂ ਉੱਡ ਜਾਂਦੀਆਂ ਸਨ। ਇਹ ਠੀਕ ਹੈ ਕਿ ਭਾਵੇਂ ਧਰਮ ਯੁੱਧ ਮੋਰਚੇ ਦੇ ਡਿਕਟੇਟਰ ਹਰਚੰਦ ਸਿੰਘ ਲੌਂਗੋਵਾਲ ਸਨ ਪਰ ਮੋਰਚੇ ਦੀ ਜ਼ਿੰਦ-ਜਾਨ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ੇ ਹੀ ਸਨ।

ਇੱਧਰ ਜਿਉਂ-ਜਿਉਂ ਸਰਕਾਰ ਦਾ ਸਿੱਖ ਕੌਮ 'ਤੇ ਜ਼ੁਲਮ ਵਧ ਰਿਹਾ ਸੀ, ਤਿਉਂ-ਤਿਉਂ ਸਿੱਖੀ ਜਜ਼ਬਾ ਪ੍ਰਚੰਡ ਹੋ ਰਿਹਾ ਸੀ। ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਨੇ ਸਿੱਖ ਜਵਾਨੀ ਨੂੰ ਸੀਸ ਤਲੀ 'ਤੇ ਰੱਖਣ ਦਾ ਸੱਦਾ ਦਿੰਦਿਆ ਕਿਹਾ ਕਿ "ਜਿੰਨਾ ਚਿਰ ਹਰ ਪਿੰਡ ਵਿੱਚ ਇੱਕ ਮੋਟਰਸਾਈਕਲ ਤੇ ਤਿੰਨ ਨੌਜਵਾਨ ਤੇ ਤਿੰਨ ਵਧੀਆ ਰਿਵਾਲਵਰ ਨਹੀਂ ਲੈਂਦੇ, ਓਨਾ ਚਿਰ ਤਕ ਸ਼ਹੀਦਾਂ ਦੇ ਡੁੱਲ੍ਹੇ ਖ਼ੂਨ, ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ, ਸਿੱਖਾਂ 'ਤੇ ਹੋਏ ਜ਼ੁਲਮ ਤੇ ਧੀਆਂ-ਭੈਣਾਂ ਦੀ ਬੇਪਤੀ ਦਾ ਬਦਲਾ ਨਹੀਂ ਲੈ ਹੋਣਾ।"

ਅਖੌਤੀ ਅਕਾਲੀਆਂ ਨੇ ਸਰਕਾਰ ਨਾਲ਼ ਸਮਝੌਤਾ ਕਰਨਾ ਚਾਹਿਆ, ਪਰ ਸੰਤ ਭਿੰਡਰਾਵਾਲ਼ਿਆਂ ਨੇ ਕਿਹਾ ਕਿ 'ਧਰਮ ਯੁੱਧ ਮੋਰਚੇ' ਦੀ ਪੂਰਤੀ ਤਕ ਸੰਘਰਸ਼ ਜਾਰੀ ਰਹੇਗਾ। ਉਹ ਕਹਿੰਦੇ ਸਨ ਕਿ "ਐਤਕਾਂ ਜੁਸ ਮੂੰਹ ਨੂੰ ਲਾ ਕੇ ਮੋਰਚਾ ਨਹੀਂ ਛੱਡਣ ਦਿੱਤਾ ਜਾਏਗਾ", "ਐਤਕਾਂ ਜਾਂ ਭਾਂਡਿਆਂ ਵਾਲ਼ੀ ਰਹੇਗੀ ਜਾਂ ਟਾਂਡਿਆਂ ਵਾਲ਼ੀ।"

ਆਖ਼ਰ 3 ਜੂਨ 1984 ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ 'ਤੇ ਪੰਜਾਬ ਅਤੇ ਚੰਡੀਗੜ੍ਹ 'ਚ ਰਾਤ ਨੌਂ ਵਜੇ ਕਰਫ਼ਿਊ ਲਾ ਕੇ 4 ਜੂਨ ਨੂੰ ਅੰਮ੍ਰਿਤ ਵੇਲ਼ੇ 4 ਵੱਜ ਕੇ 40 ਮਿੰਟ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸੰਤ ਜਰਨੈਲ ਸਿੰਘ ਨੂੰ ਨਿਸ਼ਾਨਾ ਬਣਾ ਕੇ ਭਾਰਤੀ ਫ਼ੌਜ ਨੇ ਗੋਲ਼ਾ ਦਾਗ ਦਿੱਤਾ। ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਵਿੱਤਰਤਾ ਦੀ ਰਾਖੀ ਲਈ ਸਿੰਘ-ਸੂਰਮੇ ਭਾਰਤੀ ਫ਼ੌਜ ਨਾਲ਼ ਟੱਕਰ ਲੈਣ ਲੱਗੇ। ਇਸ ਫ਼ੌਜੀ ਹਮਲੇ ਦਾ ਮਕਸਦ ਸਿੱਖਾਂ ਦੇ ਸੱਭਿਆਚਾਰ ਨੂੰ ਖ਼ਤਮ ਕਰਨਾ ਅਤੇ ਜਜ਼ਬੇ ਤੇ ਸਵੈਮਾਣ ਨੂੰ ਸੱਟ ਮਾਰਨਾ ਸੀ। ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਕੇ ਹਿੰਦ ਹਕੂਮਤ ਸਿੱਖਾਂ ਦੇ ਸੰਘਰਸ਼ ਨੂੰ ਕੁਚਲਣਾ ਚਾਹੁੰਦੀ ਸੀ ਤੇ ਸੰਤ ਜਰਨੈਲ ਸਿੰਘ ਸਮੇਤ ਬਾਕੀ ਜੁਝਾਰੂਆਂ ਨੂੰ ਸਰੀਰਕ ਤੌਰ 'ਤੇ ਖ਼ਤਮ ਕਰ ਕੇ ਪੂਰੀ ਕੌਮ ਨੂੰ ਸਬਕ ਸਿਖਾਉਣੀ ਚਾਹੁੰਦੀ ਸੀ। ਇਹ ਹਮਲਾ ਕੇਵਲ ਕਾਂਗਰਸ ਨੇ ਨਹੀਂ ਬਲਕਿ ਪੂਰੇ ਭਾਰਤ ਦੇ ਰਾਜਤੰਤਰ ਨੇ ਕੀਤਾ ਸੀ ਜਿਸ ਦੀ ਅਗਵਾਈ ਪ੍ਰਧਾਨ ਮੰਤਰੀ ਇੰਦਰਾਂ ਗਾਂਧੀ ਨੇ ਕੀਤੀ ਤੇ ਸਮਰਥਨ ਭਾਜਪਾ, ਆਰ.ਐੱਸ.ਐੱਸ., ਅਖੌਤੀ ਅਕਾਲੀ ਦਲ, ਕਾਮਰੇਡ ਪਾਰਟੀਆਂ ਤੇ ਸਮੁੱਚੀਆਂ ਫ਼ਿਰਕੂ ਕੱਟੜਵਾਦੀ ਜਮਾਤਾਂ ਨੇ ਕੀਤਾ ਸੀ।

ਮੋਰਚਿਆਂ ਵਿੱਚ ਸਿੰਘ ਸ਼ਹਾਦਤਾਂ ਪਾ ਗਏ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਗੁੰਬਦ ਵੀ ਤੋਪਾਂ ਦੇ ਗੋਲ਼ਿਆਂ ਨਾਲ਼ ਉੱਡ ਚੁੱਕਾ ਸੀ।

6 ਜੂਨ ਦੀ ਸਵੇਰੇ ਸਾਢੇ ਕੁ ਸੱਤ ਵਜੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਨੇ ਬਚੇ ਸਿੰਘਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਭੋਰੇ ਹੇਠ ਇਕੱਠਾ ਕੀਤਾ ਤੇ ਸ੍ਰੀ ਦਰਬਾਰ ਸਾਹਿਬ ਦੀ ਰਾਖੀ ਲਈ ਕੀਤੇ ਪ੍ਰਣ ਪ੍ਰਤੀ ਸੰਤੁਸ਼ਟਤਾ ਪ੍ਰਗਟ ਕੀਤੀ ਕਿ ਵੈਰੀਆਂ ਨੂੰ ਚੰਗੀ ਤਰ੍ਹਾਂ



ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦੇ ਦੋ ਭਰਾ ਕੈਪਟਨ ਹਰਚਰਨ ਸਿੰਘ ਰੋਡੇ ਅਤੇ ਭਾਈ ਹਰਜੀਤ ਸਿੰਘ ਰੋਡੇ ਨਾਲ਼ ਲੇਖਕ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ

ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ੇ, ਭਾਈ ਅਮਰੀਕ ਸਿੰਘ, ਜਨਰਲ ਸ਼ਾਬੇਗ ਸਿੰਘ, ਬਾਬਾ ਠਾਹਰਾ ਸਿੰਘ ਤੇ ਹੋਰਾਂ ਜੁਝਾਰੂਆਂ ਨੇ 'ਧਰਮ ਹੇਤ ਸੀਸ ਦੇਣ' ਦਾ ਨਿਸ਼ਚਾ ਕੀਤਾ ਹੋਇਆ ਸੀ। ਦਮਦਮੀ ਟਕਸਾਲ, ਫ਼ੈਡਰੇਸ਼ਨ ਅਤੇ ਕਾਰ ਸੇਵਾ ਹਜ਼ੂਰ ਸਾਹਿਬ ਵਾਲ਼ੇ ਤੇ ਕਈ ਹੋਰ ਜੁਝਾਰੂ ਹਥਿਆਰਾਂ ਨਾਲ਼ ਲੈਸ ਹੋ ਕੇ ਭਾਰਤੀ ਫ਼ੌਜ ਵਿਰੁੱਧ ਲਗਾਤਾਰ ਜੂਝ ਰਹੇ ਸਨ। ਸਿੰਘਾਂ ਨੇ ਭਾਰਤੀ ਫ਼ੌਜਾਂ ਦੇ ਸੱਥਰ ਵਿਛਾ ਦਿੱਤੇ, ਭਾਰਤੀ ਫ਼ੌਜਾਂ ਦੇ ਜਰਨੈਲਾਂ ਨੇ ਸੋਚਿਆ ਵੀ ਨਹੀਂ ਸੀ ਕਿ ਸੰਤ ਜਰਨੈਲ ਸਿੰਘ ਦੇ ਜਾਂਬਾਜ਼ ਯੋਧੇ ਉਹਨਾਂ ਦਾ ਐਨਾ ਨੁਕਸਾਨ ਕਰ ਦੇਣਗੇ। 5 ਜੂਨ ਦੀ ਰਾਤ ਨੂੰ ਸਾਢੇ ਦਸ ਵਜੇ ਸ੍ਰੀ ਦਰਬਾਰ ਸਾਹਿਬ ਅੰਦਰ ਟੈਂਕ ਵਾੜੇ ਗਏ ਤੇ ਪ੍ਰਕਰਮਾ 'ਚ ਬਾਬਾ ਦੀਪ ਸਿੰਘ ਦੇ ਸ਼ਹੀਦੀ ਬੁੰਗੇ ਲਾਗੇ ਗਿਆਨੀ ਮੋਹਰ ਸਿੰਘ ਨੇ ਇੱਕ ਟੈਂਕ ਓਥੇ ਹੀ ਰੋਕ ਦਿੱਤਾ ਤੇ ਉਸ ਦੀਆਂ ਦੋ ਭੁਝੰਗਣਾਂ ਨੇ ਆਪਣੇ ਸਰੀਰ 'ਤੇ ਬਰੂਦ ਬੰਨ੍ਹ ਕੇ ਕਈ ਫ਼ੌਜੀ ਮੌਤ ਦੇ ਘਾਟ ਉਤਾਰ ਦਿੱਤੇ। ਜਨਰਲ ਸ਼ਾਬੇਗ ਸਿੰਘ ਜੀ ਨੇ ਤਿੰਨ ਰਾਕਟ ਲਾਂਚਰ ਦੇ ਗੋਲ਼ੇ ਮਾਰ ਕੇ ਤਿੰਨ ਟੈਂਕ ਨਕਾਰਾ ਕਰ ਦਿੱਤੇ। 6 ਜੂਨ ਦੀ ਸਵੇਰ ਤਕ ਭਾਰਤੀ ਫ਼ੌਜਾਂ ਨੇ ਟੈਂਕਾਂ-ਤੋਪਾਂ, ਮਸ਼ੀਨਗੰਨਾਂ, ਹੈਲੀਕਾਪਟਰਾਂ, ਰਾਕਟ ਲਾਂਚਰਾਂ, ਬਖ਼ਤਰਬੰਦ ਗੱਡੀਆਂ ਅਤੇ ਜ਼ਹਿਰਲੀਆਂ ਗੈਸਾਂ ਨਾਲ਼ ਪੂਰੀ ਤਾਕਤ ਲਾ ਕੇ ਹੱਲਾ ਬੋਲ ਦਿੱਤਾ ਤੇ ਬਹੁਤੇ ਲੋਹੇ ਦੇ ਚਣੇ ਚਬਾਏ ਹਨ ਤੇ ਹਿੰਦੁਸਤਾਨੀ ਧਾੜਵੀਆਂ ਦੇ ਆਹੂ ਲਾਹੇ ਹਨ। ਤਕਰੀਬਨ ਪੌਣੇ ਕੁ ਨੌਂ ਵਜੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ੇ ਆਪਣੇ ਸਾਥੀਆਂ ਭਾਈ ਅਮਰੀਕ ਸਿੰਘ, ਭਾਈ ਦਾਰਾ ਸਿੰਘ ਡਰਾਇਵਰ, ਭਾਈ ਸੰਤੋਖ ਸਿੰਘ ਟੋਪਾਂ ਵਾਲ਼ਿਆਂ ਤੇ ਹੋਰ 20-25 ਸਿੰਘਾਂ ਸਮੇਤ ਗੁਰੂ ਚਰਨਾਂ 'ਚ ਅਰਦਾਸ ਕਰ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਬਾਹਰਲੀਆਂ ਪੌੜੀਆਂ ਤੋਂ ਹੇਠਾਂ ਉੱਤਰੇ ਤੇ ਭਾਰਤੀ ਫ਼ੌਜੀਆਂ ਉੱਤੇ ਸਿੱਧੀ ਫਾਇਰਿੰਗ ਸ਼ੁਰੂ ਕਰ ਦਿੱਤੀ। ਫ਼ੌਜੀਆਂ ਦੀਆਂ ਲਾਸ਼ਾਂ ਦੇ ਢੇਰ ਲੱਗ ਰਹੇ ਸੀ। 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਦੀ ਗੂੰਜ 'ਚ ਦੁਸ਼ਮਣਾਂ ਨੂੰ ਲਲਕਾਰਦੇ ਗੁਰੂ ਕੇ ਲਾਲਾਂ ਦਾ ਇਹ ਨਿਆਰਾ ਤੇ ਵਿਲੱਖਣ ਕੌਤਕ ਵੇਖ ਕੇ ਭਾਰਤੀ ਫ਼ੌਜੀਆਂ ਦੇ ਕਾਲਜੇ ਕੰਬ ਗਏ। ਮੀਰੀ-ਪੀਰੀ ਦੇ ਦੋ ਨਿਸ਼ਾਨ ਸਾਹਿਬਾਂ ਦੇ ਨੇੜੇ ਆਪਣੀ ਅਸਾਲਟ ਰਾਈਫ਼ਲ ਨਾਲ਼ ਆਹਮੋ-ਸਾਮ੍ਹਣੇ ਜੰਗ ਕਰਦੇ ਹੋਏ 6 ਜੂਨ 1984 ਨੂੰ ਸਵੇਰੇ ਨੌਂ ਕੁ ਵਜੇ ਦੇ ਕਰੀਬ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਨੇ ਕੜਾਹ ਪ੍ਰਸ਼ਾਦਿ ਵਾਲ਼ੇ ਪਾਸਿਓਂ ਫ਼ੌਜ ਦੀਆਂ ਗੋਲ਼ੀਆਂ ਦਾ ਬਰੱਸਟ ਵੱਜਣ ਨਾਲ਼ ਸ਼ਹਾਦਤ ਪ੍ਰਾਪਤ ਕੀਤੀ। ਜਨਰਲ ਸ਼ਾਬੇਗ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਭੋਰੇ ਵਿੱਚ ਰਾਤ ਹੀ 12 ਕੁ ਵਜੇ ਸ਼ਹੀਦੀ ਪਾ ਚੁੱਕੇ ਸਨ ਤੇ ਹੋਰ ਵੀ ਅਨੇਕਾਂ ਸਿੰਘਾਂ ਨੇ ਧਰਮ ਲਈ ਹੱਸ-ਹੱਸ ਕੇ ਜਾਨ

ਵਾਰੀਆਂ।

ਭਾਰਤੀ ਫ਼ੌਜਾਂ ਦੇ ਜਰਨੈਲ ਬੜੀਆਂ ਫੜ੍ਹਾਂ ਮਾਰਦੇ ਸਨ ਕਿ "ਅਸੀਂ ਦੋ ਘੰਟਿਆਂ 'ਚ ਹੀ ਸੰਤ ਜਰਨੈਲ ਸਿੰਘ ਤੇ ਉਹਨਾਂ ਦੇ ਸਾਥੀਆਂ ਨੂੰ ਫੜ ਲਿਆਵਾਂਗੇ...।" ਦੂਜੇ ਪਾਸੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ੇ ਆਖਦੇ ਸਨ ਕਿ "ਭਾਵੇਂ ਵੀਹ ਦੀ ਵੀ ਤੀਹ ਲੱਖ ਫ਼ੌਜ ਚੜ੍ਹ ਕੇ ਆ ਜਾਵੇ, ਵੇਖਿਓ ਇਹਨਾਂ ਦੀਆਂ ਕਿਵੇਂ ਢੇਰੀਆਂ ਲਾ ਕੇ ਤੋਰਦਾ... ਇੱਕ ਵਾਰ ਆਉਣ ਲੈਣ ਦਿਓ ਸਈਂ...।"

ਭਾਰਤੀ ਫ਼ੌਜ ਨੂੰ ਆਪਣੀ ਤਾਕਤ 'ਤੇ ਬੜਾ ਹੰਕਾਰ ਸੀ ਜੋ ਕਲਗੀਧਰ ਦੇ ਲਾਲਾਂ ਨੇ ਚਕਨਾਚੂਰ ਕਰ ਦਿੱਤਾ। ਜਨਰਲ ਕੁਲਦੀਪ ਬਰਾੜ ਕਹਿੰਦਾ ਸੀ ਕਿ "ਜਦੋਂ ਟੈਂਕ ਗੂੰਜਦੇ ਨੇ, ਜਹਾਜ਼ ਸ਼ੂਕਦੇ ਨੇ, ਗੋਲ਼ੀਆਂ ਵਰ੍ਹਦੀਆਂ ਨੇ, ਜ਼ਮੀਨ ਅੱਗ ਛੱਡਦੀ ਏ ਤਾਂ ਕਹਿੰਦੇ-ਕਹਾਉਂਦੇ ਜਰਨੈਲਾਂ ਦੀਆਂ ਵੀ ਲੱਤਾਂ ਕੰਬਣ ਲਗ ਜਾਂਦੀਆਂ ਨੇ...।"

ਤੇ ਇੱਧਰੋਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ੇ ਕਹਿੰਦੇ ਹੁੰਦੇ ਸਨ ਕਿ "ਅਸੀਂ ਉਹਨਾਂ ਦੇ ਵਾਰਸ ਆਂ ਜੋ ਤੱਤੀਆਂ ਤਵੀਆਂ 'ਤੇ ਬਹਿ ਗਏ, ਆਰਿਆਂ ਨਾਲ਼ ਚੀਰੇ ਗਏ, ਚਰਖੜ੍ਹੀਆਂ 'ਤੇ ਚੜ੍ਹ ਗਏ, ਬੰਦ-ਬੰਦ ਕਟਵਾ ਗਏ ਪਰ ਦੁਸ਼ਮਣਾਂ ਦੀ ਈਨ ਨਾ ਮੰਨੀ। ਸਾਡੇ ਪੁਰਖਿਆਂ ਨੇ ਨਾਗਣੀ-ਬਰਛੇ ਨਾਲ਼ ਮਸਤ ਹਾਥੀ ਦਾ ਮੱਥਾ ਵਿੰਨ੍ਹ ਦਿੱਤਾ ਤੇ ਇਕੱਲਾ-ਇਕੱਲਾ ਸਿੰਘ ਸਵਾ-ਸਵਾ ਲੱਖ ਨਾਲ਼ ਜਾ ਟਕਰਾਇਆ ਤੇ 80 ਸਾਲ ਦੀ ਉਮਰ 'ਚ ਵੀ ਬਾਬਾ ਦੀਪ ਸਿੰਘ ਨੇ ਜਾ ਖੰਡਾ ਖੜਕਾਇਆ। ਜਿਹੜਾ ਸਾਨੂੰ ਖ਼ਤਮ ਕਰਨ ਜਾਂ ਚੁੱਕਣ ਆਇਆ ਉਹ ਆਪਣਾ ਕੱਫ਼ਣ ਜ਼ਰੂਰ ਸਿਰ 'ਤੇ ਬੰਨ੍ਹ ਕੇ ਆਵੇ, ਜ਼ਿੰਦਾ ਨਹੀਂ ਕਿਸੇ ਨੇ ਮੁੜਨਾ, ਇਹ ਚੇਤਾ ਰੱਖ ਲਿਉ...।"

ਸੱਚਮੁੱਚ ਜੂਨ 1984 ਦੇ ਘੱਲੂਘਾਰੇ 'ਚ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ, ਭਾਈ ਅਮਰੀਕ ਸਿੰਘ ਤੇ ਜਨਰਲ ਸ਼ਾਬੇਗ ਸਿੰਘ ਦੀ ਕਮਾਂਡ ਹੇਠ ਜੁਝਾਰੂ ਸਿੰਘ ਏਨੀ ਬਹਾਦਰੀ ਨਾਲ਼ ਲੜੇ ਕਿ ਭਾਰਤੀ ਫ਼ੌਜਾਂ ਦੇ ਜਰਨੈਲ ਅੱਸ਼-ਅੱਸ਼ ਕਰ ਉੱਠੇ, ਉਹਨਾਂ ਦੇ ਪਸੀਨੇ ਛੁੱਟ ਗਏ, ਧਰਤੀ ਹਿੱਲ ਗਈ ਤੇ ਮੂੰਹ 'ਤੇ ਉਂਗਲਾ ਧਰੀਆਂ ਰਹਿ ਗਈਆਂ ਕਿ ਆਹ ਕੀ ਹੋ ਗਿਆ। ਆਖ਼ਰ ਭਾਰਤੀ ਫ਼ੌਜ ਨੇ ਖ਼ਾਲਸਾ ਫ਼ੌਜਾਂ ਹੱਥੋਂ ਆਪਣੀ ਹਾਰ ਹੁੰਦੀ ਵੇਖ ਕੇ ਟੈਂਕ ਮੰਗਵਾਏ। ਤੇ ਏਧਰ ਆਪਣੇ ਜਾਨੋਂ ਪਿਆਰੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਾਖੀ ਲਈ ਸਿੰਘ-ਸੂਰਮੇ ਆਖ਼ਰੀ ਸਾਹ ਤੇ ਆਖ਼ਰੀ ਗੋਲ਼ੀ ਤਕ ਜੂਝ ਕੇ ਚਮਕੌਰ ਦੀ ਗੜ੍ਹੀ ਵਾਲ਼ਾ ਸ਼ਾਨਾਮੱਤਾ ਇਤਿਹਾਸ ਦੁਹਰਾਅ ਗਏ।

ਦੂਜੇ ਪਾਸੇ ਅਕਾਲੀ ਆਗੂ ਹਰਚੰਦ ਸਿੰਘ ਲੌਂਗੋਵਾਲ, ਗੁਰਚਰਨ ਸਿੰਘ ਟੌਹੜਾ, ਵਿਰਸਾ ਸਿੰਘ ਵਲਟੋਹਾ ਆਦਿਕ ਬਾਂਹਾਂ ਖੜ੍ਹੀਆਂ ਕਰ ਗਏ, ਸ਼ਹੀਦਾਂ ਦੀਆਂ ਲਾਸ਼ਾਂ 'ਤੇ ਪੈਰ ਰੱਖ ਕੇ ਫ਼ੌਜ ਦੀਆਂ ਗੱਡੀਆਂ 'ਚ ਬੀਬੇ ਪੁੱਤ ਬਣ ਕੇ ਬਹਿ ਗਏ ਤੇ ਧਰਮ ਯੁੱਧ ਮੋਰਚੇ ਤੋਂ ਖਹਿੜਾ ਛੁਡਾ ਕੇ ਜੇਲ੍ਹਾਂ 'ਚ ਸੁਰੱਖਿਅਤ ਪਹੁੰਚ ਗਏ। ਸੰਤ ਜਰਨੈਲ ਸਿੰਘ ਨੇ ਸਦੀਵੀ ਤੌਰ 'ਤੇ ਕੌਮ ਦਾ ਪਿਆਰ ਤੇ ਹਰਚੰਦ ਸਿੰਘ ਲੌਂਗੋਵਾਲ ਨੇ ਕਲੰਕ ਖੱਟ ਲਿਆ ਤੇ ਰਾਜੀਵ-ਲੌਂਗੋਵਾਲ ਸਮਝੌਤਾ ਕਰਕੇ ਮੌਤ ਨੂੰ ਸਹੇੜ ਲਿਆ। ਅੱਜ ਹਰਚੰਦ ਸਿਹੁੰ ਲੌਂਗੋਵਾਲ ਦਾ ਕੋਈ ਨਾਂ ਲੈਣ ਨੂੰ ਤਿਆਰ ਨਹੀਂ ਤੇ ਸੰਤ ਜਰਨੈਲ ਸਿੰਘ ਦਾ ਨਾਂ ਪੂਰੀ ਦੁਨੀਆਂ 'ਚ ਚਮਕ ਰਿਹਾ ਹੈ। ਸੰਤ ਭਿੰਡਰਾਂਵਾਲ਼ੇ ਆਪ ਨਹੀਂ ਸਨ ਵਿਕੇ, ਤਾਂ ਹੀ ਅੱਜ ਉਹਨਾਂ ਦੀਆਂ ਤਸਵੀਰਾਂ ਵਿਕ ਰਹੀਆਂ ਹਨ। ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦੀ ਯਾਦ 'ਚ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਗੁਰਦੁਆਰਾ ਸ਼ਹੀਦੀ ਯਾਦਗਾਰ ਬਣ ਚੁੱਕਾ ਹੈ ਤੇ ਸ਼ਹੀਦੀ ਗੈਲਰੀ ਵੀ ਸਥਾਪਿਤ ਹੋ ਚੁੱਕੀ ਹੈ। ਸੰਤਾਂ ਦੀ ਇਹ ਅਰਦਾਸ ਪ੍ਰਵਾਨ ਹੋਈ ਕਿ "ਜਿਸ ਤਰ੍ਹਾਂ ਬਾਬਾ ਦੀਪ ਸਿੰਘ ਜੀ ਨੇ ਧਰਮ ਅਸਥਾਨ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਅਤੇ ਕੌਮ ਦੀ ਅਣਖ਼ ਜਗਾਉਣ ਵਾਸਤੇ



ਕੁਰਬਾਨੀ ਕੀਤੀ ਸੀ, ਮੇਰੀ ਵੀ ਸਤਿਗੁਰਾਂ ਅੱਗੇ ਇਹ ਹੀ ਮੰਗ ਹੈ, ਸੱਚੇ ਪਾਤਸ਼ਾਹ ਕੌਮ ਨੂੰ ਬਲ ਬਖ਼ਸ਼ਣ।"

ਸੰਤ ਭਿੰਡਰਾਂਵਾਲ਼ਿਆਂ ਦੀ ਸ਼ਹੀਦੀ ਦੇਹ ਦੀ ਪੋਸਟ ਮਾਰਟਮ ਰਿਪੋਰਟ ਅਨੁਸਾਰ ਸੰਤਾਂ ਦੇ ਸਰੀਰ 'ਤੇ 14 ਗੋਲ਼ੀਆਂ ਲੱਗੀਆਂ। ਦੋ ਗੋਲ਼ੀਆਂ ਉਹਨਾਂ ਦੀ ਛਾਤੀ 'ਚ, ਇੱਕ ਡੌਲ਼ੇ 'ਚ, ਸੱਤ ਸਿਰ ਦੇ ਇੱਕ ਪਾਸੇ, ਇੱਕ ਪਿੰਨੀ 'ਚ ਤੇ ਤਿੰਨ ਪੈਰਾਂ 'ਚ ਵੱਜੀਆਂ। ਉਹਨਾਂ ਦਾ ਸਸਕਾਰ 8 ਜੂਨ ਨੂੰ ਸਵੇਰੇ ਦਸ ਵਜੇ ਦੇ ਕਰੀਬ ਭਾਰਤੀ ਫ਼ੌਜ ਅਤੇ ਪੁਲੀਸ ਦੀ ਨਿਗਰਾਨੀ 'ਚ ਸ੍ਰੀ ਅੰਮ੍ਰਿਤਸਰ ਵਿਖੇ ਗੁ. ਸ਼ਹੀਦ ਗੰਜ ਬਾਬਾ ਦੀਪ ਸਿੰਘ ਦੇ ਨੇੜੇ ਸ਼ਮਸ਼ਾਨ ਘਾਟ ਵਿੱਚ ਹੋਇਆ। ਇਹ ਸਾਰਾ ਦ੍ਰਿਸ਼ ਬਾਬਾ ਬੁੱਧ ਸਿੰਘ ਨੇ ਕੰਧ ਵਿਚਲੇ ਸੁਰਾਖ਼ ਰਾਹੀਂ ਅੱਖੀਂ ਵੇਖਿਆ ਜੋ ਸ਼ਮਸ਼ਾਨ ਘਾਟ ਦੇ ਨੇੜੇ ਹੀ ਹਵੇਲੀ ਰਾਂਝੇ ਵਾਲ਼ੀ 'ਚ ਰਹਿੰਦੇ ਸਨ ਤੇ ਉਸ ਸਮੇਂ ਸ਼ਮਸ਼ਾਨ ਘਾਟ ਦੇ ਨਾਲ਼ ਲੱਗਦੇ ਮੱਲ ਅਖਾੜੇ ਵਿੱਚ ਮੌਜੂਦ ਸਨ। ਮੜ੍ਹੀਆਂ ਵਿਚਲੇ ਦੋ ਮੁਲਾਜ਼ਮਾਂ ਗੰਗਾ ਰਾਮ ਅਤੇ ਬਾਊ ਰਾਮ ਨੇ ਗੱਡੀ ਵਿੱਚ ਹੀ ਸੰਤਾਂ ਦਾ ਇਸ਼ਨਾਨ ਕਰਵਾਇਆ, ਫ਼ੌਜ ਦੀ ਗੱਡੀ ਭੇਜ ਕੇ ਨੇੜਲੇ ਗੁਰਦੁਆਰਾ ਰਾਮਸਰ ਸਾਹਿਬ ਤੋਂ ਗ੍ਰੰਥੀ ਮਨਜੀਤ ਸਿੰਘ ਨੂੰ ਅਰਦਾਸ ਲਈ ਲਿਆਂਦਾ ਗਿਆ।

ਡੀ.ਐੱਸ.ਪੀ. ਅਪਾਰ ਸਿੰਘ ਬਾਜਵਾ ਅਤੇ ਐੱਸ.ਪੀ. ਸੀਤਲ ਦਾਸ ਨੇ ਸੰਤਾਂ ਦਾ ਸਸਕਾਰ ਸਿੱਖ ਮਰਯਾਦਾ ਅਨੁਸਾਰ ਕਰਨ 'ਤੇ ਜ਼ੋਰ ਦਿੱਤਾ। ਥਾਣਾ ਬੀ-ਡਵੀਜ਼ਨ ਦੇ ਐੱਸ.ਐੱਚ.ਓ. ਸੁਰਿੰਦਰਪਾਲ ਸਿੰਘ ਅਤੇ ਇੰਸਪੈਕਟਰ ਨਿਰਮਲ ਸਿੰਘ ਵੀ ਓਥੇ ਮੌਜੂਦ ਸਨ। ਥਾਣਾ ਬੀ-ਡਵੀਜ਼ਨ ਦੇ ਪੁਲੀਸ ਮੁਲਾਜ਼ਮ ਚਿੰਮਾ ਭਲਵਾਨ ਨੂੰ ਘਿਓ ਅਤੇ ਕੱਫ਼ਨ ਲਿਆਉਣ ਲਈ ਆਖਿਆ ਗਿਆ ਪਰ ਕਰਫ਼ਿਊ ਕਾਰਨ ਦੁਕਾਨਾਂ ਬੰਦ ਸਨ। ਫਿਰ ਇੱਕ ਜਾਣਕਾਰ ਅਵਤਾਰ ਸਿੰਘ ਤਾਰੀ (ਸੁਲਤਾਨਵਿੰਡ) ਦੇ ਘਰੋਂ ਘਿਓ ਲਿਆਂਦਾ ਗਿਆ। ਗੰਗਾ ਰਾਮ ਅਤੇ ਬਾਊ ਰਾਮ ਨੇ ਸੰਤ ਭਿੰਡਰਾਂਵਾਲ਼ਿਆਂ ਅਤੇ ਭਾਈ ਅਮਰੀਕ ਸਿੰਘ ਦੀਆਂ ਦੋ ਵੱਖੋ-ਵੱਖਰੀਆਂ ਚਿਖ਼ਾਂ ਚਿਣੀਆਂ ਤੇ ਸੰਤਾਂ ਦੀ ਚਿਖ਼ਾ ਨੂੰ ਗੰਗਾ ਰਾਮ ਨੇ ਅਗਨੀ ਵਿਖਾਈ। ਸੰਤਾਂ ਦੇ ਫੁੱਲ 14 ਜੂਨ 1984 ਨੂੰ ਕੀਰਤਪੁਰ ਸਾਹਿਬ ਵਿਖੇ ਜਲ ਪ੍ਰਵਾਹ ਕੀਤੇ ਗਏ ਜਿਨ੍ਹਾਂ ਦਾ ਰਿਕਾਰਡ ਗੁਰਦੁਆਰਾ ਪਤਾਲਪੁਰੀ ਸਾਹਿਬ ਦੇ ਰਿਕਾਰਡ ਵਿੱਚ ਮੌਜੂਦ ਹੈ।

ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਦੇ ਨਿਰਣਾਇਕ ਬਚਨ ਕਿ "ਜੇ ਭਾਰਤ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਤਾਂ ਖ਼ਾਲਿਸਤਾਨ ਦੀ ਨੀਂਹ ਰੱਖੀ ਜਾਏਗੀ। ਜਿੱਦੋਂ ਏਸ ਅਸਥਾਨ 'ਤੇ ਪੁਲੀਸ ਵੱਲੋਂ ਹੁਣ ਹਮਲਾ ਹੋਇਆ ਤਾਂ ਦੁਨੀਆਂ 'ਚ ਇਹ ਮਿਸਾਲ ਬਣੇਗੀ ਕਿ ਖ਼ਾਲਿਸਤਾਨ ਬਣਿਆਂ ਓਸ ਦਿਨ ਜ਼ਰੂਰ ਖ਼ਾਲਿਸਤਾਨ ਬਣੇਗਾ। ਹਰ ਇੱਕ ਨੌਜੁਆਨ, ਮਾਤਾ, ਬੀਬੀ ਤੇ ਬਜ਼ੁਰਗ ਨੂੰ ਹਿਰਦੇ ਵਿੱਚ ਇਹ ਗੱਲ ਘਰ ਕਰ ਲੈਣੀ ਚਾਹੀਦੀ ਆ ਕਿ ਅਸੀਂ ਗ਼ੁਲਾਮ ਹਾਂ ਤੇ ਅਜ਼ਾਦ ਹੋਣਾ। ਹੁਣ ਸਿਰ ਜਿੰਨੇ ਮਰਜ਼ੀ ਲਾਉਣੇ ਪੈਣ, ਅਜ਼ਾਦ ਜ਼ਰੂਰ ਹੋਣਾ। ਇਸ ਅਜ਼ਾਦੀ ਨੂੰ ਨਾ ਮੈਂ ਕਦੇ ਅਜ਼ਾਦੀ ਕਿਹਾ, ਨਾ ਕਹਿਨਾ ਤੇ ਨਾ ਅਜੇ ਕਹਿਣਾ, ਜਦੋਂ ਅਜ਼ਾਦ ਹੋਵਾਂਗੇ ਕਹਿ ਲਵਾਂਗੇ। ਸਿੱਖ ਭਾਰਤ 'ਚ ਗ਼ੁਲਾਮ ਨੇ, ਅਸੀਂ ਗ਼ੁਲਾਮੀ ਦੀਆਂ ਜ਼ੰਜੀਰਾਂ ਕੱਟਣੀਆਂ।"

ਘੱਲੂਘਾਰੇ ਪਿੱਛੋਂ ਸੰਤ ਜਰਨੈਲ ਸਿੰਘ ਦੇ ਇਹਨਾਂ ਬੋਲਾਂ 'ਤੇ ਦ੍ਰਿੜਤਾ ਨਾਲ਼ ਪਹਿਰਾ ਦਿੰਦਿਆਂ ਸਿੱਖ ਜਵਾਨੀ ਨੇ ਆਪਣੇ ਘਰਾਂ-ਪਰਿਵਾਰਾਂ ਦੇ ਮੋਹ ਤਿਆਗ ਕੇ ਖ਼ਾਲਿਸਤਾਨ ਦੀ ਪ੍ਰਾਪਤੀ ਲਈ ਜੂਝਦਿਆਂ ਆਪਣੇ ਖ਼ੂਨ ਦਾ ਕਤਰਾ-ਕਤਰਾ ਵਹਾ ਦਿੱਤਾ ਤੇ ਹਿੰਦੁਸਤਾਨ ਦੀ ਹਕੂਮਤ ਵਿਰੁੱਧ ਇੱਕ ਦਹਾਕਾ ਹਥਿਆਰਬੰਦ ਲੜਾਈ ਲੜੀ। ਅੱਜ ਹੁਣ ਜਦੋਂ ਥਾਂ-ਥਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਹੋ ਰਹੀਆਂ ਹਨ, ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਵੀ ਬੰਦੀ ਸਿੰਘਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹੈ, ਨਸ਼ਿਆਂ ਰਾਹੀਂ ਪੰਜਾਬ ਦੀ ਜਵਾਨੀ ਮੁਕਾਈ ਜਾ ਰਹੀ ਹੈ, ਪਤਿਤਪੁਣਾਂ ਜ਼ੋਰਾਂ 'ਤੇ ਹੈ, ਅਸ਼ਲੀਲਤਾ ਵੱਧਦੀ ਜਾ ਰਹੀ ਹੈ, ਹਿੰਦੁਤਵੀ ਸਰਕਾਰ ਸਿੱਖਾਂ 'ਤੇ ਜ਼ੁਲਮ ਕਰਦੀ ਹੈ ਤਾਂ ਦਿਲ 'ਚੋਂ ਹੂਕ ਨਿਕਲਦੀ ਹੈ ਕਿ:-

**ਹੂਕ ਮੇਰੀ ਬਾਬਾ ਸੁਣ ਸਾਡੀ ਜਵਾਨੀ ਵੇਖ,**
**ਸੜਕਾਂ ਤੇ ਨਹਿਰਾਂ ਉੱਤੇ ਖ਼ੂਨ ਦੀ ਕਹਾਣੀ ਵੇਖ।**
**ਪਾਨ ਤੇ ਸੁਪਾਰੀ ਵਾਲ਼ੇ ਸਾਡੇ ਰਾਜ ਕਰਨ,**
**ਖ਼ਾਲਸੇ ਦੀ ਚਮਕ ਵਿੱਚ ਆਪਣੀ ਹੀ ਹਾਨੀ ਵੇਖ।**
**ਭੇਜਦੇ ਜਰਨੈਲ ਸਾਡਾ ਡਾਢੀ ਹੁਣ ਲੋੜ ਹੈ,**
**ਕੁਰਸੀ ਅਤੇ ਪੈਸੇ ਦੀ ਲੱਗੀ ਸਭ ਹੋੜ ਹੈ।**
**ਕਲਯੁੱਗ ਹੈ ਜੋਬਨ ਉੱਤੇ, ਗ਼ੱਦਾਰ ਦਾ ਜ਼ੋਰ ਹੈ,**
**ਤੇਰੇ ਤੋਂ ਬਗੈਰ ਪਿਤਾ ਨਾ ਸਾਡਾ ਕੋਈ ਹੋਰ ਹੈ।**
ਭੇਜਦੇ ਜਰਨੈਲ ਸਾਡਾ ਡਾਢੀ ਹੁਣ ਲੋੜ ਹੈ,
ਪੰਥ ਨੂੰ ਅੱਜ ਲੋੜ ਹੈ, ਪੰਜਾਬ ਨੂੰ ਓਹਦੀ ਲੋੜ ਹੈ।

* * * *



– ਡਾਕਟਰ ਸੁਰਜੀਤ ਸਿੰਘ ਜਰਮਨੀ
ਸਹਾਇਕ ਸੰਪਾਦਕ 'ਪੰਜਆਬ' ਮੈਗਜ਼ੀਨ
(President IPCC Germany)
Buro Chief Germany (ਪੰਜਾਬ ਹੈੱਡਲਾਈਨਜ਼)

# ਜਾਂ ਤੇ ਸਾਡੀ ਕਹਾਣੀ ਉਹ ਲਿਖਣ ਜਾਂ ਅਸੀਂ
# ਦੋਵੇਂ ਗੱਲਾਂ ਇੱਕੋ ਵਕਤ ਨਹੀਂ ਹੋ ਸਕਦੀਆਂ

ਜਿਹੜੀ ਸਾਡੀ ਕਹਾਣੀ ਉਹਨਾਂ ਲਿਖੀ ਕੀ ਉਹ ਇਨਸਾਫ ਸੀ? ਫਿਰ ਕਿਉਂ ਓਸੇ ਕਹਾਣੀ ਚੋਂ ਅਸੀਂ ਕਹਾਣੀ ਲੱਭ ਕੇ ਤਿਆਰ ਕੀਤੀ? ਸਾਡੀ ਕਹਾਣੀ ਅਸੀਂ ਖ਼ੁਦ ਲਿਖਾਗੇਂ। ਮੈਂ ਲਿਖਦਾ ਜਾਨਾਂ, ਤੁਸੀਂ ਪਿੱਛੇ ਪਿੱਛੇ ਪੜ੍ਹਦੇ ਆਉ, ਆਓ ਚੱਲੀਏ ਵਾਂ ਪਿੰਡ।


ਭਾਈ ਬੁਲਾਕਾ ਸਿੰਘ ਮੈਦਾਨੇ ਜੰਗ 'ਚ ਕੁੱਦਿਆ। ਕਈ ਮਾਰ ਕੇ ਜ਼ਮੀਨ 'ਤੇ ਸੁੱਟੇ, ਅਚਾਨਕ ਹਾਥੀ ਬੈਠੇ ਮੋਮਨ ਨੇ ਛਾਤੀ 'ਚ ਤੀਰ ਮਾਰਿਆ। ਸ਼ਹੀਦੀ ਪਾਉਂਦੇ ਪਾਉਂਦੇ ਬੁਲਾਕਾ ਸਿੰਘ ਨੇ ਦੋ ਚਾਰ ਹੋਰ ਦੁਫਾੜ ਕਰ ਕੇ ਜ਼ਮੀਨ 'ਤੇ ਮਾਰੇ। ਅਜੇ ਤਾਂ ਇਕੱਲਾ ਸਿੰਘ ਮੈਦਾਨੇ ਅੰਦਰ ਸ਼ਹੀਦ ਹੋਇਆ। ਬੁੰਗੇ ਅੰਦਰਲੇ ਸਿੰਘਾਂ ਦੇ ਸਰੀਰ 'ਚ ਖ਼ੂਨ ਦੀ ਥਾਂ ਬਿਜਲੀ ਦੌੜਨ ਲੱਗ ਗਈ। ਸਾਰਿਆਂ ਪਿੱਠਾਂ ਜੋੜੀਆਂ, ਢੇਰੀ ਬਣਾ ਲਈ। ਮੈਦਾਨੇ ਜੰਗ ਅੰਦਰ ਇਵੇਂ ਫਿਰਦੇ ਜਿਵੇਂ ਲਾਟੂ ਨੂੰ ਰੱਸੀ ਚਾੜ੍ਹ ਕੇ ਜ਼ਮੀਨ 'ਤੇ ਪੇਲੀਏ ਤੇ ਕਿੰਨੀ ਦੇਰ ਕਦੀ ਏਧਰ ਕਦੀ ਓਧਰ, ਜੋ ਰਸਤੇ 'ਚ ਆਇਆ, ਨਾਲ਼ ਹੀ ਵਲੇਟਦਾ ਜਾਂਦਾ।

ਅਜਿਹੀ ਤਬਾਹੀ ਮੁਗ਼ਲਾਂ ਕਦੇ ਸੋਚੀ ਨਹੀਂ। ਕਈ ਮੁਗ਼ਲਾਂ ਨੂੰ ਲਾਸ਼ਾਂ ਬਣਾ ਅੱਗ ਵਰਾਉਂਦਾ ਜਥਾ ਜਿੱਧਰੋਂ ਦੀ ਘੁੰਮਦਾ, ਮੁਗ਼ਲਾਂ ਦੀਆਂ ਲਾਸ਼ਾਂ ਦੇ ਢੇਰ ਲਾਈ ਜਾਂਦਾ। ਮੋਮਨ ਖ਼ਾਂ ਹਾਥੀ 'ਤੇ ਬੈਠਾ ਤੱਕ ਰਿਹਾ ਸੀ ਜ਼ਮੀਨ 'ਤੇ। ਇੱਕ ਤਾਂ ਮੂੰਹ–ਹਨੇਰਾ, ਓਧਰੋਂ ਸਿੰਘਾਂ ਐਸੀ ਧੂੜ ਉਡਾਈ, ਹਾਥੀ ਬੈਠੇ ਨੂੰ ਕੁਝ ਨਜ਼ਰੀਂ ਨਾ ਪਏ। ਕੁਝ ਸਮੇਂ ਬਾਅਦ ਤੱਕਦਾ ਕਿ ਮੈਦਾਨ ਖ਼ਾਲੀ, ਇਹਦੇ ਸਾਥੀ ਕੁਝ ਕੁ ਮਾਰੇ ਗਏ ਬਾਕੀ ਪਿਛਾਂਹ ਹਟ ਗਏ। ਵਾ–ਵਰੋਲੇ ਵਾਂਗ ਸਭ ਕੁਝ ਤਹਿਸ–ਨਹਿਸ ਕਰਦੇ ਸਿੰਘ ਦੁਬਾਰਾ ਬੁੰਗੇ ਅੰਦਰ ਪ੍ਰਵੇਸ਼ ਕਰ ਗਏ ਤੇ ਜ਼ਮੀਨ ਉਪਰ ਮੁਗ਼ਲਾਂ ਦੀ ਕਿਤੇ ਬਾਂਹ ਕਿਤੇ ਲੱਤ, ਕਈ ਥਾਂਈਂ ਇਕੱਲੇ ਧੜ ਪਏ ਤੇ ਕਿਸੇ ਪਾਸੇ ਸਿਰ ਹੀ ਸਿਰ ਨਜ਼ਰੀਂ ਪੈਣ। ਤੱਕ ਕੇ ਮੋਮਨ ਖ਼ਾਂ ਤੱਕੀ ਬੇਗ ਨੂੰ ਆਂਹਦਾ ਲੱਗਦਾ ਸਿੰਘ ਭੱਜ ਗਏ। ਤੱਕੀ ਬੇਗ ਘੋੜੇ 'ਤੇ ਸਵਾਰ ਬੁੰਗੇ ਅੰਦਰ ਨੂੰ ਚੱਲ ਪਿਆ, ਮੋਮਨ ਖ਼ਾਂ ਵੀ ਹਾਥੀ ਤੋਂ ਘੋੜੇ 'ਤੇ ਆ ਗਿਆ। ਤੱਕੀ ਬੇਗ ਜਿਸ ਨੇ ਸਾਰਾ ਸਰੀਰ ਲੋਹੇ ਦੀ ਸੰਜੋਅ 'ਚ ਪਿਰੋਇਆ ਸੀ। ਅਜੇ ਬੁੰਗੇ ਦਾ ਦਰਵਾਜ਼ਾ ਪਾਰ ਈ ਕੀਤਾ, ਤਾਰਾ ਸਿੰਘ ਦੀ ਨਜ਼ਰ ਤੱਕੀ ਬੇਗ 'ਤੇ ਪੈ ਗਈ।

ਤਾਰਾ ਸਿੰਘ– ਉਹ ਵੱਡਿਆ ਸੂਰਮਿਆਂ ਅੰਦਰ ਪੈਰ ਪਾ ਤਾਂ ਲਿਆ, ਮੁਕਾਬਲਾ ਤਾਰਾ ਸਿੰਘ ਨਾਲ਼ ਹੁਣ ਤੇਰਾ, ਸੋਚ ਕੇ ਅੱਗੇ ਵਧੀ ਜਾਂ ਤਾਂ ਅੱਲ੍ਹਾ ਕੋਲ ਜਾਵੇਂਗਾ ਨਹੀਂ ਤਾਂ ਪਿੱਛੇ ਮੁੜਜਾ।

ਤੱਕੀ ਬੇਗ– ਹੁਣ ਤਾਂ ਤਾਰਾ ਸਿੰਹਾਂ, ਤੇਰਾ ਸਿਰ ਲੈ ਕੇ ਹੀ ਮੁੜਾਂਗਾ !

ਤਾਰਾ ਸਿੰਘ– ਫੇਰ ਇਉਂ ਕਰ ਪਹਿਲਾਂ ਵਾਰ ਕਰ ਲੈ, ਕਿਤੇ ਰੀਝ ਵਿੱਚੇ ਨਾ ਰਹਿ ਜਾਵੇ ਕਿ ਤਾਰਾ ਸਿੰਘ ਨੇ ਮੌਕਾ ਨਹੀਂ ਦਿੱਤਾ।



ਤੱਕੀ ਬੇਗ ਨੇ ਤੀਰ ਮਾਰਿਆ ਜੋ ਸਿੱਧਾ ਤਾਰਾ ਸਿੰਘ ਦੇ ਦੁਮਾਲੇ 'ਚ ਲੱਗਾ 'ਜਬੈ ਬਾਣ ਲਾਗਯੋ'..। ਰੋਹ 'ਚ ਆਏ ਤਾਰਾ ਸਿੰਘ ਜਾ ਫੜਿਆ ਤੱਕੀ ਬੇਗ ਦੇ ਘੋੜੇ ਦੀ ਲਗਾਮ ਨੂੰ, ਪੂਰਾ ਸਰੀਰ ਲੋਹੇ 'ਚ ਚਿਣਿਆ ਸੀ। ਤਾਰਾ ਸਿੰਘ ਦੀ ਫੁਰਤੀ ਵੇਖ ਹੈਰਾਨੀ ਨਾਲ਼ ਮੂੰਹ ਅੱਡਿਆ ਗਿਆ। ਤਾਰਾ ਸਿੰਘ ਨੇ ਤਲਵਾਰ ਮੂੰਹ 'ਚ ਤੁੰਨ'ਤੀ। ਤੱਕੀ ਬੇਗ ਘੋੜੇ ਨੂੰ ਪਿਛਾਂਹ ਨੂੰ ਅੱਡੀ ਮਾਰ ਬੁੰਗੇ ਦੇ ਦਰਵਾਜੇ 'ਚੋਂ ਬਾਹਰ ਵੱਲ ਨੂੰ ਹੋ ਭੱਜਿਆ। ਪਿੱਛੇ ਮੋਮਨ ਖ਼ਾਂ ਆਉਂਦਾ ਸੀ। ਤੱਕੀ ਬੇਗ ਦੇ ਮੂੰਹ 'ਚੋਂ ਲਾਲ ਰੰਗ ਬਾਹਰ ਨਿਕਲਦਾ ਵੇਖ ਕੇ ਆਂਹਦਾ ਤੱਕੀ ਬੇਗ ਮੈਦਾਨੇ ਜੰਗ ਅੰਦਰ ਪਾਨ ਕਹਾਂ ਸੇ ਲੇ ਆਏ? ਤੱਕੀ ਬੇਗ ਖ਼ੂਨ ਨਾਲ਼ ਭਰੇ ਮੂੰਹ 'ਚੋਂ ਅਵਾਜ਼ ਕੱਢਦਾ ਆਂਹਦਾ– ਖ਼ਾਨ ਸਾਬ, ਆਗੇ ਤਾਰਾ ਸਿੰਘ ਪਾਨ ਕੇ ਬੀੜੋਂ ਕਾ ਥਾਲ ਸਜਾ ਕਰ ਬੈਠਾ ਹੈ, ਆਪ ਬੀ ਜਾ ਕੇ ਲੇ ਆਏਂ। ਸੁਣਦੇ ਸਾਰ ਮੋਮਨ ਖ਼ਾਂ ਨੇ ਘੋੜਾ ਰੋਕ ਲਿਆ।

ਦੂਜੇ ਪਾਸੇ ਇਹਨਾਂ ਦੋਹਾਂ ਦੀ ਵਾਰਤਾ ਮੋਮਨ ਖ਼ਾਂ ਦਾ ਚੇਲਾ ਸੁਣ ਰਿਹਾ ਸੀ, ਜੋ ਕਿ ਹਾਥੀ ਉਪਰ ਸੀ। ਉਸ ਨੇ ਹਾਥੀ ਅਗਾਂਹ ਤੋਰਿਆ। ਉਹ ਬਹਾਦਰ ਸੂਰਮਾ ਸੀ, ਜੋ 2-2 ਤੀਰ ਇਕੱਠੇ ਚਲਾਉਣ ਦਾ ਹੁਨਰ ਰੱਖਦਾ ਸੀ। ਤਾਰਾ ਸਿੰਘ ਵੱਲ ਨੂੰ ਇਸ ਨੇ ਤੀਰ ਤਾਣੇ, ਓਧਰੋਂ ਭਾਈ ਭੀਮਾ ਸਿੰਘ ਪਿਸ਼ੌਰੀਏ ਨੇ ਹਾਥੀ ਦਾ ਕੰਨ ਦੱਬ ਕੇ ਹਾਥੀ ਬੈਠਾ ਲਿਆ ਤੇ ਅੱਖ ਦੇ ਫੋਰ ਜਿੰਨੇ ਸਮੇਂ ਅੰਦਰ ਐਸਾ ਤੇਗ ਦਾ ਵਾਰ ਕੀਤਾ ਕਿ ਜੇ ਉਹ ਮੋਮਨ ਖ਼ਾਂ ਦੇ ਚੇਲੇ ਦੇ ਵੱਜਦਾ ਤਾਂ ਉਸ ਦੇ ਦੋ ਟੁਕੜੇ ਹੋ ਜਾਂਦੇ ਪਰ ਉਹ ਵਾਰ ਹਾਥੀ ਦੇ ਸਿਰ ਲੱਗੇ ਅੰਕੁਸ਼ 'ਤੇ ਜਾ ਵੱਜੀ ਜੋ ਇੱਕ ਲੋਹੇ ਦਾ ਭਾਰੀ ਕੁੰਡਾ ਹੁੰਦਾ; ਤਲਵਾਰ ਏਨੀ ਤੇਜ ਸੀ ਕਿ ਅੰਕੁਸ਼ ਵੱਜਦੇ ਹੀ ਤਲਵਾਰ ਦੇ ਦੋ ਟੋਟੇ ਹੋ ਗਏ। ਅਗਲੇ ਪਲ ਭੀਮਾ ਸਿੰਘ ਨੇ ਟੁੱਟੀ ਤਲਵਾਰ ਨਾਲ਼ ਦੂਜਾ ਵਾਰ ਮਾਰਿਆ। ਜਿਸ ਨਾਲ਼ ਮੋਮਨ ਖ਼ਾਂ ਦਾ ਚੇਲਾ ਮੌਤ ਦੀ ਗੋਦ 'ਚ ਜਾ ਬੈਠਾ ਤੇ ਨਾਲ਼ ਹੀ ਓਸੇ ਵਾਰ 'ਚ ਅੰਕੁਸ਼ ਵੀ ਭੀਮਾ ਸਿੰਘ ਦੇ ਆ ਲੱਗਾ, ਜਿਸ ਨਾਲ਼ ਭੀਮਾ ਸਿੰਘ ਮੂਰਛਤ (ਬੇਹੋਸ਼) ਹੋ ਧਰਤੀ 'ਤੇ ਜਾ ਪਿਆ। ਸਿੰਘ ਨੂੰ ਬੇਹੋਸ਼ ਹੋ ਡਿੱਗਦੇ ਵੇਖ ਤਾਰਾ ਸਿੰਘ ਝੱਟ ਜਾ ਸਿੰਘ ਦਾ ਸਰੀਰ ਸਾਂਭਿਆ ਤੇ ਬੁੰਗੇ ਅੰਦਰ ਲੈ ਆਇਆ।

ਦੂਜੇ ਪਾਸਿਓਂ ਮੋਮਨ ਦੇ ਦੂਜੇ ਚੇਲੇ ਨੇ ਦੂਜੇ ਹਾਥੀ ਨਾਲ਼ ਰਸਤਾ ਰੋਕਣਾ ਚਾਹਿਆ ਪਰ ਤਾਰਾ ਸਿੰਘ ਨੂੰ ਰੋਕਣ 'ਚ ਕਾਮਯਾਬ ਨਾ ਹੋ ਸਕਿਆ। ਜਿਉਂ ਤਾਰਾ ਸਿੰਘ ਅੰਦਰ ਆਇਆ, ਲਖਮੀਰ ਸਿੰਘ ਨੂੰ ਤੱਕ ਕੇ ਆਂਹਦਾ ਭਾਊ ਜਦੋਂ ਆਪਾਂ ਮੱਝਾਂ ਚਾਰਦੇ ਸੀ ਤਾਂ ਤੂੰ ਦੋ–ਦੋ ਮੱਝਾਂ ਇਕੱਲਾ ਟੱਪ ਜਾਂਦਾ ਸੀ, ਇੱਕ ਹਾਥੀ ਵਾਲ਼ਾ ਜਰਨੈਲ ਤਾਂ ਧਰਤੀ 'ਤੇ ਜਾ ਪਿਆ, ਰਹਿ ਗਏ ਚਾਰ, ਜੇ ਤੂੰ ਇੱਕ ਕਾਬੂ ਕਰ ਲਵੇਂ ਤਾਂ ਅਗਲੇ ਤਿੰਨ ਏਨੀ ਛੇਤੀ ਅੰਦਰ ਨਹੀਂ ਆਉਂਦੇ।

ਓਸ ਵਕਤ ਤਕ ਮੁਗ਼ਲ ਸਿੱਧੀ ਲੜਾਈ ਤੋਂ ਭੱਜ ਗਏ ਸਨ। ਪਿੱਛੇ ਖਲੋ ਕੇ ਸਿਰਫ਼ ਗੋਲੀਆਂ ਤੇ ਤੀਰਾਂ ਨਾਲ਼ ਵਾਰ ਕਰ ਰਹੇ ਸਨ। ਲਖਮੀਰ ਸਿੰਘ ਮਨ ਅੰਦਰ ਤਿਆਰੀ ਕਰ ਕੇ ਕੁਝ ਪਲਾਂ ਅੰਦਰ ਹੀ ਐਸਾ ਝਪਟਿਆ ਕਿ ਘੋੜਿਆਂ 'ਤੇ ਪੈਰ ਰੱਖ ਕੇ ਘੋੜਿਆਂ 'ਤੇ ਬੈਠੇ ਮੁਗ਼ਲ ਸਿਪਾਹੀਆਂ ਦੇ ਸਿਰ ਕਲਮ ਕਰ ਕੇ ਹਾਥੀ ਉੱਪਰ ਜਾ ਚੜ੍ਹਿਆ। ਤੇ ਐਸਾ ਵਾਰ ਕੀਤਾ, ਹਾਥੀ ਚਲਾਉਣ ਵਾਲ਼ਾ ਮਹਾਵਤ ਦੋਫਾੜ ਹੋ ਧਰਤੀ 'ਤੇ ਜਾ ਡਿੱਗਾ।

ਓਧਰੋਂ ਤੀਰ ਮਾਰ ਕੇ ਕਿਸੇ ਨੇ ਲਖਮੀਰ ਸਿੰਘ ਦਾ ਸੀਨਾ ਵਿੰਨ੍ਹ ਦਿੱਤਾ। ਲਖਮੀਰ ਸਿੰਘ ਸ਼ਹੀਦ ਹੁੰਦਾ–ਹੁੰਦਾ ਹਾਥੀ ਨੂੰ ਸਿੰਘਾਂ ਵੱਲ ਨੂੰ ਹੱਕ ਕੇ ਅਕਾਲ ਪੁਰਖ ਦੇ ਚਰਨਾਂ 'ਚ ਜਾ ਬਿਰਾਜਿਆ। ਹਾਥੀ ਆਉਂਦਾ ਵੇਖ ਤਾਰਾ ਸਿੰਘ ਆਂਹਦਾ, ਇਹ ਕੱਟਾ ਐਸ ਵਕਤ ਸਾਡੇ ਕਿਸ ਕੰਮ

ਦਾ, ਜਦੋਂ ਸਾਡਾ ਰਾਜ ਆਇਆ ਓਦੋਂ ਆਪਣੇ ਸੇਵਾਦਾਰਾਂ ਨੂੰ ਵੀ ਅਜਿਹੇ ਕੱਟੇ ਭੇਟ ਕਰਾਂਗੇ। ਹਾਥੀ ਵਾਪਸ ਮੋੜ ਦਿੱਤਾ।

ਖ਼ਾਲੀ ਹਾਥੀ ਆਉਂਦਾ ਵੇਖ ਮੁਗ਼ਲ ਫ਼ੌਜ ਡਰ ਗਈ ਕਿ ਜਿਹੜਾ ਜਰਨੈਲ ਇਹਨਾਂ ਦਾ ਹਾਥੀ ਪੁਰ ਸਵਾਰ ਸੀ ਉਸ ਦਾ ਤਾਂ ਮੁਕਾਬਲਾ ਕੋਈ ਨਹੀਂ ਸੀ ਕਰ ਸਕਦਾ। ਇਹਨਾਂ ਪੈਦਲ ਸਿੰਘਾਂ ਨੇ ਉਹ ਜਰਨੈਲ ਮਾਰ ਮੁਕਾ ਦਿੱਤਾ। ਮੁਗ਼ਲਾਂ ਦੇ ਹੌਂਸਲੇ ਪਸਤ ਹੋ ਗਏ। ਹੁਣ ਵੱਡੇ 2 ਜਰਨੈਲ ਤੇ ਕਰੀਬ ਅੱਧੀ ਫ਼ੌਜ ਮਰ ਗਏ ਸਨ। ਇੰਨਾ ਨੁਕਸਾਨ ਕਰਾ ਲਿਆ। ਤੱਕੀ ਬੇਗ ਦੇ ਮੂੰਹ ’ਚੋਂ ਖ਼ੂਨ ਦਾ ਪਰਨਾਲ਼ਾ ਬੰਦ ਨਹੀਂ ਸੀ ਹੋ ਰਿਹਾ। ਪੂਰੀ ਫ਼ੌਜ ਇੱਕ ਵਾਰ ਪਿੱਛੇ ਹੋ ਕੇ ਬੈਠ ਕੇ ਵਿਚਾਰਨ ਲੱਗ ਗਈ।


ਅਖ਼ੀਰ ਮੋਮਨ ਖਾਂ ਨੇ ਆਪਣੇ ਪਿੱਛੇ ਖੜੇ ਮਨਸਾ ਰਾਮ ਤੇ ਦਯਾ ਰਾਮ ਨੂੰ ਕਿਹਾ ਤੁਸੀਂ ਆਪਣੀ ਫ਼ੌਜ ਨਾਲ਼ ਲੜੋ ਹੁਣ। ਅਜੇ ਇਹ ਦੋਵੇਂ ਅੱਗੇ ਹੀ ਵਧੇ ਸਨ ਕਿ ਤਾਰਾ ਸਿੰਘ ਤੇ ਸਾਥੀਆਂ ਨੇ ਜਿਉਂ ਨਿਹੰਗ ਸਿੰਘ ਚੋਟੰਗਾ ਝਟਕਾਉਂਦੇ, ਓਸੇ ਤਰ੍ਹਾਂ ਦੋਹਾਂ ਦਾ ਝਟਕਾ ਕਰ ਦਿੱਤਾ। ਫ਼ੌਜ ਡਰਦੀ ਪਿੱਛੇ ਮੁੜ ਪਈ।

ਅਖ਼ੀਰ ਪੂਰਾ ਦਿਨ ਫ਼ੌਜ ਘੇਰਾ ਪਾ ਕੇ ਬੈਠੀ ਰਹੀ। ਇਧਰ ਭੁੱਖਣ-ਭਾਣੇ ਸਿੰਘ ਪਿਛਲੀ ਰਾਤ ਦੇ ਲੜ ਰਹੇ ਸਨ। ਫ਼ੌਜ ਤੀਰ ਤੇ ਬੰਦੂਕ ਨਾਲ਼ ਜੋ ਕਿਤੇ ਦੂਰੋਂ ਸਿੰਘ ਨਜ਼ਰੀ ਪੈਂਦਾ, ਨਿਸ਼ਾਨਾ ਲਾ ਕੇ ਸ਼ਹੀਦ ਕਰ ਦੇਣ ਕਿਉਂ ਜੁ ਹੁਣ ਸਿੱਧੀ ਲੜਾਈ ਇਹਨਾਂ ਦੇ ਵੱਸ ਦੀ ਨਹੀਂ ਸੀ ਤਾਂ ਕਰਕੇ ਪਿੱਠ ਪਿੱਛੇ ਵਾਰ ਕਰ ਕੇ ਸਿੰਘ ਸ਼ਹੀਦ ਕਰਨ ਲੱਗ ਪਏ। ਬਹੁਗਿਣਤੀ ਸਿੰਘ ਸ਼ਹੀਦ ਹੋ ਗਏ।

ਓਧਰ ਤਾਰਾ ਸਿੰਘ ਦੇ ਸਰੀਰ ’ਤੇ ਵੀ ਬਹੁਤ ਭਿਆਨਕ ਫੱਟ ਲੱਗੇ ਸਨ। ਦੁਮਾਲੇ ਤੇ ਵਜਾ ਤੀਰ ਵੀ ਸਿਰ ਨੂੰ ਛੋਹਿਆ ਸੀ। ਉਹ ਵੀ ਵੱਡਾ ਫੱਟ ਸੀ। 29 ਮਾਰਚ ਵਾਲ਼ਾ ਦਿਨ ਪੂਰਾ ਲੜਦਿਆਂ ਕੱਢ ਕੇ ਮੁਗਲਾਂ ਦੇ ਪੰਜ ਹਜ਼ਾਰੀ, ਦਸ ਹਜ਼ਾਰੀ, ਇੱਥੋਂ ਤੀਕ ਤੀਸ ਹਜ਼ਾਰੀ ਜਰਨੈਲ ਵੀ ਸਿੰਘਾਂ ਨੇ ਧਰਤੀ ’ਤੇ ਦੋਫਾੜ ਕਰ ਕੇ ਪਾਏ ਸਨ। 30 ਮਾਰਚ ਵਾਲ਼ੀ ਜੰਗ ਸਿੱਧੀ ਜੰਗ ਨਾ ਹੋ ਕੇ ਲੁੱਕਾ-ਛਿਪੀ ਵਾਲ਼ੀ ਜੰਗ ਵਿੱਚ ਮੁਗਲਾਂ ਨੇ ਤਾਰਾ ਸਿੰਘ ਨੂੰ ਸ਼ਹੀਦ ਕਰ ਦਿੱਤਾ।

1687 ਈ. ਨੂੰ ਪਿੰਡ ਡਲ ਵਾਂ ’ਚ ਜਨਮਿਆ ਤਾਰਾ ਸਿੰਘ 30 ਮਾਰਚ 1726 ਨੂੰ ਆਪਣੇ ਪਿਤਾ ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾ ’ਚ ਜਾ ਬਿਰਾਜਿਆ। ਤਾਰਾ ਸਿੰਘ ਪਿਤਾ ਗੁਰੂ ਦੇ ਹੁਕਮ ਦਾ ਐਸਾ ਬੱਝਾ ਸੀ, ਹਮੇਸ਼ਾ ਨੀਲਾ ਬਸਤਰ ਧਾਰਨ ਕਰੀ, ਨਾ ਸਿਰਫ਼ ਪਹਿਰਾਵੇ ਤੋਂ ਬਲਕਿ ਧੁਰ ਅੰਦਰ ਤੀਕ ਨਿਹੰਗ ਸੀ। ਗੁਰੂ ਕੇ ਸਿੰਘਾਂ ਨਾਲ਼ ਐਸਾ ਪ੍ਰੇਮ ਕਿ ਉਹਨਾਂ ਦੇ ਹੱਕ ਦੀ ਖ਼ਾਤਰ ਆਪਾ ਕੁਰਬਾਨ ਕਰ ਗਿਆ।

ਜਦੋਂ ਨੁਸ਼ਹਿਰਾ ਪੰਨੂਆਂ ਦਾ ਚੌਧਰੀ ਸਾਹਿਬ ਰਾਏ ਸਿੰਘਾਂ ਨੂੰ ਤੰਗ ਕਰਨ ਲਈ ਆਪਣੀਆਂ ਘੋੜੀਆਂ ਉਹਨਾਂ ਦੇ ਖੇਤਾਂ ਵਿੱਚ ਖੁੱਲ੍ਹੀਆਂ ਛੱਡ ਛੱਡਦਾ ਸੀ ਤੇ ਫਰਿਆਦੀ ਹੋ ਆਏ ਸਿੰਘਾਂ ਨੇ ਬੇਨਤੀ ਕੀਤੀ ਚੌਧਰੀ ਜੀ, ਤੁਹਾਡੀਆਂ ਘੋੜੀਆਂ ਸਾਡੀਆਂ ਫ਼ਸਲਾਂ ਤਬਾਹ ਕਰ ਦਿੰਦੀਆਂ ਇਹਨਾਂ ਨੂੰ ਬੰਨ੍ਹ ਕੇ ਰੱਖਿਆ ਕਰੋ। ਚੌਧਰੀ ਨੂੰ ਚੌਧਰ ਦਾ ਨਸ਼ਾ, ਸਿੰਘਾਂ ਨੂੰ ਮੂੰਹੋਂ ਸਿਰੋਂ ਨਾ ਕੁਇਆ ਆਂਹਦਾ ਇਹਨਾਂ ਨੂੰ ਬੰਨ੍ਹਣ ਲਈ ਤੁਹਾਡੇ ਕੇਸਾਂ ਦੇ ਰੱਸੇ ਵੱਟਣੇ ਪੈਣੇ। ਸਿੰਘਾਂ ਨੂੰ ਸੱਤੀਂ ਕੱਪੜੀਂ ਅੱਗ ਲੱਗ ਗਈ ਪਰ ਹੁਣ ਗ੍ਰਿਹਸਤੀ ਮਜਬੂਰ ਸਿੱਖ, ਚੌਧਰੀ ਨੂੰ ਪਲਟ ਕੇ ਕੁਝ



ਕਹਿ ਨਾ ਸਕੇ ਤੇ ਭਰੇ ਪੀਤੇ ਵਾਪਸ ਆ ਗਏ।

ਰਾਤ ਸੌਣ ਤੋਂ ਸਵੇਰ ਉਠਣ ਤੇ ਫਿਰ ਸਾਰਾ ਦਿਨ ਰਾਤ ਮੰਜੇ ਪੈਣ ਤਕ ਓਹੀ ਗੱਲ ਤੰਗ ਕਰੀ ਜਾਏ ਕਿ ਚੌਧਰੀ ਸਾਡੇ ਕੇਸਾਂ ਬਾਰੇ ਇਸ ਤਰ੍ਹਾਂ ਕਿਵੇਂ ਬੋਲ ਸਕਦਾ। ਅਖ਼ੀਰ ਪ੍ਰੇਸ਼ਾਨ ਹੋਏ ਭੂਸਾ ਪਿੰਡ ਜੋ ਖੁਰਮਨੀਆ ਕੋਲ ਓਥੋਂ ਦੇ ਬਘੇਲ ਸਿੰਘ ਤੇ ਅਮਰ ਸਿੰਘ ਨੂੰ ਜਾ ਕੇ ਵਾਰਤਾਲਾਪ ਸੁਣਾਈ। ਅਗਲੇ ਦਿਨ ਬਘੇਲ ਸਿੰਘ ਤੇ ਅਮਰ ਸਿੰਘ ਸੂਰੇ ਆ ਪਹੁੰਚੇ ਨੌਸ਼ਹਿਰੇ ਚੌਧਰੀ ਦੀਆਂ ਘੋੜੀਆਂ ਫੜੀਆਂ ਤੇ ਜੰਗਲ਼ੋਂ ਪਾਰ ਜਾ ਵੇਚ ਆਏ ਤੇ ਪੈਸੇ ਆ ਕੇ ਤਾਰਾ ਸਿੰਘ ਦੇ ਬੁੰਗੇ ’ਚ ਚੱਲਦੇ ਵਹੀਰ ਦੇ ਲੰਗਰਾਂ ’ਚ ਪਾ ਦਿੱਤੇ। ਚੌਧਰੀ ਨੂੰ ਪਤਾ ਲੱਗਾ ਆ ਪਹੁੰਚਿਆ ਆਪਣਾ ਲਾਮੋ-ਲਸ਼ਕਰ ਲੈ ਕੇ ਤਾਰਾ ਸਿੰਘ ਦੇ ਬੁੰਗੇ ਬੂਹੇ, ਤੇ ਆ ਕੇ ਲਲਕਾਰ ਕੇ ਕਹਿੰਦਾ- “ਓਇ ਤਾਰਾ ਸਿੰਹਾ, ਮੇਰੀਆਂ ਘੋੜੀਆਂ ਦੇ ਚੋਰ, ਮੈਨੂੰ ਦੇ ਦੇ ਨਹੀਂ ਤੇ ਬਹੁਤ ਬੁਰਾ ਹੋਊ!”

ਤਾਰਾ ਸਿੰਘ ਨਿਕਲਿਆ ਬਾਹਰ ਤੇ ਗਰਜਵੀਂ ਅਵਾਜ ’ਚ ਗੱਜਿਆ- “ਜਬਾਨ ਨੂੰ ਲਗਾਮ ਦੇ ਓਏ! ਇਹ ਚੋਰ ਨਹੀਂ ਗੁਰੂ ਕੇ ਸਿੰਘ ਹਨ ਬਲਕਿ ਪਰਉਪਕਾਰੀ ਸਿੰਘ ਹਨ। ਜਿਹਨਾਂ ਨੇ ਮਾਤਭੜ ਸਿੱਖਾਂ ’ਤੇ ਪਰਉਪਕਾਰ ਕੀਤਾ। ਚੋਰ ਤਾਂ ਤੂੰ ਆਪ ਹੈ ਜੋ ਗਰੀਬ ਲੋਕਾਂ ਦੀਆਂ ਫਸਲਾਂ ਚਰਵਾਉਂਦਾ ਰਿਹਾ ਆਪਣੀਆਂ ਘੋੜੀਆਂ ਕੋਲੋਂ।”

ਤਾਰਾ ਸਿੰਘ ਦਾ ਗਰਜਵਾਂ ਬੋਲਾ ਸੁਣ ਕੇ ਕਈ ਤਰ੍ਹਾਂ ਦੀਆਂ ਧਮਕੀਆਂ ਦੇ ਚੌਧਰੀ ਖ਼ਾਲੀ ਹੱਥ ਮੁੜ ਗਿਆ। ਅਪਮਾਨ ਸਹਾਰਿਆ ਨਾ ਗਿਆ ਤੇ ਸਿੱਧਾ ਜਾ ਵੜਿਆ ਕੋਤਵਾਲੀ ਤੇ ਜਾ ਕੇ ਝੂਠੀਆਂ ਸ਼ਿਕਾਇਤਾਂ ਕੀਤੀਆਂ ਕਿ ਤਾਰਾ ਸਿੰਘ ਤੇ ਹੁਣ ਆਪ ਮੁਆਮਲਾ ਉਗਰਾਹੁਣ ਲੱਗ ਗਿਆ, ਚੋਰਾਂ-ਡਾਕੂਆਂ ਨੂੰ ਪਾਲਦਾ ਆਦਿਕ। ਅਜਿਹੀਆਂ ਸ਼ਿਕਾਇਤਾਂ ਸੁਣ ਪੱਟੀ ਦਾ ਫ਼ੌਜਦਾਰ ਫ਼ੌਜ ਲੈ ਚੌਧਰੀ ਨਾਲ਼ ਚੱਲ ਪਿਆ। ਇਹ ਰਾਤ ਹੀ ਨਿਕਲੇ ਕਿ ਕਿਤੇ ਸਵੇਰ ਹੁੰਦੇ ਤਾਰਾ ਸਿੰਘ ਪਿੰਡ ਛੱਡ ਭੱਜ ਨਾ ਜਾਵੇ ਤੇ ਮੈਂ ਧਰ ਦਬੋਚਾਂਗਾ।

ਐਨ ਅੰਮ੍ਰਿਤ ਵੇਲੇ ਇਹ ਤਾਰਾ ਸਿੰਘ ਦੇ ਬੁੰਗੇ ਕੋਲ ਜਾ ਪਹੁੰਚੇ। ਓਸੇ ਵਕਤ ਬਘੇਲ ਸਿੰਘ ਜੰਗਲ਼-ਪਾਣੀ ਲਈ ਬੁੰਗੇ ਤੋਂ ਹਟਵੇਂ ਖੇਤਾਂ ਵੱਲ ਨੂੰ ਜਾ ਰਿਹਾ ਸੀ। ਫ਼ੌਜ ਆਉਂਦੀ ਵੇਖ ਸਮਝ ਗਿਆ ਕਿ ਇਹ ਸਾਡੇ ਨਾਲ਼ ਟੱਕਰ ਲੈਣ ਆਏ ਨੇ। ਮਨ ਹੀ ਮਨ ਸੋਚਦਾ ਕਿ ਕਿਉਂ ਨਾ ਵਾਪਸ ਜਾਵਾਂ ਤੇ ਸਿੰਘਾਂ ਨੂੰ ਸੁਚੇਤ ਕਰਾਂ? ਦੂਸਰੇ ਪਲ ਆਪਣੇ ਆਪ ਨਾਲ਼ ਸਲਾਹ ਕਰਦਾ ਕਿ ਬਘੇਲ ਸਿੰਹਾਂ ‘ਜਾਤ ਗੋਤ ਸਿੰਘਨ ਕੀ ਦੰਗਾ, ਦੰਗਾ ਹੀ ਇਨ ਗੁਰ ਤੇ ਮੰਗਾ’ ਇਹ ਤੇ ਹਮੇਸ਼ਾਂ ਜੰਗ ਲਈ ਤਿਆਰ ਬਰ ਤਿਆਰ ਹੁੰਦੇ ਨੇ, ਜੇ ਮੈਂ ਪਿੱਛੇ ਮੁੜਿਆਂ ਕਿਤੇ ਇਹ ਨਾ ਸਮਝ ਜਾਣ ਕਿ ਮੈਂ ਡਰਦਾ ਵਾਪਸ ਭੱਜ ਆਇਆਂ। ਇੱਥੇ ਹੀ ਮੁਕਾਬਲਾ ਕਰ, ਆਪੇ ਰੌਲੇ-ਰੱਪੇ ’ਚ ਸੁਚੇਤ ਹੋ ਜਾਣਗੇ।

ਇੰਨਾ ਕੁਝ ਸੋਚਦੇ-ਸੋਚਦੇ ਪਾਣੀ ਪਾਸੇ ਰੱਖ ਨੇਜਾ ਘੁੱਟ ਕੇ ਫੜ ਕੇ ਨਾਲ ਹੀ ਉੱਚੀ ਸਾਰੀ ਲਲਕਾਰ ਕੇ ਫ਼ੌਜਦਾਰ ਦਾ ਧਿਆਨ ਆਪਣੇ ਵੱਲ ਖਿੱਚਦਾ ਹੋਇਆ ਆਂਹਦਾ! ਬੁੰਗੇ ’ਚ ਪ੍ਰਸ਼ਾਦ ਲੈਣ ਬਾਅਦ ’ਚ ਜਾਇਓ ਪਹਿਲਾਂ ਇੱਥੇ ਤਾਂ ਹਾਜ਼ਰੀ ਲਵਾ ਲਓ। ਅਵਾਜ ਤੋਂ ਹੀ ਚੌਧਰੀ ਪਛਾਣ ਗਿਆ ਫ਼ੌਜਦਾਰ ਨੂੰ ਕਹਿੰਦਾ, ਇਹ ਬੰਦਾ ਬੜਾ ਬਲ਼ਸ਼ਾਲੀ ਪਹਿਲਾਂ ਇਹਨੂੰ ਮੁਕਾਓ, ਜੇ ਇਹ ਖ਼ਤਮ ਤਾਂ ਸਮਝੋ ਤਾਰਾ ਸਿੰਘ ਦੇ ਬੁੰਗੇ ’ਚੋਂ ਅੱਧਾ ਬਲ਼ ਖ਼ਤਮ ਕਰਤਾ ਫਿਰ ਤਾਰਾ ਸਿੰਘ ਨੂੰ ਕਾਬੂ ਕਰਨਾ ਕੋਈ ਬਹੁਤਾ ਔਖਾ ਨਹੀਂ।

ਇਹ ਅਜੇ ਆਪਸੀ ਗੱਲਬਾਤ ਹੀ ਕਰ ਰਹੇ ਸਨ ਕਿ ਬਘੇਲ ਸਿੰਘ ਭੁੱਖੇ ਸ਼ੇਰ ਵਾਂਗ ਫ਼ੌਜ ’ਤੇ ਝਪਟਿਆ। ਦੇਖਦੇ-ਦੇਖਦੇ 4-5 ਬੰਦੇ ਮਾਰ ਮੁਕਾਏ ਤੇ ਨਾਲ਼ ਹੀ ਫ਼ੌਜਦਾਰ ਦਾ ਭਤੀਜਾ ਵੀ ਮਾਰ ਕੇ ਧਰਤੀ ’ਤੇ ਸੁੱਟ ਦਿੱਤਾ। ਫ਼ੌਜ ਅਜੇ ਹਨੇਰੇ ਵਿੱਚ ਬਘੇਲ ਸਿੰਘ ਨੂੰ ਲੱਭ ਹੀ ਰਹੀ ਸੀ ਕਿ ਬਘੇਲ ਸਿੰਘ ਦੂਸਰੇ ਪਾਸਿਓਂ ਝਪਟਿਆ ਫ਼ੌਜਦਾਰ ਦਾ ਦੂਜਾ ਭਤੀਜਾ ਵੀ ਮਾਰ ਮੁਕਾਇਆ। ਫ਼ੌਜਦਾਰ ਗੁੱਸੇ ’ਚ ਲਾਲ ਹੋ ਗਿਆ। ਉਸ ਨੇ ਬਘੇਲ ਸਿੰਘ ’ਤੇ ਗੋਲ਼ੀ ਚਲਾ ਦਿੱਤੀ, ਜੋ ਬਘੇਲ ਸਿੰਘ ਦੇ ਪੱਟ ’ਤੇ ਜਾ ਲੱਗੀ। ਗੋਲ਼ੀ ਦੀ ਅਵਾਜ਼ ਸੁਣ ਕੇ ਬੁੰਗੇ ਅੰਦਰਲੇ ਸਿੰਘ ਕੁਝ ਪਲਾਂ ’ਚ ਹੀ ਤਿਆਰ ਬਰ ਤਿਆਰ ਆਣ ਫ਼ੌਜ ’ਤੇ ਟੁੱਟ ਪਏ। ਡਰਦਾ ਫ਼ੌਜਦਾਰ ਓਥੋਂ ਫ਼ੌਜ ਲੈ ਕੇ

ਭੱਜ ਗਿਆ।

ਇਸ ਗਹਿਗੱਚ ਲੜਾਈ 'ਚ ਭਾਈ ਬਘੇਲ ਦੇ ਸਰੀਰ ਤੇ ਫੱਟ ਬਹੁਤ ਡੂੰਘੇ ਲੱਗ ਗਏ ਤੇ ਗੋਲ਼ੀ ਵੱਜਣ ਕਾਰਨ ਲਹੂ ਬਹੁਤ ਵਗ ਗਿਆ ਸੀ। ਕੁਝ ਸਮੇਂ ਬਾਅਦ ਭਾਈ ਬਘੇਲ ਸਿੰਘ ਸ਼ਹੀਦ ਹੋ ਗਏ, ਪਰ ਖ਼ਾਲਸੇ ਦੀ ਜਿੱਤ ਹੋਈ।

ਦਿਨ ਚੜ੍ਹਿਆ, ਆਲ਼ਾ-ਦੁਆਲ਼ਾ ਇਕੱਠਾ ਹੋਇਆ। ਕੁਝ ਪਿੰਡ ਦੇ ਲੋਕ ਭਾਈ ਤਾਰਾ ਸਿੰਘ ਨੂੰ ਆਂਹਦੇ ਕਿ ਤੁਹਾਡੀ ਜਿੱਤ ਹੋਈ ਹੈ, ਓਧਰ ਫ਼ੌਜਦਾਰ ਦਾ ਬਹੁਤ ਨੁਕਸਾਨ ਹੋਇਆ, ਉਹ ਚੁੱਪ ਨਹੀਂ ਬੈਠੇਗਾ, ਲਾਹੌਰੋਂ ਫ਼ੌਜ ਲੈ ਕੇ ਆਵੇਗਾ, ਇਸ ਲਈ ਤੁਸੀਂ ਕੁਝ ਦਿਨ ਇੱਥੋਂ ਕਿਤੇ ਦੂਰ ਚਲੇ ਜਾਓ।

ਭਾਈ ਤਾਰਾ ਸਿੰਘ ਦਾ ਜਵਾਬ 'ਖਾਲਸਾ ਸੋਇ ਜੋ ਚੜੈ ਤੁਰੰਗ, ਖਾਲਸਾ ਸੋਇ ਜੋ ਕਰੇ ਨਿਤ ਜੰਗ' ਤੇ ਤੁਸੀਂ ਆਂਹਦੇ ਜੇ ਅਸੀਂ ਭੱਜ ਜਾਈਏ? ਇੰਨੇ ਸਮੇਂ ਨੂੰ ਇੱਕ ਸਿੰਘ ਘੋੜੇ ਪਰ ਸਵਾਰ ਆਇਆ ਤੇ ਆ ਕੇ ਆਂਹਦਾ ਭਾਊ ਜੀ ਮੈਂ ਲਾਹੌਰੋਂ ਆਇਆ, ਓਧਰ ਫ਼ੌਜ ਤੁਹਾਡੇ 'ਤੇ ਚੜ੍ਹਾਈ ਕਰਨ ਆ ਰਹੀ ਮੈਂ ਆਪਣਾ ਫਰਜ ਨਿਭਾਉਣ ਆਇਆਂ। ਇੰਨਾ ਕਹਿ ਓਸ ਘੋੜਸਵਾਰ ਨੇ ਘੋੜੇ ਨੂੰ ਅੱਡੀ ਲਾਈ ਤੇ ਵਾਪਸ ਪਰਤ ਗਿਆ।

ਕੱਚੇ-ਪਿਲੇ ਸਿੱਖ ਦੁਹਾਈਆਂ ਪਾਉਣ ਲੱਗੇ ਮਾਰੇ ਜਾਵਾਂਗੇ! ਕਿਤੇ ਦੂਰ ਜੰਗਲ਼-ਬੇਲੇ ਨਿਕਲ ਜਾਈਏ। ਤਾਰਾ ਸਿੰਘ ਬੋਲਿਆ, "ਪਿੰਡ ਵਾਲ਼ੇ ਜਦੋਂ ਤਕ ਕਹਿੰਦੇ ਸਨ, ਮੈਂ ਮਨਾ ਕਰਤਾ ਪਰ ਗੁਰੂ ਖ਼ਾਲਸੇ ਦਾ ਹੁਕਮ ਮੈਂ ਨਹੀਂ ਮੋੜਾਂਗਾ, ਚਲੋ ਇਉਂ ਕਰੋ ਗੁਰੂ ਸਾਹਿਬ ਜੀ ਦਾ ਹੁਕਮ ਸੁਣ ਲਓ ਜੇ ਪਾਤਸ਼ਾਹ ਦਾ ਹੁਕਮ ਹੋਇਆ ਤਾਂ ਜ਼ਰੂਰ ਚਲੇ ਜਾਵਾਂਗੇ ਵਰਨਾ ਇੱਥੇ ਹੀ ਸ਼ਹੀਦ ਹੋਵਾਂਗੇ।"

ਤਾਰਾ ਸਿੰਘ, ਸ਼ਹਾਦਤ ਬੰਦਾ ਸਿੰਘ ਦੇ ਵੇਲੇ ਤੋਂ ਲੋਚਦਾ ਸੀ। ਓਸ ਬੰਦਾ ਸਿੰਘ ਨਾਲ਼ ਕਿੰਨੀਆਂ ਜੰਗਾਂ 'ਚ ਹਿਸਾ ਲਿਆ ਪਰ ਸ਼ਹੀਦੀ ਨਸੀਬ ਨਾ ਹੋਈ। ਸਗੋਂ ਬੰਦਾ ਸਿੰਘ ਦੇ ਸ਼ਹੀਦ ਹੋ ਜਾਣ ਬਾਅਦ ਵੀ ਹਕੂਮਤ ਤਾਰਾ ਸਿੰਘ ਨੂੰ ਖ਼ੁਦ ਆ ਕੇ ਨਿਮਰਤਾ ਸਹਿਤ ਬੇਨਤੀ ਕਰ ਕੇ ਪਿੰਡ ਡਲ ਵਾਂ ਦੇ ਵਿੱਚ ਜਗੀਰ ਦੇ ਕਿਹਾ, ਮਹਾਰਾਜ ਤੁਸੀਂ ਅਰਾਮ ਨਾਲ਼ ਇੱਥੇ ਰਹੋ ਦੁੱਧ, ਘਿਓ ਖਾਓ ਪੀਓ, ਅਸਾਂ ਨੂੰ ਵੀ ਸਕੂਨ ਆ ਲੈਣ ਦਿਓ, ਸਾਡਾ ਤਾਂ ਪਹਿਲਾਂ ਹੀ ਸਭ ਕੁਝ ਖ਼ਾਲਸੇ ਨੇ ਤਬਾਹ ਕਰ ਦਿੱਤਾ।

ਤਾਰਾ ਸਿੰਘ ਸਮੇਤ ਪੂਰੀ ਕੌਮ ਬੰਦਾ ਸਿੰਘ ਦੇ ਸ਼ਹੀਦ ਹੋਣ ਪਿੱਛੋਂ ਆਗੂਹੀਨ ਸੀ ਤਾਂ ਕਰਕੇ ਤਾਰਾ ਸਿੰਘ ਨੇ ਇਹ ਨਜ਼ਰਾਨਾ ਪ੍ਰਵਾਨ ਕੀਤਾ ਤੇ ਮੱਝਾਂ, ਗਾਵਾਂ ਪਾਲ ਕੇ ਇਸੇ ਜਗੀਰ 'ਚ ਰੜੇ ਮੈਦਾਨ ਅੰਦਰ ਬੁੰਗਾ ਬਣਾ ਲਿਆ। ਜਿੱਥੇ 24 ਘੰਟੇ ਸੰਗਤਾਂ ਦੀ ਟਹਿਲ ਸੇਵਾ ਕੀਤੀ ਜਾਂਦੀ। ਆਏ-ਗਏ ਨੂੰ ਪ੍ਰਸ਼ਾਦਾ ਛਕਾਇਆ ਜਾਂਦਾ ਪਰ ਅੰਦਰੋਂ ਤਾਰਾ ਸਿੰਘ ਹਮੇਸ਼ ਸ਼ਹੀਦੀ ਲੋਚਦਾ ਰਹਿੰਦਾ।

ਬਾਗ਼ੀਆਂ ਨੂੰ ਖ਼ਾਸ ਕਰਕੇ ਤਾਰਾ ਸਿੰਘ ਪਨਾਹ ਦਿੰਦਾ ਸੀ ਕਿ ਕਿਤੇ ਸਮਾਂ ਬਣੇ ਜਿਹੜੀ ਹਕੂਮਤ ਜਗੀਰ ਦਾ ਨਜ਼ਰਾਨਾ ਦੇ ਗਈ ਸਾਡੇ ਨਾਲ਼ ਟੱਕਰ ਲੈਣ ਵੀ ਆ ਜਾਵੇ। ਹੁਣ ਤਾਂ ਓਹੀ ਵਕਤ ਸੀ ਜਿਸ ਦਾ ਤਾਰਾ ਸਿੰਘ ਬੇਸਬਰੀ ਨਾਲ਼ ਇੰਤਜਾਰ ਕਰ ਰਿਹਾ ਸੀ। ਫ਼ੌਜ ਚੜ੍ਹ ਕੇ ਆ ਰਹੀ ਸੀ ਤੇ ਸਿੰਘ ਇੱਥੋਂ ਨਿਕਲ ਜਾਣ ਨੂੰ ਕਹਿ ਰਹੇ ਸਨ।

ਤਾਰਾ ਸਿੰਘ ਬੇਨਤੀ ਰੂਪ ਹੋ ਕਹਿੰਦਾ ਖ਼ਾਲਸਾ ਜੀ, ਲਓ ਵਾਕ। ਨਿਹੰਗ ਤਾਰਾ ਸਿੰਘ ਪਿਤਾ ਦਸਮੇਸ਼ ਜੀ ਕੀ ਬਾਣੀ ਦੀ ਪੋਥੀ ਬਚਿੱਤਰ ਨਾਟਕ ਹਮੇਸ਼ਾਂ ਆਪਣੇ ਸੰਗ ਰੱਖਦਾ ਸੀ। ਪੋਥੀ ਦਾ ਪ੍ਰਕਾਸ਼ ਕੀਤਾ ਇੱਕ ਸਿੰਘ ਨੂੰ ਬੇਨਤੀ ਕੀਤੀ ਖ਼ਾਲਸਾ ਜੀ ਲਓ ਹੁਕਮ ਆਪ ਤਾਰਾ ਸਿੰਘ ਬਾਕੀ ਸਿੰਘਾਂ ਸੰਗ ਹੱਥ ਜੋੜ ਦਸਵੇਂ ਪਾਤਸ਼ਾਹ ਜੀ ਕੀ ਬਾਣੀ ਨੂੰ ਸਿਰ ਝੁਕਾ ਸੰਗਤ 'ਚ ਬੈਠਾ ਹੁਕਮ ਸੁਣਨ ਲੱਗਾ। ਪੋਥੀ ਤੋਂ ਹੁਕਮ ਲੈਣ ਵਾਲ਼ੇ ਸਿੰਘ ਨੇ ਹੁਕਮ ਲੈਣਾ ਸ਼ੁਰੂ ਕੀਤਾ। ਬਚਿੱਤਰ ਨਾਟਕ ਦੀ ਪੋਥੀ ਅੰਦਰੋਂ ਪਿਤਾ ਦਸ਼ਮੇਸ਼ ਬੋਲੇ :

**ਸ੍ਵੈਯਾ**
**ਜੌ ਕਹੂੰ ਕਾਲ ਤੇ ਭਾਜ ਕੈ ਬਾਚੀਯਤ,**
**ਤੌ ਕਿਹ ਕੁੰਟ ਕਹੋ ਭਜਿ ਜਾਈਐ॥**
**ਆਗੇ ਹੂੰ ਕਾਲ ਧਰੇ ਅਸਿ ਗਾਜਿਤ,**
**ਛਾਜਤ ਹੈ ਜਿਹ ਤੇ ਨਮਿ ਅਈਐ॥**
**ਐਸੇ ਨ ਕੈ ਗਯਾ ਕੋਈ ਸੁ ਦਾਵ ਰੇ,**
**ਜਾਹਿ ਉਪਾਵ ਸੋ ਘਾਵ ਬਚਈਐ॥**
**ਜਾਂਤੇ ਨ ਛੂਟੀਐ ਮੂੜ੍ਹ ਕਹੂੰ,**
**ਹਸ ਤਾ ਕੀ ਨ ਕਿਉ ਸਰਣਾਗਤਿ ਜਈਐ॥96॥**

ਅਰਥ : "ਜੇ ਕੋਈ ਮੌਤ ਤੋਂ ਨੱਸ ਕੇ ਭੱਜਣਾ ਚਾਹੇ, ਤਾਂ ਦੱਸੋ ਕਿਹੜੀ ਦਿਸ਼ਾ ਵਲ ਜਾ ਕੇ ਬਚ ਸਕਦਾ ਹੈ? ਜਿਸ ਪਾਸੇ ਜਾਓ, ਓਸੇ ਪਾਸੇ ਹੀ ਕਾਲ ਅੱਗੇ ਤਲਵਾਰ ਹੱਥ ਵਿੱਚ ਲਈ ਗੱਜ ਰਿਹਾ ਹੈ। ਉਸ ਤੋਂ ਕਿਵੇਂ ਬਚ ਕੇ ਕੋਈ ਪਿੱਛੇ ਨੱਸ ਆਵੇ? ਕੋਈ ਵੀ ਸਿਆਣਾ ਇਹੋ ਜਿਹਾ ਦਾਅ ਨਹੀਂ ਦਸ ਗਿਆ! ਜਿਸ ਉਪਾਉ ਦੇ ਕੀਤਿਆਂ ਕਾਲ ਦੇ ਵਾਰ ਤੋਂ ਕੋਈ ਬਚ ਸਕੇ। ਹੇ ਮੂਰਖ! ਜਿਸ ਕਾਲ ਤੋਂ ਕਿਸੇ ਦਾਅ ਪੇਚ ਨਾਲ਼ ਬਚ ਨਹੀਂ ਸਕੀਦਾ, ਉਸ ਸ੍ਰੀ ਕਾਲ ਜੀ ਦੀ ਹੱਸ ਕੇ ਖ਼ੁਸ਼ੀ ਨਾਲ਼ ਸ਼ਰਨ ਕਿਉਂ ਨਾ ਜਾਈਏ?"

ਤਾਰਾ ਸਿੰਘ ਜਿਹੜਾ ਸਿਰ ਝੁਕਾ ਹੁਕਮ ਸਰਵਣ ਕਰ ਰਿਹਾ ਸੀ। ਹੁਕਮਨਾਮੇ ਦੀ ਸਮਾਪਤੀ ਤੋਂ ਬਾਅਦ ਬੋਲਿਆ 'ਜੈਕਾਰਾ ਗਜਾਵੇ ਨਿਹਾਲ ਹੋ ਜਾਵੇ ਪਿਤਾ ਗੁਰੂ ਦਸ਼ਮੇਸ਼ ਜੀ ਦੇ ਮਨ ਨੂੰ ਭਾਵੇ, ਮੈਦਾਨੇ ਜੰਗ 'ਚ ਜੂਝ ਕੇ ਸ਼ਹੀਦੀਆਂ ਪਾਵੇ...।' ਸਾਰੇ ਸਿੰਘ ਗੱਜੇ 'ਸਤਿ ਸ੍ਰੀ ਅਕਾਲ।'

ਭਾਈ ਸਾਹਿਬ ਸੰਗਤ ਨੂੰ ਸੰਬੋਧਿਤ ਹੋ ਬੋਲੇ- 'ਖ਼ਾਲਸਾ ਜੀ ਹੁਣ ਤੇ ਤਾਰਾ ਸਿੰਘ ਪਿੱਛੇ ਨਹੀਂ ਮੁੜਦਾ, ਅਜੇ ਵੀ ਸਮਾਂ ਜਿਹਨੇ ਜਾਣਾ ਜਾ ਸਕਦਾ।' ਬਹੁਤ ਸਾਰੇ ਕੱਚੇ ਤੱਤ ਖ਼ਾਲਸੇ ਨਜ਼ਰ ਹੇਠਾਂ ਕਰ ਕੇ ਤੁਰਦੇ ਬਣੇ। ਤਾਰਾ ਸਿੰਘ ਕੁਝ ਸਮੇਂ ਦੇ ਠਹਿਰਾਓ ਬਾਅਦ ਬੋਲਿਆ 'ਜਿਹੜਾ ਹੋਰ ਜਾਣਾ ਚਾਹੇ ਜਾ ਸਕਦਾ।' ਕੋਈ ਨਾ ਹਿਲਿਆ! ਤਾਰਾ ਸਿੰਘ ਨੇ ਵਸਾਵਾ ਸਿੰਘ ਤੇ ਕੁਇਰ ਸਿੰਘ ਜੋ ਪੋਥੀ ਸਾਹਿਬ ਦੇ ਕੋਲ ਖੜ੍ਹੇ ਸਨ, ਉਹਨਾਂ ਵੱਲ ਤੱਕਿਆ। ਅੱਖਾਂ ਲਾਲ, ਚਿਹਰੇ ਤੇ ਨੂਰ, ਅੱਖਾਂ ਨਾਲ਼ ਹੀ ਦੋਵੇਂ ਸਿੰਘਾਂ ਸੁਨੇਹਾ ਦੇ ਦਿੱਤਾ ਕਿ ਉਹ ਹੁਣ ਨਹੀਂ ਜਾਂਦੇ। ਉਹਨਾਂ ਤੋਂ ਦੂਸਰੇ ਪਾਸੇ ਜਿਉਂ-ਜਿਉਂ ਤਾਰਾ ਸਿੰਘ ਸਮੁੰਦ ਸਿੰਘ, ਝਾਬ ਸਿੰਘ, ਸੂਰਾ ਸਿੰਘ, ਲਖਮੀਰ ਸਿੰਘ, ਆਲੀ ਸਿੰਘ, ਗੁਰਬਖ਼ਸ਼ ਸਿੰਘ, ਭੀਮ ਸਿੰਘ ਵੱਲ ਨੂੰ ਵੇਖਦਾ ਗਿਆ ਸਭ ਗੁਰੂ ਰਜ਼ਾ ਵਿੱਚ ਚੜ੍ਹਦੀ ਕਲਾ ਚ ਸਹਿਮਤੀ ਦੇ ਰਹੇ ਸਨ।

ਦੂਜੇ ਪਾਸੇ ਖੜ੍ਹੇ ਬਾਦਲ ਸਿੰਘ ਵੱਲੋਂ ਤਾਰਾ ਸਿੰਘ ਨੇ ਤੱਕਣਾ ਸ਼ੁਰੂ ਕੀਤਾ ਨਾਲ਼ ਖੜ੍ਹੇ ਮੇਘ ਸਿੰਘ, ਹਾਤਾ ਸਿੰਘ, ਭਾਈ ਬੁਲਾਕਾ ਸਿੰਘ, ਭਾਈ ਜੋਧ ਸਿੰਘ, ਭੋਗੜ ਸਿੰਘ, ਰਸਾਲ ਸਿੰਘ ਵੱਲ ਤੱਕਿਆ; ਉਹ ਵੀ ਪੂਰੀ ਚੜ੍ਹਦੀ ਕਲਾ 'ਚ ਸਨ ਤੇ ਨਾਲ਼ ਜੂਝਣ ਨੂੰ ਕਾਹਲ਼ੇ ਜਾਪਦੇ ਸਨ। ਸਾਰੇ ਸਿੰਘਾਂ ਵੱਲ ਤੱਕਣ ਤੋਂ ਬਾਅਦ ਤਾਰਾ ਸਿੰਘ ਨੇ ਸ਼ਹੀਦ ਭਾਈ ਬਘੇਲ ਸਿੰਘ ਜੋ ਅੰਮ੍ਰਿਤ ਵੇਲੇ ਸ਼ਹੀਦ ਹੋ ਗਿਆ ਸੀ ਉਸ ਦੇ ਸਾਥੀ ਭਾਈ ਅਮਰ ਸਿੰਘ ਵੱਲ ਵੇਖਿਆ ਤੇ ਅਮਰ ਸਿੰਘ ਦੇ ਨਾਲ਼ ਖੜ੍ਹੇ ਸਾਰੇ ਸਿੰਘਾਂ ਜ਼ੋਰ ਦੀ ਜੈਕਾਰਾ ਲਾ ਕੇ ਹਾਂ ਵਿੱਚ ਹਾਂ ਭਰੀ।

ਓਸ ਵਕਤ ਬੁੰਗੇ ਅੰਦਰ ਕੁਲ 22 ਸਿੰਘ ਕੱਚਿਆਂ ਪਿੱਲਿਆਂ ਦੇ ਨਿਕਲ ਜਾਣ ਤੋਂ ਬਾਅਦ ਰਹਿ ਗਏ। ਇਹ 22 ਗੁਰੂ ਕੇ ਸਿੰਘ ਮੈਦਾਨੇ ਜੰਗ ਅੰਦਰ ਡਟ ਗਏ। ਤੇ ਤਾਰਾ ਸਿੰਘ ਦੇ ਨਾਲ਼ 'ਸ਼ਹੀਦੀ' ਦਾ ਲਕਬ ਲੈ ਕੇ ਗੁਰੂ ਚਰਨਾਂ 'ਚ ਜਾ ਬਿਰਾਜੇ।

* * * *

# ਜਿਉਂ-ਜਿਉਂ ਸਮਾਂ ਬੀਤੇਗਾ

ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਵਿੱਤਰਤਾ ਦੀ ਰਾਖੀ ਲਈ ਸ਼ਹਾਦਤਾਂ ਪਾਉਣ ਵਾਲੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਸਮੇਤ ਸਮੂਹ ਸਿੰਘ-ਸਿੰਘਣੀਆਂ ਬੜੀਆਂ ਮਹਾਨ ਤੇ ਪਵਿੱਤਰ ਰੂਹਾਂ ਸਨ, ਜੋ ਨਾਮ-ਬਾਣੀ ਤੇ ਸੇਵਾ-ਸਿਮਰਨ 'ਚ ਗੜੁੱਚ ਸਨ। ਉਹਨਾਂ ਨੇ ਹਿੰਦੁਸਤਾਨ ਦੀ ਇੱਕ ਲੱਖ ਫ਼ੌਜ ਅਤੇ ਟੈਂਕਾਂ-ਤੋਪਾਂ ਦਾ ਅਜਿਹਾ ਮੁਕਾਬਲਾ ਕੀਤਾ ਕਿ ਚਮਕੌਰ ਦੀ ਗੜ੍ਹੀ ਵਾਲ਼ਾ ਸ਼ਾਨਾਮੱਤਾ ਇਤਿਹਾਸ ਦੁਹਰਾਅ ਦਿੱਤਾ।

ਜਿਉਂ ਜਿਉਂ ਸਮਾਂ ਬੀਤਦਾ ਜਾਏਗਾ ਇਹਨਾਂ ਗੁਰਮੁਖਾਂ-ਯੋਧਿਆਂ ਦਾ ਤੇਜ ਪ੍ਰਤਾਪ, ਜੱਸ, ਸੋਭਾ, ਵਡਿਆਈ, ਸ਼ਾਨ, ਪ੍ਰਭੁਤਾ ਅਤੇ ਜਾਹੋ-ਜਲਾਲ ਵੱਧਦਾ ਜਾਏਗਾ। ਇਹ ਸਾਡੇ ਕੌਮੀ ਹੀਰੋ, ਮਹਾਂਨਾਇਕ, ਰੋਲ ਮਾਡਲ, ਬਾਬੇ ਤੇ ਜਰਨੈਲ ਹਨ। ਧਰਮ ਦਾ ਜੈਕਾਰਾ, ਖ਼ਾਲਸੇ ਦੇ ਬੋਲਬਾਲੇ, ਪੰਥ-ਪੰਜਾਬ ਦੀ ਚੜ੍ਹਦੀ ਕਲਾ, ਕੌਮ ਦੀ ਅਜ਼ਾਦੀ ਤੇ ਸਰਬੱਤ ਦੇ ਭਲੇ ਲਈ ਆਪਾ ਨਿਸ਼ਾਵਰ ਕਰਨ ਵਾਲ਼ੇ ਇਹਨਾਂ ਗੁਰਮੁਖਾਂ ਨੂੰ ਕੋਟਿ-ਕੋਟਿ ਪ੍ਰਣਾਮ ਅਤੇ ਭਾਰਤੀ ਹਕੂਮਤ, ਕਾਂਗਰਸੀ ਸਰਕਾਰ ਤੇ ਗ਼ੱਦਾਰ ਬਾਦਲ-ਲੌਂਗੋਵਾਲ ਨੂੰ ਲਾਹਣਤਾਂ।

**- ਰਣਜੀਤ ਸਿੰਘ ਦਮਦਮੀ ਟਕਸਾਲ**

ਪ੍ਰਧਾਨ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ #SYFB

* * * *

– ਕੰਵਰ ਸਿੰਘ ਧਾਮੀ

(ਸਾਬਕਾ ਪ੍ਰਧਾਨ ਅਕਾਲ ਫ਼ੈਡਰੇਸ਼ਨ)

# ਸਿੱਖ ਸੰਘਰਸ਼ ਦੀਆਂ ਇਤਿਹਾਸਕ ਯਾਦਾਂ


ਮੈਂ ਸੰਗਤਾਂ ਨੂੰ 'ਅਕਾਲ ਟਾਈਮਜ਼' ਦੇ ਛੋਟੇ ਜਿਹੇ ਕਿਤਾਬਚੇ ਦੀ ਕਹਾਣੀ ਦੱਸਦਾ ਹਾਂ ਕਿ ਕਿਹੜੇ ਹਲਾਤਾਂ 'ਚ ਇਹ ਕਿਤਾਬਚਾ ਤਿਆਰ ਹੋਇਆ ਅਤੇ ਕਿਸ ਨੇ ਇਸ ਨੂੰ ਛਪਵਾਉਣ 'ਚ ਕੀ ਯੋਗਦਾਨ ਪਾਇਆ। ਦਸੰਬਰ 1983 ਦਾ ਅਖ਼ੀਰਲਾ ਸਮਾਂ ਬਹੁਤ ਹੀ ਸਰਗਰਮੀਆਂ ਭਰਪੂਰ ਸੀ। ਇੱਕ ਪਾਸੇ ਸਰਕਾਰ ਗੱਲਬਾਤ ਲਈ ਏਲਚੀ (ਦੂਤ) ਭੇਜ ਰਹੀ ਸੀ, ਦੂਜੇ ਪਾਸੇ ਸਾਡੇ ਕੋਲ ਇਹ ਜਾਣਕਾਰੀ ਆ ਰਹੀ ਸੀ ਕਿ ਉਹ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨੂੰ ਜਿਉਂਦਾ ਚੁੱਕ ਲੈਣਗੇ, ਬੰਬ ਬਲਾਸਟ ਜਾਂ ਕਿਸੇ ਹੋਰ ਤਰੀਕੇ ਨਾਲ਼ ਮਾਰ ਦੇਣਗੇ। ਭਾਈ ਸੁਰਿੰਦਰ ਸਿੰਘ ਸੋਢੀ ਦੇ ਕਤਲ ਤੋਂ ਬਾਅਦ ਹਲਾਤ ਬਹੁਤ ਵਿਗੜ ਗਏ ਸਨ ਅਤੇ ਜਥੇਬੰਦੀਆਂ ਦੀ ਆਪਸ ਵਿੱਚ ਦੁਸ਼ਮਣੀ ਪੂਰੀ ਜ਼ੋਰਾਂ 'ਤੇ ਸੀ।

ਮੇਰਾ, ਸੰਤ ਜਰਨੈਲ ਸਿੰਘ ਦਾ ਅਤੇ ਭਾਈ ਅਮਰੀਕ ਸਿੰਘ ਦਾ ਬੁੱਧੀਜੀਵੀਆਂ ਨਾਲ਼ ਵਿਚਾਰ-ਵਟਾਂਦਰਾ ਪੂਰੇ ਜ਼ੋਰਾਂ 'ਤੇ ਚੱਲ ਰਿਹਾ ਸੀ ਅਤੇ ਜਨਰਲ ਸ਼ਬੇਗ ਸਿੰਘ ਅਤੇ ਸੰਤ ਜਰਨੈਲ ਸਿੰਘ ਵੱਲੋਂ ਮੈਨੂੰ ਇਹ ਹੁਕਮ ਸੀ ਕਿ ਮੈਂ 26 ਜਨਵਰੀ 1984 ਤੋਂ ਪਹਿਲਾਂ-ਪਹਿਲਾਂ ਇਹ ਕਿਤਾਬਚਾ ਜ਼ਰੂਰ ਛਪਵਾ ਦੇਵਾਂ ਅਤੇ ਉਸ ਦਿਨ ਹੀ ਇਸ ਨੂੰ ਜਾਰੀ ਕਰ ਦਿੱਤਾ ਜਾਵੇ। ਸੰਤ ਜਰਨੈਲ ਸਿੰਘ ਨੇ ਮੈਨੂੰ ਇਹ ਕਿਹਾ ਸੀ "ਕੰਵਰ ਸਿੰਘ! ਤੂੰ ਅੱਜ ਤਕ ਮੇਰੇ ਤੋਂ ਇੱਕ ਵੀ ਪੈਸਾ ਨਹੀਂ ਲਿਆ, ਇਸ ਵੇਲੇ ਮੇਰੇ ਕੋਲ ਪੈਸਿਆ ਦਾ ਦਰਿਆ ਵਗਦਾ ਹੈ, ਇਸ ਕੰਮ ਲਈ ਮੈਂ ਤੇਰੀ ਦਿਲ ਖੋਲ੍ਹ ਕੇ ਮਦਦ ਕਰਨਾ ਚਾਹੁੰਦਾ ਹਾਂ।" ਸੰਤਾਂ ਦਾ ਕਹਿਣਾ ਸੀ ਕਿ "ਬੁੱਧੀਜੀਵੀਆਂ ਕੋਲ ਸਿਰਫ ਬੁੱਧੀ ਹੀ ਹੁੰਦੀ ਹੈ, ਪੈਸੇ ਤੋਂ ਇਹ ਔਖੇ ਹੀ ਹੁੰਦੇ ਹਨ, ਜਦੋਂ ਵੀ ਪੈਸੇ ਦੀ ਲੋੜ ਹੋਈ ਮੇਰੇ ਤੋਂ ਬੇਝਿਜਕ ਲੈ ਲਈ, ਬਾਕੀ ਵੀ ਤਾਂ ਲੈਂਦੇ ਹੀ ਹਨ।" ਜਨਰਲ ਸ਼ਬੇਗ ਸਿੰਘ ਨੇ ਮੈਨੂੰ ਇਕੱਲੇ ਕਰ ਕੇ ਸਮਝਾਇਆ ਕਿ 'ਪਿਛਲੇ ਦੋ ਸਾਲਾਂ ਤੋਂ ਤੂੰ ਸੰਤ ਜਰਨੈਲ ਸਿੰਘ ਤੋਂ ਕੋਈ ਪੈਸਾ ਨਹੀਂ ਲਿਆ, ਮੈਂ ਤੈਨੂੰ ਸਲਾਹ ਦਿੰਦਾ ਹਾਂ ਕਿ ਹੁਣ ਵੀ ਤੂੰ ਇਸ ਕੰਮ ਲਈ ਸੰਤਾਂ ਤੋਂ ਪੈਸਾ ਨਹੀਂ ਲੈਣਾ ਤੇ ਇਸ ਮਿਸ਼ਨ ਲਈ ਲੋੜ ਪਈ ਤਾਂ ਮੈਂ ਤੇਰੀ ਮਦਦ ਕਰਾਂਗਾ।' ਮਿਸ਼ਨ ਤਾਂ ਇਹ ਹੀ ਸੀ ਕਿ ਅਸੀਂ ਸਾਰੇ ਇਹ ਹੀ ਕਹਿਣਾ ਚਾਹੁੰਦੇ ਸੀ ਕਿ ਅਸੀਂ ਅਨੰਦਪੁਰ ਸਾਹਿਬ ਦੇ ਮਤੇ 'ਤੇ ਮੋਰਚਾ ਲਾਇਆ ਹੈ, ਪਰ ਅਕਾਲੀ ਕੁਝ ਮੰਗਾਂ 'ਤੇ ਆ ਗਏ ਹਨ ਅਤੇ ਨੌਜੁਆਨੀ ਅਜ਼ਾਦ ਖ਼ਾਲਿਸਤਾਨ ਦੀ ਗੱਲ ਕਰਦੀ ਹੈ।

ਅੱਜ ਤੋਂ 37 ਸਾਲ ਪਹਿਲਾਂ ਦੀਆ ਗੱਲਾਂ ਯਾਦ ਕਰਕੇ ਦੱਸ ਰਿਹਾ ਹਾਂ ਕਿ ਸੰਤ ਜਰਨੈਲ ਸਿੰਘ ਉਸ ਵੇਲ਼ੇ ਸਿਰਦਾਰ ਕਪੂਰ ਸਿੰਘ ਦੀ ਵਿਚਾਰਧਾਰਾ ਨੂੰ ਪੂਰੀ ਤਰ੍ਹਾਂ ਅਪਣਾ ਚੁੱਕੇ ਸਨ। ਸਿਰਦਾਰ ਕਪੂਰ ਸਿੰਘ ਜੀ ਨੇ ਸੰਤਾਂ ਨੂੰ ਮਿਲ਼ ਕੇ ਬਹੁਤ ਸਾਰੀਆਂ ਕਿਤਾਬਾਂ ਭੇਟ ਕੀਤੀਆਂ ਸਨ, ਉਹਨਾਂ ਵਿੱਚੋਂ ਸੰਤ ਜਰਨੈਲ ਸਿੰਘ ਨੇ ਮੈਨੂੰ ਕਪੂਰ ਸਿੰਘ ਦੀ 'ਸਾਚੀ ਸਾਖੀ' ਅਤੇ ਹੋਰ ਕਿਤਾਬਾਂ ਤੋਹਫ਼ੇ ਦੇ ਤੌਰ 'ਤੇ ਪੜ੍ਹਨ ਲਈ ਦਿੱਤੀਆਂ ਸਨ।

ਮੈਂ ਅਤੇ ਮੇਰੇ ਸਾਥੀਆਂ ਨੇ ਸ. ਬਲਬੀਰ ਸਿੰਘ ਸੰਧੂ ਨੂੰ ਖ਼ਾਲਿਸਤਾਨ ਦਾ ਸੰਵਿਧਾਨ ਲਿਖਣ ਲਈ ਕਿਹਾ ਅਤੇ ਅਨੰਦਪੁਰ ਦਾ ਮਤਾ ਪਹਿਲਾਂ ਹੀ ਛਪਿਆ ਹੋਇਆ ਸੀ। ਮੇਰੇ ਲਈ ਸੰਪਾਦਕੀ ਲਿਖਣਾ ਬੜਾ ਔਖਾ ਸੀ ਅਤੇ ਸਮਾਂ ਵੀ ਬਹੁਤ ਥੋੜ੍ਹਾ ਸੀ, ਉਸ ਵੇਲ਼ੇ ਛਪਾਈ ਵੀ ਛਵਾਈ ਖ਼ਾਨੇ ਵਿੱਚ ਹੁੰਦੀ ਸੀ। ਬਲਬੀਰ ਸਿੰਘ ਸੰਧੂ ਵੱਲੋਂ ਜੋ ਖ਼ਾਲਿਸਤਾਨ ਦਾ ਸੰਵਿਧਾਨ ਲਿਖਿਆ ਸੀ ਉਸ 'ਤੇ ਹੋਰਨਾਂ ਤੋਂ ਇਲਾਵਾ ਭਾਈ ਅਮਰੀਕ ਸਿੰਘ ਨੇ ਸਖ਼ਤ ਅਲੋਚਨਾ ਕੀਤੀ ਸੀ ਤੇ ਉਸ ਨੂੰ ਨਾ ਪਸੰਦ ਕੀਤਾ ਗਿਆ ਸੀ। ਇਸ ਬਾਰੇ ਮੈਂ ਪਹਿਲਾਂ ਵੀ ਦੱਸਿਆ ਸੀ ਕਿ ਭਾਈ ਅਮਰੀਕ ਸਿੰਘ ਦੇ ਵਿਚਾਰਾਂ ਵਿੱਚ ਉਸ ਸਮੇਂ ਅਚਾਨਕ ਬਹੁਤ ਤਬਦੀਲੀ ਵੇਖਣ ਨੂੰ ਮਿਲ਼ਦੀ ਸੀ। ਪਹਿਲਾਂ ਉਹ ਬਹੁਤ ਨਰਮ ਵਿਚਾਰਾਂ ਦਾ ਸੀ ਅਤੇ ਸੰਤ ਲੌਂਗੋਵਾਲ ਅਤੇ ਸੰਤ ਜਰਨੈਲ ਸਿੰਘ ਵਿਚਕਾਰ ਕੜੀ ਦਾ ਕੰਮ ਕਰਦਾ ਸੀ ਅਤੇ ਲੌਂਗੋਵਾਲ ਖੇਮਾ ਜਾਣ ਕੇ ਉਸ ਨੂੰ ਬਹੁਤ ਮਹੱਤਤਾ ਦਿੰਦਾ ਸੀ। ਉਹਨਾਂ ਦਾ ਛੋਟਾ ਭਰਾ ਭਾਈ ਮਨਜੀਤ ਸਿੰਘ ਸ਼੍ਰੋਮਣੀ ਕਮੇਟੀ ਦਾ ਮੁਲਾਜ਼ਮ ਸੀ ਅਤੇ ਬਤੌਰ ਮੀਤ ਮੈਨੇਜਰ ਸ੍ਰੀ ਦਰਬਾਰ ਸਾਹਿਬ ਕੰਮ ਕਰਦਾ ਸੀ। ਹੁਣ ਭਾਈ ਅਮਰੀਕ ਸਿੰਘ ਜਦੋਂ ਵੀ ਮੈਨੂੰ ਮਿਲ਼ਦਾ ਸੀ, ਉਸ ਦਾ ਟੌਪਿਕ ਖ਼ਾਲਿਸਤਾਨ ਹੀ ਹੁੰਦਾ ਸੀ ਤੇ ਇਸ ਬਾਰੇ ਹੀ ਉਹ ਮੇਰੇ ਨਾਲ਼ ਗੱਲ ਕਰਨਾ ਚਾਹੁੰਦਾ ਸੀ। ਮੈਂ ਇਸ ਬਾਰੇ ਸੰਤਾਂ ਨਾਲ਼ ਵੀ ਕਈ ਵਾਰ ਜ਼ਿਕਰ ਕੀਤਾ ਕਿ ਭਾਈ ਅਮਰੀਕ ਸਿੰਘ ਅੱਜ-ਕੱਲ੍ਹ ਮੇਰੇ ਨਾਲ਼ ਖ਼ਾਲਿਸਤਾਨ ਬਾਰੇ ਬਹੁਤ ਚਰਚਾ ਕਰਦੇ ਹਨ।

ਜਿਸ ਤਰ੍ਹਾਂ ਕਿ ਮੈਂ ਦੱਸਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਉਹਨਾਂ ਦਿਨਾਂ ਵਿੱਚ ਅਕਾਲ ਟਾਈਮਜ਼ ਨੂੰ ਛਪਵਾਉਣ ਦੇ ਮਸਲੇ 'ਤੇ ਭਾਈ ਅਮਰੀਕ ਸਿੰਘ, ਜਥੇਦਾਰ ਰਾਮ ਸਿੰਘ ਚੁਲੱਧਾ, ਜਨਰਲ ਸ਼ਬੇਗ ਸਿੰਘ ਸਮੇਤ ਚੋਣਵੇਂ ਸਿੰਘ ਰਾਤ ਨੂੰ ਸੰਤ ਜਰਨੈਲ ਸਿੰਘ ਨਾਲ਼ ਗੱਲਬਾਤ ਕਰਨ ਲਈ ਪਹੁੰਚੇ ਤਾਂ ਮੈਂ ਦੱਸ ਦਿੱਤਾ ਕਿ ਬਲਬੀਰ ਸਿੰਘ ਸੰਧੂ ਵੱਲੋਂ ਲਿਖਿਆ ਖ਼ਾਲਿਸਤਾਨ ਦਾ ਸੰਵਿਧਾਨ ਭਾਈ ਅਮਰੀਕ ਸਿੰਘ ਨੂੰ ਬਿਲਕੁਲ ਪਸੰਦ ਨਹੀਂ ਹੈਂ ਤਾਂ ਸੰਤ ਜਰਨੈਲ ਸਿੰਘ ਨੇ ਭਾਈ ਅਮਰੀਕ ਸਿੰਘ ਨੂੰ ਕਿਹਾ ਕਿ "ਜਦੋਂ ਦਾ ਮੋਰਚਾ ਲੱਗਾ ਹੈ ਉਹ ਇਕੱਲਾ ਹੀ ਇਥੇ ਖ਼ਾਲਿਸਤਾਨ ਦੀ ਗੱਲ ਕਰ ਰਿਹਾ ਹੈ ਅਤੇ ਉਸ ਦਾ ਲੀਡਰ ਡਾ. ਜਗਜੀਤ ਸਿੰਘ ਚੌਹਾਨ ਤਾਂ ਆਪਣੇ ਆਪ ਨੂੰ ਖ਼ਾਲਿਸਤਾਨ ਦਾ ਰਾਸ਼ਟਰਪਤੀ ਕਹਿ ਰਿਹਾ ਹੈ, ਅਸੀ ਤਾਂ ਬਲਬੀਰ ਸਿੰਘ ਸੰਧੂ ਵੱਲੋਂ ਲਿਖਿਆ ਅਤੇ ਉਸ ਦੀ ਜਥੇਬੰਦੀ ਵੱਲੋਂ ਪੇਸ਼ ਕੀਤਾ ਸੰਵਿਧਾਨ ਛਪਵਾ ਰਹੇ ਹਾਂ, ਜੇ ਤੈਨੂੰ ਇਸ ਬਾਰੇ ਇਤਰਾਜ਼ ਹੈ ਤਾਂ ਤੂੰ ਆਪਣੇ ਵੱਲੋਂ ਲਿਖਦੇ ਕਿ ਕਿਸ ਤਰ੍ਹਾਂ ਦਾ ਖਾਲਿਸਤਾਨ ਚਾਹੁੰਦਾ ਹੈਂ!" ਸੰਤ ਜਰਨੈਲ ਸਿੰਘ ਨੇ ਕਿਹਾ ਕਿ "ਦੁੱਖ ਦੀ ਗੱਲ ਇਹ ਹੈ ਕਿ ਅਕਾਲੀ ਤਾਂ ਮਰਜੀਵੜਿਆਂ ਦੀ ਸਹੁੰ ਚੁੱਕ ਕੇ ਅਨੰਦਪੁਰ ਸਾਹਿਬ ਦੇ ਮਤੇ ਤੋਂ ਭੱਜ ਰਹੇ ਹਨ, ਕੁਝ ਮੰਗਾਂ 'ਤੇ ਆ ਗਏ ਹਨ।" ਸੰਤਾਂ ਨੇ ਸਾਰਿਆਂ ਦੇ ਸਾਹਮਣੇ ਮੈਨੂੰ ਸਿਰਦਾਰ ਕਪੂਰ ਸਿੰਘ ਦੀ ਛਪੀ (ਵਿਦੇਸ਼ ਦੇ ਰਸਾਲੇ ਵਿੱਚ) ਇੰਟਰਵਿਊ ਦਿੱਤੀ ਤੇ ਕਿਹਾ



26 ਜਨਵਰੀ 1984 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ 'ਤੇ 'ਅਕਾਲ ਟਾਈਮਜ਼' ਕਿਤਾਬਚਾ (ਖ਼ਾਲਿਸਤਾਨ ਦਾ ਸੰਵਿਧਾਨ) ਜਾਰੀ ਕਰਨ ਸਮੇਂ ਅਕਾਲ ਫ਼ੈਡਰੇਸ਼ਨ ਦੇ ਜੁਝਾਰੂ ਆਗੂ । ਖੱਬਿਓਂ ਸੱਜੇ :- ਸ਼ਹੀਦ ਭਾਈ ਸਵਰਨ ਸਿੰਘ ਨਿਹੰਗ, ਭਾਈ ਪ੍ਰੀਤਮ ਸਿੰਘ ਜਹੂਰਾ, ਅਕਾਲ ਫ਼ੈਡਰੇਸ਼ਨ ਦੇ ਪ੍ਰਧਾਨ ਭਾਈ ਕੰਵਰ ਸਿੰਘ ਧਾਮੀ, ਜਥੇਦਾਰ ਭਾਈ ਜਗਜੀਤ ਸਿੰਘ ਨਿਹੰਗ 'ਖੁੱਡਾ', ਭਾਈ ਮਨਜੀਤ ਸਿੰਘ ਬੋਲੇਵਾਲ ਅਤੇ ਸ਼ਹੀਦ ਭਾਈ ਗੁਰਮੀਤ ਸਿੰਘ 'ਖੁੱਡਾ'

"ਸਭ ਤੋਂ ਪਹਿਲਾਂ ਅਕਾਲੀਆਂ ਦੀਆਂ ਮੰਗਾਂ ਬਾਰੇ ਜ਼ਿਕਰ ਕਰੋ ਅਤੇ ਫਿਰ ਅਸਲੀ ਅਨੰਦਪੁਰ ਸਾਹਿਬ ਦੇ ਮਤੇ ਦੀ ਕਾਪੀ ਛਾਪ ਦਿਓ ਅਤੇ ਉਸ ਤੋਂ ਬਾਅਦ ਭਾਈ ਅਮਰੀਕ ਸਿੰਘ ਦੀ ਸਲਾਹ ਨਾਲ਼ ਖ਼ਾਲਿਸਤਾਨ ਦਾ ਸੰਵਿਧਾਨ ਛਾਪ ਦਿਉ ਅਤੇ ਉਸ ਤੋਂ ਬਾਅਦ ਇਹ ਇੰਟਰਵਿਊ ਛਾਪ ਦਿਉ, ਪਰ ਇਹ ਸਭ 26 ਜਨਵਰੀ ਤਕ ਹੋ ਜਾਣਾ ਚਾਹੀਦਾ ਹੈ।"

ਮੈਂ ਪਹਿਲਾਂ ਦੱਸਿਆ ਹੀ ਹੈ ਕਿ ਭਾਈ ਅਮਰੀਕ ਸਿੰਘ, ਗੁਰੂ ਨਾਨਕ ਨਿਵਾਸ ਦੇ ਕਮਰਾ ਨੰਬਰ ਇੱਕ ਵਿੱਚ ਰਹਿੰਦਾ ਸੀ ਅਤੇ ਮੈਂ ਕਮਰਾ ਨੰਬਰ ਦੋ ਵਿੱਚ ਹੁੰਦਾ ਸੀ ਅਤੇ ਕਮਰਾ ਨੰਬਰ ਤਿੰਨ ਵਿੱਚ ਬੁੱਢਾ ਦਲ ਦਾ ਉਸ ਵੇਲੇ ਸਾਡੇ ਵੱਲੋਂ ਹੀ ਬਣਾਇਆ ਹੋਇਆ ਜਥੇਦਾਰ ਰਣਜੀਤ ਸਿੰਘ ਬਲੱਗਣ ਰਹਿੰਦਾ ਸੀ।

ਇਸ ਮੀਟਿੰਗ ਤੋਂ ਬਾਅਦ ਮੈਂ, ਭਾਈ ਅਮਰੀਕ ਸਿੰਘ ਨਾਲ਼ ਕਈ ਵਾਰ ਚਰਚਾ ਕੀਤੀ ਅਤੇ ਉਸ ਨੂੰ ਉਕਸਾਇਆ ਕਿ ਤੂੰ ਆਪਣੇ ਨਾਮ ਹੇਠ ਇਹ ਕਿਤਾਬਚਾ ਛਪਵਾ ਲੈ ਪਰ ਉਹ ਇਸ ਬਾਰੇ ਤਿਆਰ ਨਾ ਹੋਇਆ। ਆਖ਼ਰ ਸਮੇਂ ਦੀ ਕਮੀ ਹੋਣ ਕਾਰਨ ਸਾਨੂੰ ਬਲਬੀਰ ਸਿੰਘ ਸੰਧੂ ਵੱਲੋਂ ਤਿਆਰ ਕੀਤਾ ਖ਼ਾਲਿਸਤਾਨ ਦੇ ਸੰਵਿਧਾਨ ਸਮੇਤ ਹੀ 'ਅਕਾਲ ਟਾਈਮਜ਼' ਨਾਮ ਦਾ ਕਿਤਾਬਚਾ ਛਪਵਾਉਣਾ ਪਿਆ ਜਿਸ ਵਿੱਚ ਮੈਂ ਬਹੁਤ ਥੋੜ੍ਹੇ ਲਫ਼ਜ਼ਾਂ ਵਿੱਚ ਸੰਪਾਦਕੀ ਨੂੰ ਲਿਖਿਆ।

ਇਸ ਕਿਤਾਬਚੇ ਨੂੰ ਪੜ੍ਹੇ ਮੈਨੂੰ ਤਕਰੀਬਨ 37 ਸਾਲ ਹੋ ਗਏ ਹਨ। ਮੈਨੂੰ ਯਾਦ ਹੈ ਕਿ ਇਹ ਭਾਵੇਂ ਛੋਟਾ ਕਿਤਾਬਚਾ ਸੀ ਪਰ ਇਹ ਬਹੁਤ ਹੀ ਮਹੱਤਵਪੂਰਨ ਪੰਥਕ ਦਸਤਾਵੇਜ਼ ਹੈ। ਇਸਦੀਆਂ ਕਾਪੀਆਂ ਉਸ ਵੇਲ਼ੇ ਸਿੱਖ ਰੈਫਰੈਂਸ ਲਾਇਬ੍ਰੇਰੀ ਅਤੇ ਉਸ ਵੇਲੇ ਦੀਆਂ ਤਿੰਨ ਮਸ਼ਹੂਰ ਯੂਨੀਵਰਸਿਟੀਆਂ ਦੀਆਂ ਲਾਇਬ੍ਰੇਰੀਆਂ ਤੇ ਹੋਰ ਸ਼ਹਿਰਾਂ ਦੀਆਂ ਲਾਇਬ੍ਰੇਰੀਆਂ 'ਚ ਸਾਂਭਣ ਲਈ ਭੇਜੀਆਂ ਸੀ ਅਤੇ ਜਨਰਲ ਸ਼ਬੇਗ ਸਿੰਘ ਨੇ ਆਪ ਦਿਲਚਸਪੀ ਲੈ ਕੇ ਵੰਡਿਆ ਸੀ। ਇਸ ਨੂੰ ਜਾਰੀ ਕਰਨ ਵੇਲ਼ੇ ਮੈਨੂੰ ਬਹੁਤ ਮੁਸ਼ਕਲਾਂ ਆਈਆਂ।

ਸਾਰਿਆਂ ਸਾਥੀਆਂ ਵਿੱਚ ਜੋ ਫ਼ੈਸਲਾ ਹੋਇਆ ਸੀ ਉਸ ਮੁਤਾਬਕ ਇਸ ਕਿਤਾਬਚੇ ਨੂੰ 26 ਜਨਵਰੀ 1984 ਨੂੰ ਸੰਤ ਜਰਨੈਲ ਸਿੰਘ ਨੇ ਜਾਰੀ ਕਰਨਾ ਸੀ ਪਰ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਜਨਰਲ ਸਕੱਤਰ ਹਰਮਿੰਦਰ ਸਿੰਘ ਸੰਧੂ ਦੇ ਇਤਰਾਜ਼ ਕਰਨ 'ਤੇ ਉਹਨਾਂ ਨੂੰ ਇਸ ਕੰਮ ਤੋਂ ਰੋਕ ਦਿੱਤਾ ਗਿਆ ਅਤੇ ਮੇਰੇ ਸੰਗੀ ਸਾਥੀਆਂ ਸਮੇਤ ਜਥੇਦਾਰ ਰਾਮ ਸਿੰਘ ਚੁਲੱਧਾ ਨੇ ਮੇਰੇ 'ਤੇ ਇਹ ਦਬਾਅ ਪਾਇਆ ਕਿ ਇਸ ਨੂੰ ਜਾਰੀ ਕਰਨ ਸਮੇਂ ਖ਼ਾਲਸਈ ਨਿਸ਼ਾਨ ਸਾਹਿਬ ਨੂੰ ਗੋਲ਼ੀਆਂ ਚਲਾ ਕੇ ਸਲਾਮੀ ਦਿੱਤੀ ਜਾਵੇ, ਪਰ ਮੈਂ ਇਸ ਗੱਲ 'ਤੇ ਬਜ਼ਿੱਦ ਸੀ ਕਿ ਅਕਾਲ ਫ਼ੈਡਰੈਸ਼ਨ ਨੇ ਗੋਲ਼ੀ ਨਹੀਂ ਚਲਾਉਣੀ, ਉਸ ਦਾ ਹਥਿਆਰ ਕਲਮ ਅਤੇ ਪ੍ਰੈੱਸ ਹੀ ਹੈ ਅਤੇ ਅਕਾਲ ਫੈਡਰੇਸ਼ਨ ਨੇ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਇਸ ਨੂੰ ਛਪਵਾ ਦਿੱਤਾ ਹੈ।

ਮੈਨੂੰ ਯਾਦ ਹੈ ਕਿ ਭਾਈ ਅਮਰੀਕ ਸਿੰਘ ਨੇ ਉਸ ਵੇਲੇ ਜਥੇਦਾਰ ਰਾਮ ਸਿੰਘ ਚੋਲੱਧਾ ਨੂੰ ਇਹ ਗੱਲ ਆਖੀ ਸੀ ਕਿ 'ਖ਼ਾਲਿਸਤਾਨ ਦਾ ਸੰਵਿਧਾਨ ਤਾਂ ਜਾਰੀ ਕਰਨ ਲੱਗੇ ਹੋ, ਪਰ ਖ਼ਾਲਿਸਤਾਨ ਦੇ ਝੰਡੇ ਬਾਰੇ ਤੁਹਾਡੇ ਕੀ ਵਿਚਾਰ ਹਨ ? ਅਕਾਲ ਫੈਡਰੇਸ਼ਨ ਨੂੰ ਚਾਹੀਦਾ ਹੈ ਕਿ ਉਹ ਖ਼ਾਲਿਸਤਾਨ ਦੇ ਝੰਡੇ ਬਾਰੇ ਵੀ ਸੰਗਤਾਂ ਨੂੰ ਜਾਣੂੰ ਕਰਾਉਣ।' ਉਸ ਵੇਲੇ ਸਾਥੀਆਂ ਵਿੱਚ ਸੱਚਮੁੱਚ ਸੰਜੀਦਗੀ ਨਾਲ਼ ਚਰਚਾ ਚਲ ਪਈ ਕਿ ਖ਼ਾਲਿਸਤਾਨ ਦਾ ਝੰਡਾ ਕਿਸ ਤਰ੍ਹਾਂ ਦਾ ਹੋਵੇ!

ਇਸ ਬਾਰੇ ਸੰਤ ਜਰਨੈਲ ਸਿੰਘ ਕੋਲ ਫਿਰ ਅਸੀਂ ਇੱਕ ਰਾਤ ਇਕੱਠੇ ਹੋਏ ਤਾਂ ਰਾਗੀ ਸੁਰਜੀਤ ਸਿੰਘ ਭੰਡ ਨੇ ਇਹ ਵੀ ਮਸਲਾ ਉਠਾ ਦਿੱਤਾ ਕਿ 'ਹੁਣ ਖ਼ਾਲਿਸਤਾਨ ਦੇ ਝੰਡੇ ਬਾਰੇ ਫੈਸਲਾ ਨਹੀਂ ਹੋ ਰਿਹਾ ?' ਸੰਤਾਂ ਨੇ ਹੱਸ ਕੇ ਕਿਹਾ ਕਿ "ਇਸ ਬਾਰੇ ਬਲਬੀਰ ਸਿੰਘ ਸੰਧੂ ਅਤੇ ਜਗਜੀਤ ਸਿੰਘ ਚੌਹਾਨ ਤੋਂ ਪੁੱਛ ਲਵੋ ?" ਕੁਝ ਦੇਰ ਬਾਅਦ ਗੱਲ ਸੰਜੀਦਗੀ ਨਾਲ਼ ਤੁਰੀ ਤਾਂ ਸੰਤ ਜਰਨੈਲ ਸਿੰਘ ਨੇ ਕਿਹਾ "ਬਹੁਤੀਆਂ ਗੱਲਾਂ ਨਾ ਕਰੋ, ਕੰਮ ਦੀ ਗੱਲ ਕਰੋ।" ਮੈਂ ਉਹਨਾਂ ਨੂੰ ਕਿਹਾ "ਅਕਾਲ ਫੈਡਰੇਸ਼ਨ ਨੇ ਤਾਂ ਆਪਣਾ ਕੰਮ ਕਰ ਦਿੱਤਾ ਹੈ, ਹੁਣ ਕੋਈ ਜਥੇਬੰਦੀ ਸਾਨੂੰ ਇਸ ਨੂੰ ਗੋਲ਼ੀਆਂ ਨਾਲ਼ ਸਲਾਮੀ ਦੇਣ ਵਾਲੀ ਅਤੇ ਜ਼ਿੰਮੇਵਾਰੀ ਚੁੱਕਣ ਵਾਲ਼ੀ ਚਾਹੀਦੀ ਹੈ।" ਤਾਂ ਸੰਤਾਂ ਨੇ ਜਥੇਦਾਰ ਰਾਮ ਸਿੰਘ ਚੁਲੱਧਾ ਵੱਲ ਇਸ਼ਾਰਾ ਕਰਕੇ ਕਿਹਾ ਕਿ "ਇਸ ਤੋਂ ਵਧੀਆ ਗੋਲ਼ੀ ਕੌਣ ਚਲਾ ਸਕਦਾ ਹੈ ?" ਸੰਤਾਂ ਨੇ ਝੰਡੇ ਬਾਰੇ ਸ਼ੁਗਲ ਵਿੱਚ ਕਿਹਾ "ਜੇ ਮੇਰੇ ਖ਼ਿਆਲ ਨਾਲ਼ ਭਾਰਤ ਦਾ ਤਿਰੰਗਾ ਤਿੰਨਾਂ ਕੌਮਾਂ ਹਿੰਦੂ, ਮੁਸਲਿਮ ਤੇ ਈਸਾਈ ਦੀ ਨੁਮਾਇੰਦਗੀ ਕਰਦਾ ਹੈ ਤੇ ਇਸ ਵਿੱਚ ਪਏ ਚੱਕਰ ਨੇ ਹੀ ਸਾਨੂੰ ਚੱਕਰਾਂ ਵਿੱਚ ਪਾਇਆ ਹੋਇਆ ਹੈ ਅਤੇ ਇਸ ਚੱਕਰ ਨੂੰ ਬਾਹਰ ਕੱਢੋ ਅਤੇ ਇਸ ਵਿੱਚ ਵੱਡਾ ਖੰਡਾ ਬਣਾ ਲਵੋ ਅਤੇ ਡੰਡਾ ਤਾਂ ਫਿਰ ਸਾਡੇ ਕੋਲ ਹੈ ਹੀ, ਤੇ ਇਸ ਨੂੰ ਸਲਾਮੀ ਦੇ ਦਿਉ ਅਤੇ ਬਹੁਤੇ ਚੱਕਰਾਂ ਵਿੱਚ ਨਾ ਪਓ।"



ਅਕਾਲ ਫ਼ੈਡਰੇਸ਼ਨ ਦੇ ਮੌਜੂਦਾ ਪ੍ਰਧਾਨ ਭਾਈ ਨਰਾਇਣ ਸਿੰਘ ਚੌੜਾ ਅਤੇ ਸਾਬਕਾ ਪ੍ਰਧਾਨ ਭਾਈ ਕੰਵਰ ਸਿੰਘ ਧਾਮੀ ਨਾਲ਼ ਮੁਲਾਕਾਤ ਸਮੇਂ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ

ਇਸ ਤੋਂ ਬਾਅਦ ਮੈਂ ਅਤੇ ਜਥੇਦਾਰ ਰਾਮ ਸਿੰਘ ਚੁਲੱਧਾ ਨੇ ਇਸ ਨੂੰ ਬੜੀ ਸੰਜੀਦਗੀ ਨਾਲ਼ ਲਿਆ ਅਤੇ ਅਸੀਂ ਸੋਚਿਆ ਕਿ ਅਸੀਂ ਖ਼ਾਲਸੇ ਦੇ ਬੋਲਬਾਲੇ ਦੀ ਗੱਲ ਕਰਦੇ ਹਾਂ। ਵਾਕਿਆ ਹੀ ਸਾਨੂੰ ਇਸ ਤਰ੍ਹਾਂ ਦਾ ਝੰਡਾ ਬਣਵਾ ਲੈਣਾ ਚਾਹੀਦਾ ਹੈ। ਸ੍ਰੀ ਦਰਬਾਰ ਸਾਹਿਬ ਦੇ ਗੇਟ ਦੇ ਕੋਲ ਸਿੰਧੀ ਹੋਟਲ ਦੇ ਲਾਗੇ ਇੱਕ ਪੰਡਤ-ਲਾਲੇ ਦੀ ਪ੍ਰੈੱਸ ਹੁੰਦੀ ਸੀ, ਉਸ ਵਿੱਚ ਅਕਾਲ ਟਾਈਮਜ਼ ਛਾਪਣ ਲਈ ਦਿੱਤਾ ਹੋਇਆ ਸੀ, ਉਸ ਨੂੰ ਹੀ ਅਸੀਂ ਇਸ ਤਰ੍ਹਾਂ ਦਾ ਝੰਡਾ ਬਣਾਉਣ ਲਈ ਆਰਡਰ ਦੇ ਦਿੱਤਾ। ਉਸ ਨੇ ਅਕਾਲ ਟਾਇਮਜ਼ ਤਾਂ ਛਾਪ ਦਿੱਤਾ, ਪਰ ਉਹ ਝੰਡਾ ਸਮੇਂ ਸਿਰ ਤਿਆਰ ਨਹੀਂ ਕਰ ਸਕਿਆ।

ਅਖ਼ੀਰ 26 ਜਨਵਰੀ 1984 ਦੇ ਦਿਨ ਜਥੇਦਾਰ ਰਾਮ ਸਿੰਘ ਚੁਲੱਧਾ (ਸੁਲਤਾਨਪੁਰ) ਨੇ ਅਕਾਲ ਫੈਡਰੇਸ਼ਨ ਸਮੇਤ ਸਾਰੀਆਂ ਜਥੇਬੰਦੀਆਂ ਦੇ ਕੁਝ ਸਿੰਘ ਨਾਲ਼ ਲੈ ਕੇ ਗੁਰੂ ਨਾਨਕ ਨਿਵਾਸ ਦੇ ਉੱਪਰ ਬਲਬੀਰ ਸਿੰਘ ਸੰਧੂ ਦੇ ਨਾਲ਼ ਕੇਸਰੀ ਨਿਸ਼ਾਨ ਸਾਹਿਬ ਨੂੰ ਗੋਲ਼ੀਆਂ ਚਲਾ ਕੇ ਸਲਾਮੀ ਦੇ ਦਿੱਤੀ, ਹੋਰ ਕਿਸੇ ਜਥੇਬੰਦੀ ਦੇ ਜ਼ਿੰਮੇਵਾਰੀ ਨਾ ਲੈਣ 'ਤੇ ਇੱਕ ਨਵੀਂ ਜਥੇਬੰਦੀ ਅਕਾਲ ਸੈਨਾ ਨੇ ਇਸ ਦੀ ਜ਼ਿੰਮੇਵਾਰੀ ਲਈ। ਮੈਨੂੰ ਹੋਰ ਕੁਝ ਯਾਦ ਨਹੀਂ ਆ ਰਿਹਾ। ਉਸ ਵੇਲੇ ਦੀਆਂ ਅਖ਼ਬਾਰਾਂ ਵਿੱਚ ਖ਼ਬਰਾਂ ਆਈਆਂ ਸਨ, ਪ੍ਰੈੱਸ ਵਿੱਚ ਇਸ ਦੀ ਖ਼ੂਬ ਚਰਚਾ ਹੋਈ ਸੀ। ਉਸ ਤੋਂ ਬਾਅਦ ਦੋ ਬੁੰਗਿਆਂ ਦੇ ਵਿੱਚੋਂ ਇੱਕ ਬੁੰਗੇ ਦੇ ਉੱਪਰ ਵੱਡਾ ਕੇਸਰੀ ਨਿਸ਼ਾਨ ਸਾਹਿਬ ਲਹਿਰਾ ਕੇ ਫਿਰ ਗੋਲ਼ੀਆਂ ਨਾਲ਼ ਸਲਾਮੀ ਦੇ ਦਿੱਤੀ ਗਈ, ਇਸ ਤੋਂ ਬਾਅਦ ਮੇਰੇ ਵਿੱਚ ਵੀ ਪਤਾ ਨਹੀਂ ਕਿੱਥੋਂ ਜੋਸ਼ ਆ ਗਿਆ। ਮੈਂ ਉਸ ਦਿਨ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਪੰਜ ਸਿੰਘਾਂ ਦੇ ਨਾਲ਼ ਜਿੱਥੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਫ਼ਸੀਲ 'ਤੇ ਖੜ੍ਹ ਕੇ ਹੁਕਮਨਾਮਾ ਸੁਣਾਉਂਦੇ ਤੇ ਤਨਖ਼ਾਹ ਲਾਉਂਦੇ ਹਨ ਓਥੇ ਅਸੀਂ ਅਕਾਲ ਟਾਈਮਜ਼ ਨੂੰ ਜਾਰੀ ਕੀਤਾ। ਮੈਨੂੰ ਯਾਦ ਹੈ ਉਸ ਵੇਲੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੇ ਸਾਡਾ ਵਿਰੋਧ ਕੀਤਾ ਸੀ ਕਿ ਇਸ ਜਗ੍ਹਾ 'ਤੇ ਸਿਰਫ਼ ਸਿੰਘ ਸਾਹਿਬ ਹੀ ਜਾ ਸਕਦੇ ਹਨ ਤੇ ਮੇਰੇ ਸਾਥੀਆਂ ਨੇ ਉਹਨਾਂ ਨੂੰ ਧੱਕੇ ਮਾਰ ਕੇ ਪਰ੍ਹਾਂ ਕਰ ਦਿੱਤਾ ਕਿ ਅੱਜ ਸਾਡੇ 'ਸਿੰਘ ਸਾਹਿਬ' ਇੱਥੇ ਆਪਣੀ ਕਾਰਵਾਈ ਕਰਨਗੇ ਅਤੇ ਕੌਮ ਨੂੰ ਸੰਦੇਸ਼ ਦੇਣਗੇ। ਮੈਂ, 26 ਜਨਵਰੀ 1984 ਦੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ 'ਤੇ ਉਸ ਵਕਤ ਦੀ ਆਪਣੀ ਇੱਕ ਫੋਟੋ ਵੀ ਸਾਂਝੀ ਕਰ ਰਿਹਾ ਹਾਂ ਜਿਨ੍ਹਾਂ ਵਿੱਚ ਕ੍ਰਮਵਾਰ ਸ਼ਹੀਦ ਭਾਈ ਸਵਰਨ ਸਿੰਘ ਨਿਹੰਗ (ਖੁੱਡਾ), ਭਾਈ ਪ੍ਰੀਤਮ ਸਿੰਘ ਜਹੂਰਾ, ਦਾਸ ਕੰਵਰ ਸਿੰਘ ਧਾਮੀ, ਭਾਈ ਜਗਜੀਤ ਸਿੰਘ ਬਿੱਲੂ ਨਿਹੰਗ (ਖੁੱਡਾ, ਹੁਸ਼ਿਆਰਪੁਰ), ਭਾਈ ਮਨਜੀਤ ਸਿੰਘ ਨਿਹੰਗ (ਬੋਲੇਵਾਲ) ਅਤੇ ਸ਼ਹੀਦ ਭਾਈ ਗੁਰਮੀਤ ਸਿੰਘ ਖੁੱਡਾ ਹਨ। ਇਹ ਤਸਵੀਰ ਮੈਨੂੰ ਸ੍ਰੀ ਅੰਮ੍ਰਿਤਸਰ ਤੋਂ ਇੱਕ ਖ਼ਾਸ ਦੋਸਤ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ (ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲ਼ਾ) ਨੇ ਭੇਜੀ ਹੈ, ਜਿਸ ਨੂੰ ਵੇਖ ਕੇ ਮੈਂ ਖ਼ੁਦ ਵੀ ਬੜਾ ਹੈਰਾਨ ਹਾਂ। ਭਾਈ ਰਣਜੀਤ ਸਿੰਘ ਨੇ ਦੱਸਿਆ ਕਿ ਜਥੇਦਾਰ ਭਾਈ ਜਗਜੀਤ ਸਿੰਘ ਨਿਹੰਗ ਉਸ ਦੇ ਸਹੁਰਾ ਸਾਬ੍ਹ ਅਤੇ ਭਾਈ ਮਨਜੀਤ ਸਿੰਘ ਬੋਲੇਵਾਲ ਉਸ ਦੇ ਮਾਮਾ-ਸਹੁਰਾ ਹਨ ਤੇ ਤਸਵੀਰ ਵਿਚਲੇ ਦੋ ਸ਼ਹੀਦ ਸਿੰਘ ਵੀ ਉਸ ਦੇ ਸਹੁਰੇ ਪਿੰਡ ਖੁੱਡਾ (ਹੁਸ਼ਿਆਰਪੁਰ) ਦੇ ਹਨ। ਭਾਈ ਰਣਜੀਤ ਸਿੰਘ ਕੋਲ਼ 'ਅਕਾਲ ਟਾਈਮਜ਼' ਕਿਤਾਬਚੇ ਦੀ ਕਾਪੀ ਵੀ ਮੌਜੂਦ ਹੈ। ਹੁਣ 26 ਜਨਵਰੀ 2021 ਨੂੰ ਮੁੜ ਲਾਲ ਕਿਲ੍ਹੇ 'ਤੇ ਖ਼ਾਲਸਈ ਨਿਸ਼ਾਨ ਸਾਹਿਬ ਲਹਿਰਾਇਆ ਗਿਆ ਹੈ ਜਿਸ ਦੀ ਕਿ ਅਲੋਚਨਾ ਹੋ ਰਹੀ ਹੈ ਅਤੇ ਦੇਸ-ਪ੍ਰਦੇਸ ਵਿੱਚ ਬਹੁਤ ਹੀ ਜੋਸ਼ ਵੀ ਵੇਖਿਆ ਜਾ ਰਿਹਾ ਹੈ ਅਤੇ ਜਥੇਦਾਰ ਬਾਬਾ ਬਘੇਲ ਸਿੰਘ ਨੂੰ ਵੀ ਯਾਦ ਕੀਤਾ ਜਾ ਰਿਹਾ ਹੈ।

* * * *

**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥**

## ਸਿੱਖ ਕੌਮ ਦਾ ਅਨਮੋਲ ਹੀਰਾ

# ਸ਼ਹੀਦ ਭਾਈ ਕਸ਼ਮੀਰ ਸਿੰਘ ਸ਼ੀਰਾ

## ਉਰਫ਼ ਬਾਬਾ ਦਰਜੀ 'ਪੱਟੀ' KCF

ਅਮਰ ਸ਼ਹੀਦ ਭਾਈ ਕਸ਼ਮੀਰ ਸਿੰਘ ਸ਼ੀਰਾ ਦਾ ਜਨਮ 15 ਜਨਵਰੀ 1971 ਨੂੰ ਪਿਤਾ ਸ. ਦਲੀਪ ਸਿੰਘ ਦੇ ਗ੍ਰਹਿ, ਮਾਤਾ ਪ੍ਰੀਤਮ ਕੌਰ ਦੀ ਕੁੱਖੋਂ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਦੀ ਤਹਿਸੀਲ ਪੱਟੀ ਵਿਖੇ ਹੋਇਆ, ਇਹ ਪੱਟੀ ਸ਼ਹਿਰ ਹੁਣ ਜ਼ਿਲ੍ਹਾ ਤਰਨ ਤਾਰਨ ਦੇ ਅਧੀਨ ਆਉਂਦਾ ਹੈ। ਪੱਟੀ ਦੇ ਮਸ਼ਹੂਰ ਸਿੱਖਾਂ ਵਾਲ਼ਾ ਮੁਹੱਲਾ (ਵਾਰਡ ਨੰਬਰ 3) 'ਚ ਆਪ ਦਾ ਘਰ ਸੀ। ਆਪ ਦਾ ਪਰਿਵਾਰ ਕਾਫ਼ੀ ਵੱਡਾ ਸੀ ਤੇ ਸਾਰੇ ਇਕੱਠੇ ਹੀ ਰਹਿੰਦੇ ਸਨ। ਆਪ ਦਾ ਕੱਦ ਪੰਜ ਫੁੱਟ ਅੱਠ ਇੰਚ, ਰੰਗ ਗੋਰਾ, ਸਰੀਰ ਪਤਲਾ ਤੇ ਸੁਭਾਅ ਬੜਾ ਜੋਸ਼ੀਲਾ ਸੀ।

ਆਪ ਪੰਜ ਭਰਾ ਸ. ਗਰਸ਼ੇਰ ਸਿੰਘ, ਸ. ਬਲਬੀਰ ਸਿੰਘ, ਸ. ਲਖਬੀਰ ਸਿੰਘ, (ਸ਼ਹੀਦ) ਕਸ਼ਮੀਰ ਸਿੰਘ ਸ਼ੀਰਾ, ਸ. ਸੁਰਿੰਦਰ ਸਿੰਘ ਅਤੇ ਪੰਜ ਭੈਣਾਂ ਬੀਰ ਕੌਰ, ਚਰਨ ਕੌਰ, ਸਵਰਨ ਕੌਰ, ਕਰਮਜੀਤ ਕੌਰ ਤੇ ਪਰਮਜੀਤ ਕੌਰ ਹਨ। ਆਪ ਦੇ ਪਿਤਾ ਜੀ ਸ. ਦਲੀਪ ਸਿੰਘ ਜੋ ਪੱਟੀ ਦੀ ਕਚਹਿਰੀ 'ਚ ਸਰਕਾਰੀ ਨੌਕਰੀ ਕਰਦੇ ਸਨ ਤੇ ਦਾਦਾ ਜੀ ਸ. ਹੀਰਾ ਸਿੰਘ ਜੋ ਫ਼ੌਜ ਵਿੱਚੋਂ ਰਿਟਾਇਰਡ ਹੋਏ ਸਨ।

ਛੋਟੀ ਉਮਰੇ ਹੀ ਆਪ ਧਾਰਮਿਕ ਖ਼ਿਆਲਾਂ ਵਾਲ਼ੇ ਸਨ ਤੇ ਪੱਟੀ ਦੇ ਇਤਿਹਾਸਕ ਗੁਰਦੁਆਰਾ ਭੱਠ ਸਾਹਿਬ ਵਿਖੇ ਬਹੁਤ ਸੇਵਾ ਕਰਿਆ ਕਰਦੇ ਅਤੇ ਹਰ ਮੱਸਿਆ 'ਤੇ ਆਪ ਸ੍ਰੀ ਦਰਬਾਰ ਸਾਹਿਬ (ਤਰਨ ਤਾਰਨ) ਵਿਖੇ ਦਰਸ਼ਨ-ਇਸ਼ਨਾਨ ਕਰਨ ਜਾਂਦੇ ਸਨ। ਆਪ ਨੇ ਅਠਵੀਂ ਤਕ ਪੜ੍ਹਾਈ ਕੀਤੀ ਤੇ ਫਿਰ ਪੱਟੀ 'ਚ ਭਾਂਡਿਆਂ ਵਾਲ਼ੇ ਚੌਂਕ 'ਚ ਆਪ ਇੱਕ ਦਰਜੀ ਦੀ ਦੁਕਾਨ 'ਤੇ ਕੰਮ ਕਰਨ ਲਗ ਪਏ ਤੇ ਕੱਪੜੇ ਸਿਊਣ 'ਚ ਚੰਗੇ ਕਾਰੀਗਰ ਬਣ ਗਏ।

ਜਦ ਪੰਥ ਅਤੇ ਪੰਜਾਬ ਦੇ ਹੱਕਾਂ ਲਈ ਦਮਦਮੀ ਟਕਸਾਲ ਦੇ ਚੌਦ੍ਹਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਨੇ ਧਰਮ ਯੁੱਧ ਮੋਰਚਾ ਲਾਇਆ ਤਾਂ ਆਪ ਛੋਟੀ ਉਮਰੇ ਹੀ ਗੁਰਦੁਆਰਾ ਭੱਠ ਸਾਹਿਬ ਪੱਟੀ ਦੇ ਜਥੇਦਾਰ ਬਾਬਾ ਰਸਾਲ ਸਿੰਘ ਨਿਹੰਗ ਨਾਲ਼ ਸ੍ਰੀ ਦਰਬਾਰ ਸਾਹਿਬ (ਸ੍ਰੀ ਅੰਮ੍ਰਿਤਸਰ) ਦਰਸ਼ਨਾਂ ਲਈ ਜਾਂਦੇ ਤੇ ਸੰਤ ਭਿੰਡਰਾਂਵਾਲ਼ਿਆਂ ਦੇ ਜੋਸ਼ੀਲੇ ਬਚਨ ਸੁਣ ਕੇ ਨਿਹਾਲ ਹੁੰਦੇ। ਓਦੋਂ ਹੀ ਦਲ ਪੰਥ ਬਾਬਾ ਬਿਧੀ ਚੰਦ ਸੰਪਰਦਾ ਦੇ ਮੁੱਖ ਜਥੇਦਾਰ ਸੰਤ ਬਾਬਾ ਦਇਆ ਸਿੰਘ ਨਿਹੰਗ ਸੁਰਸਿੰਘ ਵਾਲ਼ਿਆਂ, ਜਥੇਦਾਰ ਬਾਬਾ ਰਸਾਲ ਸਿੰਘ ਨਿਹੰਗ ਅਤੇ ਸੰਤ ਬਾਬਾ ਸੰਤੋਖ ਦਾਸ (ਮਾੜੀ ਕੰਬੋਕੇ ਵਾਲ਼ਿਆਂ) ਦੀ ਅਗਵਾਈ 'ਚ ਆਪ ਧਰਮ ਯੁੱਧ ਮੋਰਚੇ 'ਚ ਗ੍ਰਿਫ਼ਤਾਰੀਆਂ ਦਿੰਦੇ ਰਹੇ ਤੇ ਹੋਰ ਪੰਥਕ ਸਰਗਰਮੀਆਂ 'ਚ ਵੀ ਵੱਧ-ਚੜ੍ਹ ਕੇ ਹਿੱਸਾ ਲੈਂਦੇ ਸਨ।

ਫਿਰ ਜਦ ਜੂਨ 1984 'ਚ ਭਾਰਤੀ ਹਕੂਮਤ ਨੇ ਟੈਂਕਾਂ-ਤੋਪਾਂ ਨਾਲ਼ ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ ਕਰ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ-ਢੇਰੀ ਅਤੇ ਹਜ਼ਾਰਾਂ ਸੰਗਤਾਂ ਨੂੰ ਬੇ-ਰਹਿਮੀ ਨਾਲ਼ ਸ਼ਹੀਦ ਕੀਤਾ ਤਾਂ ਹੋਰਾਂ ਸਿੱਖਾਂ ਵਾਂਗ ਆਪ ਦੇ ਮਨ 'ਤੇ ਵੀ ਬਹੁਤ ਡੂੰਘੀ ਸੱਟ ਵੱਜੀ ਤੇ ਦਿਲ 'ਚ ਹਿੰਦ ਹਕੂਮਤ ਵਿਰੁੱਧ ਵਿਦਰੋਹ ਪੈ ਗਿਆ। ਘੱਲੂਘਾਰੇ ਪਿੱਛੋਂ ਜੁਝਾਰੂ ਸਿੰਘਾਂ ਨੇ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਦੇ ਬਚਨਾਂ 'ਤੇ ਪਹਿਰਾ ਦਿੰਦਿਆਂ ਕੌਮੀ ਘਰ ਖ਼ਾਲਿਸਤਾਨ ਦੀ ਅਜ਼ਾਦੀ ਲਈ ਹਥਿਆਰਬੰਦ ਸੰਘਰਸ਼ ਸ਼ੁਰੂ ਕਰ ਦਿੱਤਾ। ਭਾਈ ਸਤਵੰਤ ਸਿੰਘ ਅਤੇ ਭਾਈ ਬੇਅੰਤ ਸਿੰਘ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਸੋਧ ਦਿੱਤਾ ਅਤੇ ਭਾਈ ਹਰਜਿੰਦਰ ਸਿੰਘ ਤੇ ਭਾਈ ਸੁਖਦੇਵ ਸਿੰਘ ਸੁੱਖਾ ਨੇ ਜਨਰਲ ਵੈਦਿਆਂ ਨੂੰ ਪੂਨੇ ਜਾ ਕੇ ਮੌਤ ਦੇ ਘਾਟ ਉਤਾਰ ਦਿੱਤਾ। ਜਦੋਂ ਦਮਦਮੀ ਟਕਸਾਲ ਵੱਲੋਂ ਸ੍ਰੀ ਅਕਾਲ ਸਾਹਿਬ 'ਤੇ 26 ਜਨਵਰੀ 1986 ਨੂੰ ਸਰਬੱਤ ਖ਼ਾਲਸਾ ਸੱਦਿਆ ਗਿਆ ਤਾਂ ਆਪ ਉਸ ਦਿਨ ਇੱਕ ਸਿੱਖ ਹੋਣ ਦੇ ਨਾਤੇ ਉਚੇਚੇ ਤੌਰ 'ਤੇ ਸ਼ਾਮਲ ਹੋਏ ਅਤੇ ਖ਼ਾਲਸਾ ਪੰਥ ਦੇ ਠਾਠਾਂ ਮਾਰਦਾਂ ਪੰਥਕ ਜਜ਼ਬਾਤਾਂ ਨੂੰ ਵੇਖਿਆ ਤੇ ਕੌਮ ਲਈ ਲੜਨ-ਮਰਨ ਦਾ ਪ੍ਰਣ ਕੀਤਾ।



ਸ਼ਹੀਦ ਭਾਈ ਕਸ਼ਮੀਰ ਸਿੰਘ ਸ਼ੀਰਾ

ਫੇਰ ਸੰਨ 1987-88 ਵਿੱਚ ਭਾਈ ਕਸ਼ਮੀਰ ਸਿੰਘ ਸ਼ੀਰਾ ਦਾ ਖ਼ਾਲਿਸਤਾਨ ਕਮਾਂਡੋ ਫ਼ੋਰਸ ਦੇ ਜੁਝਾਰੂ ਸਿੰਘਾਂ ਨਾਲ਼ ਮੇਲ਼ ਹੋ ਗਿਆ ਤੇ ਜੁਝਾਰੂ ਸਿੰਘਾਂ ਦਾ ਉੱਚਾ-ਸੁੱਚਾ ਜੀਵਨ, ਨਾਮ-ਬਾਣੀ ਨਾਲ਼ ਪਿਆਰ ਤੇ ਕੌਮੀ ਸੰਘਰਸ਼ ਪ੍ਰਤੀ ਦ੍ਰਿੜਤਾ ਵੇਖ ਕੇ ਆਪ ਐਨੇ ਕਾਇਲ ਹੋਏ ਕਿ ਆਪ ਨੇ ਵੀ ਉਹਨਾਂ ਨਾਲ਼ ਮਿਲ਼ ਕੇ ਖ਼ਾਲਿਸਤਾਨੀ ਸੰਘਰਸ਼ 'ਚ ਗੁਪਤ ਤੌਰ 'ਤੇ ਸੇਵਾਵਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਹੁਣ ਆਪ ਦੀ ਦੁਕਾਨ 'ਤੇ ਅਕਸਰ ਹੀ ਜੁਝਾਰੂ ਸਿੰਘ ਆਉਣ ਲਗ ਪਏ। ਆਪ ਉਹਨਾਂ ਦੇ ਚੋਲ਼ੇ-ਕਛਹਿਰੇ-ਗਾਤਰੇ, ਪੈਂਟਾਂ-ਕਮੀਜ਼ਾਂ ਅਤੇ ਗੋਲ਼ਾ-ਬਰੂਦ ਸਾਂਭਣ ਲਈ ਗੁਥਲੀਆ ਵੀ ਸੀਂਦੇ ਰਹੇ ਤੇ ਹਥਿਆਰਾਂ ਉੱਤੇ ਸਜਾਵਟ ਲਈ ਖ਼ਾਲਸਈ ਝੰਡੀਆਂ ਬਣਾ ਕੇ ਦਿੰਦੇ ਜਿਨ੍ਹਾਂ ਉੱਤੇ ਖ਼ਾਲਿਸਤਾਨ ਕਮਾਂਡੋ ਫ਼ੋਰਸ, ਭਿੰਡਰਾਂਵਾਲ਼ਾ ਟਾਈਗਰ ਫ਼ੋਰਸ, ਬੱਬਰ ਖ਼ਾਲਸਾ ਜਾਂ ਖ਼ਾਲਿਸਤਾਨ ਜ਼ਿੰਦਾਬਾਦ ਲਿਖਿਆ ਹੁੰਦਾ ਸੀ ਤੇ ਫਿਰ ਹੌਲ਼ੀ-ਹੌਲ਼ੀ ਆਪ ਨੇ ਜੁਝਾਰੂ ਕਾਰਵਾਈਆਂ 'ਚ ਦੁਸ਼ਮਣਾਂ ਨੂੰ ਕਰਾਰੇ ਹੱਥ ਵਿਖਾਉਣੇ ਸ਼ੁਰੂ ਕਰ ਦਿੱਤੇ।

ਜਦੋਂ 3 ਨਵੰਬਰ 1990 ਨੂੰ ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਆਫ਼ ਖ਼ਾਲਿਸਤਾਨ ਦੇ ਜਰਨੈਲ ਭਾਈ ਸੁਖਵਿੰਦਰ ਸਿੰਘ ਸੰਘਾ ਤੇ ਉਹਨਾਂ ਦੇ ਜੁਝਾਰੂ ਸਾਥੀਆਂ ਭਾਈ ਬਿਕਰਮਜੀਤ ਸਿੰਘ ਨਾਰਲਾ, ਭਾਈ ਮਨਜੀਤ ਸਿੰਘ ਖੇਲਾ, ਭਾਈ ਮਨਜੀਤ ਸਿੰਘ ਮਾਧੋ ਅਤੇ ਭਾਈ ਰਮੇਸ਼ਪਾਲ ਸਿੰਘ ਉਰਫ਼ ਨਿਰਮਲਜੀਤ ਸਿੰਘ ਪਟਿਆਲਾ ਨੂੰ ਤਰਨ ਤਾਰਨ ਦੇ ਪਿੰਡ ਭੁੱਲਰ 'ਚ ਘੇਰਾ ਪਾ ਕੇ ਮੁਕਾਬਲੇ ਦੌਰਾਨ ਪੁਲੀਸ ਨੇ ਸ਼ਹੀਦ ਕਰ ਦਿੱਤਾ ਤਾਂ ਪੁਲੀਸ ਪਾਰਟੀ ਦੀ ਅਗਵਾਈ ਕਰਨ ਵਾਲ਼ੇ ਐੱਸ.ਪੀ. ਅਪ੍ਰੇਸ਼ਨ ਹਰਜੀਤ ਸਿਹੁੰ ਨੂੰ ਜੁਝਾਰੂ ਜਥੇਬੰਦੀਆਂ ਨੇ ਸੋਧਨ ਦਾ ਤਹੱਈਆ ਕਰ ਲਿਆ। ਫਿਰ ਖ਼ਾਲਿਸਤਾਨ ਕਮਾਂਡੋ ਫ਼ੋਰਸ ਅਤੇ ਭਿੰਡਰਾਂਵਾਲ਼ਾ ਟਾਈਰਸ ਫ਼ੋਰਸ ਨੇ ਰਲ਼ ਕੇ ਇਸ ਐਕਸ਼ਨ ਨੂੰ ਓਦੋਂ ਸਿਰੇ ਚਾੜ੍ਹਿਆ ਜਦੋਂ 21 ਦਿਨਾਂ ਬਾਅਦ 24 ਨਵੰਬਰ 1990 ਨੂੰ ਤਰਨ ਤਾਰਨ ਦੇ ਰੋਹੀਵਾਲ਼ਾ ਡਰੇਨ ਪੁਲ਼ 'ਤੇ ਐੱਸ.ਪੀ. ਅਪ੍ਰੇਸ਼ਨ ਹਰਜੀਤ ਸਿਹੁੰ ਦੀ ਜੀਪ ਨੂੰ ਜੁਝਾਰੂ ਸਿੰਘਾਂ ਨੇ ਬੰਬ ਨਾਲ਼ ਉਡਾਅ ਦਿੱਤਾ। ਇਹ ਐਕਸ਼ਨ ਭਾਈ ਕਸ਼ਮੀਰ ਸਿੰਘ ਸ਼ੀਰਾ (ਪੱਟੀ) ਅਤੇ ਉਹਨਾਂ ਦੇ ਜੁਝਾਰੂ ਸਾਥੀਆਂ ਭਾਈ ਮੇਜਰ ਸਿੰਘ ਯੂ.ਪੀ. (ਪਿੰਡ ਸ਼ਹੀਦ), ਭਾਈ ਸੁਰਜੀਤ ਸਿੰਘ ਸੀਤਲ ਝੱਖੜ (ਪਿੰਡ ਠੱਠੀ ਜੈਮਲ ਸਿੰਘ), ਭਾਈ ਬਲਵਿੰਦਰ ਸਿੰਘ ਮੰਡ (ਪਿੰਡ ਵਰਾਣਾ), ਭਾਈ ਬਲਵਿੰਦਰ ਸਿੰਘ ਫ਼ੌਜੀ (ਪਿੰਡ ਜਵੰਦਾ ਖੁਰਦ), ਬਾਬਾ ਸੁੱਖਾ ਸਿੰਘ (ਪਿੰਡ ਖਾਰਾ, ਸਰਹਾਲੀ), ਭਾਈ ਤਰਸੇਮ ਸਿੰਘ ਬੱਗਾ (ਪਿੰਡ ਕੰਗ) ਅਤੇ ਭਾਈ ਭੁਪਿੰਦਰ ਸਿੰਘ


ਭਿੰਦਾ (ਪਿੰਡ ਦਸੰਧੀ ਮੱਲ੍ਹ) ਵੱਲੋਂ ਕੀਤਾ ਗਿਆ ਜਿਸ ਵਿੱਚ ਐੱਸ.ਪੀ. ਅਪ੍ਰੇਸ਼ਨ ਹਰਜੀਤ ਸਿਹੁੰ ਸਮੇਤ ਉਸ ਦੇ ਤਿੰਨ ਗੰਨਮੈਨ ਮਾਰੇ ਗਏ ਤੇ ਜੀਪ ਟੋਟੇ-ਟੋਟੇ ਹੋ ਗਈ। ਇਸ ਤਰ੍ਹਾਂ ਆਪ ਨੇ ਭਾਈ ਸੰਘੇ ਦੀ ਸ਼ਹਾਦਤ ਦਾ ਬਦਲਾ ਲੈ ਲਿਆ।

ਭਾਈ ਕਸ਼ਮੀਰ ਸਿੰਘ ਸ਼ੀਰਾ ਦੇ ਜੁਝਾਰੂ ਗਰੁੱਪ ਨੇ ਅੰਮ੍ਰਿਤਸਰ, ਤਰਨ ਤਾਰਨ, ਪੱਟੀ, ਖੇਮਕਰਨ, ਭਿੱਖੀਵਿੰਡ, ਵਲਟੋਹਾ, ਕਾਲੀਆ-ਸਕੱਤਰਾ, ਸੁਰਸਿੰਘ, ਗੱਗੋਬੂਹਾ ਅਤੇ ਚੱਬਾ ਆਦਿ ਇਲਾਕਿਆਂ 'ਚ ਪੂਰੀ ਧਾਂਕ ਜਮਾਈ ਹੋਈ ਸੀ। ਆਪ ਸਿੰਘਾਂ ਕੋਲ਼ ਇੱਕ ਸਕੂਟਰ ਅਤੇ ਇੱਕ ਯਾਮਹਾ ਮੋਟਰ ਸਾਇਕਲ ਹੁੰਦਾ ਸੀ ਜਿਸ ਨੂੰ ਆਪ ਨੇ ਅਨੇਕਾਂ ਜੁਝਾਰੂ ਕਾਰਨਾਮਿਆਂ 'ਚ ਵਰਤਿਆ। ਆਪ ਨੇ ਨੌਰੰਗਾਬਾਦ ਦਾ ਇੱਕ ਦੁਸ਼ਟ ਸੋਧਿਆ ਜੋ ਖਾੜਕੂਆਂ ਦੇ ਭੇਸ 'ਚ ਲੁੱਟਾਂ-ਖੋਹਾਂ ਕਰਦਾ ਸੀ। ਕਿਸਾਨਾਂ ਨੂੰ ਲੁੱਟਣ ਵਾਲ਼ੇ ਇੱਕ ਆੜਤੀਏ ਨੂੰ ਵੀ ਗੱਡੀ ਚਾੜ੍ਹਿਆ ਜੋ ਸੰਤ ਜਰਨੈਲ ਸਿੰਘ ਜੀ ਦੇ ਖ਼ਿਲਾਫ਼ ਵੀ ਬਕਵਾਸ ਕਰਦਾ ਹੁੰਦਾ ਸੀ। ਭਾਰਤੀ ਫ਼ੋਰਸਾਂ ਨਾਲ਼ ਆਪ ਦੇ ਕਈ ਮੁਕਾਬਲੇ ਹੋਏ ਤੇ ਆਪ ਘੇਰੇ ਤੋੜ ਕੇ ਨਿਕਲ ਜਾਂਦੇ ਰਹੇ। ਭਾਈ ਕਸ਼ਮੀਰ ਸਿੰਘ ਸ਼ੀਰਾ ਨੇ ਕਈ ਪੁਲੀਸ ਚੌਂਕੀਆਂ ਅਤੇ ਥਾਣਿਆਂ ਉੱਤੇ ਹਮਲੇ ਕੀਤੇ, ਬੁੱਚੜ ਪੁਲਸੀਆਂ ਨੂੰ ਸਜ਼ਾਵਾਂ ਦਿੱਤੀਆਂ ਅਤੇ ਕੈਟਾਂ, ਮੁਖ਼ਬਰਾਂ, ਗ਼ੱਦਾਰਾਂ ਨੂੰ ਸੋਧਿਆ। ਸਰਕਾਰੀ ਦੱਲਾਗਿਰੀ ਕਰਨ ਵਾਲ਼ੇ ਕਾਮਰੇਡਾਂ ਨੂੰ ਵੀ ਮੌਤ ਦੇ ਘਾਟ ਉਤਾਰਿਆ ਅਤੇ ਸਿੱਖੀ ਦੇ ਦੁਸ਼ਮਣਾਂ ਦੇ ਮਨਾਂ 'ਚ ਦਹਿਸ਼ਤ ਪੈਦਾ ਕਰ ਦਿੱਤੀ। ਇੱਕ ਵਾਰ ਜਦ ਆਪ ਤਰਨ ਤਾਰਨ ਦੇ ਸ੍ਰੀ ਦਰਬਾਰ ਸਾਹਿਬ ਵਿਖੇ ਦਰਸ਼ਨ ਕਰਨ ਆਏ ਤਾਂ ਪੁਲੀਸ ਨੂੰ ਸੂਹ ਹੋ ਗਈ ਤੇ ਬਾਹਰ ਆਉਂਦਿਆਂ ਸਾਰ ਪੁਲੀਸ ਨੇ ਆਪ ਉੱਤੇ ਗੋਲ਼ੀਆਂ ਦੀ ਵਾਛੜ ਕਰ ਦਿੱਤੀ ਪਰ ਗੁਰੂ ਸਾਹਿਬ ਵੱਲੋਂ ਬਖ਼ਸ਼ੀ ਸੂਰਬੀਰਤਾ ਅਤੇ ਨਿਰਭੈਅਤਾ ਸਦਕਾ ਆਪ ਜਬਰਦਸਤ ਮੁਕਾਬਲਾ ਕਰਦੇ ਹੋਏ ਓਥੋਂ ਨਿਕਲ ਗਏ। ਜੁਝਾਰੂ ਭਾਈ ਦਲਬੀਰ ਸਿੰਘ ਖੇਲਾ ਤਾਂ ਆਪ ਦੇ ਭਰਾ ਹੀ ਬਣੇ ਹੋਏ ਸਨ ਤੇ ਆਪ ਦੋਵਾਂ ਦਾ ਇੱਕ-ਦੂਜੇ ਘਰ ਆਉਣਾ-ਜਾਣਾ ਤੇ ਪਰਿਵਾਰਕ ਮੇਲ਼ ਵੀ ਸੀ। ਆਪ ਨੇ ਅਨੇਕਾਂ ਸਮਾਜ ਸੁਧਾਰ ਦੇ ਕਾਰਜ ਵੀ ਕੀਤੇ, ਦਾਜ ਦੇਣਾ-ਲੈਣਾ ਬੰਦ ਕਰਵਾਇਆ, ਸ਼ਰਾਬ ਦੇ ਠੇਕੇ ਵੀ ਬੰਦ ਕਰਵਾਏ ਤੇ ਕਈ ਧੀਆਂ ਦੇ ਘਰ ਵਸਾਏ।

ਜਦੋਂ ਭਾਈ ਕਸ਼ਮੀਰ ਸਿੰਘ ਸ਼ੀਰਾ ਦੇ ਵੱਡੇ ਭਰਾ ਸ. ਲਖਬੀਰ ਸਿੰਘ ਦੇ ਘਰ 30 ਨਵੰਬਰ 1991 ਨੂੰ ਇੱਕ ਬੱਚੇ ਨੇ ਜਨਮ ਲਿਆ ਤਾਂ ਆਪਣੇ ਭਤੀਜੇ ਦੇ ਜਨਮ ਦੀ ਖ਼ੁਸ਼ੀ 'ਚ ਆਪ ਲੱਡੂ ਵੰਡਦੇ ਘਰ 'ਚ ਦਾਖਲ ਹੋਏ ਤੇ ਬੱਚੇ ਨੂੰ ਚੁੱਕ ਕੇ ਉਸ ਦਾ ਮੱਥਾ ਚੁੰਮਦਿਆਂ ਸਾਰ ਆਪ ਨੇ ਕਿਹਾ "ਆ ਗਿਆ ਮੇਰੇ ਵੱਡੇ ਦਾ ਰਣਜੀਤ ਸਿੰਘ, ਹੁਣ ਮੈਂ ਸ਼ਹੀਦੀ ਪਾ ਜਾਣੀ ਏਂ।"

ਇਹ ਗੱਲ ਸੁਣਦਿਆਂ ਸਾਰ ਆਪ ਦੀ ਇੱਕ ਰਿਸ਼ਤੇਦਾਰ ਬੀਬੀ ਨੇ ਕਿਹਾ "ਨਾ ਸ਼ੀਰੇ ਪੁੱਤ! ਏਦਾਂ ਨਾ ਬੋਲ, ਹਰੇਕ ਮਾਂ ਨੂੰ ਆਪਣਾ ਪੁੱਤ ਪਿਆਰਾ ਹੁੰਦੈ, ਉਹ ਆਪਣੀ ਮਾਂ ਦਾ ਹੀਰਾ ਏ, ਤੇ ਤੂੰ ਆਪਣੀ ਮਾਂ ਦਾ ਚੰਨ ਏਂ, ਜੁੱਗ-ਜੁੱਗ ਜਵਾਨੀਆਂ ਮਾਣੋ, ਤੁਹਾਡੇ ਘਰ ਤਾਂ ਬਾਬੇ ਨੇ ਮੇਹਰ ਕੀਤੀ ਏ, ਵੇਖ ਲੈ ਨਿਰਾ ਤੇਰੇ ਵਰਗਾ ਵਾ ਇਹ ਬੱਚਾ, ਅਸੀਂ ਤਾਂ ਨਾਮ ਸੋਚਣ ਹੀ ਦਏ ਸੀ ਕਿ ਕੀ ਰੱਖੀਏ ਤੇ ਤੂੰ ਰੱਖ ਵੀ ਦਿੱਤਾ।"

ਪਰ ਆਪ ਨੇ ਕਿਹਾ ਕਿ "ਨਹੀਂ ਮਾਸੀ! ਹੁਣ ਤਾਂ ਬਸ ਆਪਣੀ ਤਿਆਰੀ ਏ, ਜਿਹੜੇ ਰਾਹਾਂ 'ਤੇ ਮੈਂ ਪੈਰ ਰੱਖ ਲਿਆ ਇੱਥੇ ਕਦਮ-ਕਦਮ 'ਤੇ ਮੌਤ ਏ, ਪਤਾ ਨਹੀਂ



ਸ਼ਹੀਦ ਭਾਈ ਕਸ਼ਮੀਰ ਸਿੰਘ ਸ਼ੀਰਾ ਦੀ ਬਚਪਨ ਦੀ ਫ਼ੋਟੋ

ਕਦੋਂ ਮੁਕਾਬਲਾ ਹੋ ਜਾਣਾ ਤੇ ਕਲਗੀਆਂ ਵਾਲ਼ੇ ਬਾਪੂ ਨੇ ਅਵਾਜ਼ ਮਾਰ ਲੈਣੀ ਏਂ, ਇਹ ਸਿੱਖੀ ਬੜੀ ਨਿਆਰੀ ਏ, ਖੰਡੇ ਦੀ ਧਾਰ 'ਤੇ ਚੱਲਣਾ ਪੈਂਦਾ ਏ, ਗੁਰੂ ਮੇਹਰ ਕਰੇ ਤੇ ਹੁਣ ਜਲਦ ਹੀ ਸ਼ਹੀਦੀ ਦੀ ਦਾਤ ਝੋਲ਼ੀ ਵਿੱਚ ਪਾਵੇ।"

ਭਾਈ ਕਸ਼ਮੀਰ ਸਿੰਘ ਸ਼ੀਰਾ ਨੇ ਆਪਣੇ ਜਿਸ ਭਤੀਜੇ ਦਾ ਨਾਮ 'ਰਣਜੀਤ ਸਿੰਘ' ਰੱਖਿਆ ਉਹ ਸਚਮੁੱਚ ਸ਼ਹੀਦਾਂ ਦਾ ਵਾਰਸ ਹੋ ਨਿਬੜਿਆ ਤੇ ਉਹ ਸ਼ਹੀਦ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ਿਆਂ ਦੇ ਬਚਨਾਂ ਉੱਤੇ ਡਟ ਕੇ ਪਹਿਰਾ ਦੇ ਰਿਹਾ ਹੈ। ਉਹ ਕੋਈ ਜਾਣ-ਪਛਾਣ ਦਾ ਮੁਥਾਜ ਨਹੀਂ ਹੈ, ਪੰਥਕ ਸਫ਼ਾਂ 'ਚ ਉਹ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਦੇ ਨਾਂ ਨਾਲ਼ ਪ੍ਰਸਿੱਧ ਹੈ।



ਭਾਈ ਰਣਜੀਤ ਸਿੰਘ ਦਮਦਮੀ ਟਕਸਾਲ

ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਜੋ ਇਸ ਸਮੇਂ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲ਼ਾ ਜਥੇਬੰਦੀ ਦੇ ਕੌਮੀ ਪ੍ਰਧਾਨ ਹਨ ਤੇ ਉਹ ਸਿੱਖੀ ਪ੍ਰਚਾਰ ਦੀਆਂ ਸਰਗਰਮੀਆਂ ਅਤੇ ਕੌਮੀ ਅਜ਼ਾਦੀ ਲਈ ਲਗਾਤਾਰ ਸੰਘਰਸ਼ਸ਼ੀਲ ਹਨ ਅਤੇ ਪੰਥ ਦੋਖੀਆਂ ਨਾਲ਼ ਡਟਵੀਂ ਟੱਕਰ ਲੈਂਦੇ ਹਨ। ਭਾਈ ਰਣਜੀਤ ਸਿੰਘ ਪੰਥ ਤੇ ਪੰਜਾਬ ਦੇ ਹਰੇਕ ਮੁੱਦੇ 'ਤੇ ਡਟ ਕੇ ਲਿਖਦੇ-ਬੋਲਦੇ ਹਨ। ਛੋਟੀ ਉਮਰੇ ਹੀ ਉਹਨਾਂ ਨੇ ਸਿੱਖ ਸੰਘਰਸ਼ ਦੇ ਸ਼ਹੀਦਾਂ ਉੱਤੇ 'ਤਵਾਰੀਖ਼ ਸ਼ਹੀਦ-ਏ-ਖ਼ਾਲਿਸਤਾਨ' ਦੇ ਸਿਰਲੇਖ ਹੇਠ ਚਰਚਿਤ ਕਿਤਾਬਾਂ ਲਿਖੀਆਂ ਹਨ ਜੋ ਖ਼ਾਲਿਸਤਾਨੀ ਸੰਘਰਸ਼ ਦਾ ਅਹਿਮ ਦਸਤਾਵੇਜ਼ ਹਨ।

ਸੰਨ 1992 ਦੇ ਮਈ ਮਹੀਨੇ 'ਚ ਪੁਲੀਸ ਨੇ ਭਾਈ ਕਸ਼ਮੀਰ ਸਿੰਘ ਸ਼ੀਰਾ ਨੂੰ ਫੜਨ ਲਈ ਉਹਨਾਂ ਦੇ ਘਰ 'ਚ ਛਾਪਾ ਮਾਰਿਆ ਅਤੇ ਡਿਬੀਪੁਰਾ ਪਿੰਡ 'ਚ ਵਿਆਹੀ ਉਹਨਾਂ ਦੀ ਭੈਣ ਬੀਰ ਕੌਰ ਵੱਲ ਵੀ ਗਏ। ਲੇਕਿਨ ਆਪ ਹੱਥ ਨਾ ਆਏ, ਕਿਉਂਕਿ ਆਪ ਕਈ ਮਹੀਨੇ ਪਹਿਲਾਂ ਤੋਂ ਹੀ ਰੂਪੋਸ਼ ਵਿਚਰ ਰਹੇ ਸਨ ਤੇ ਕਦੇ-ਕਦਾਈਂ ਘਰ ਆਉਂਦੇ ਸਨ। ਫਿਰ ਕੁਝ ਚਿਰ ਬਾਅਦ ਸੀ.ਆਰ.ਪੀ.ਐੱਫ਼. ਨੇ ਆਪ ਨੂੰ ਕਰਤਾਰਪੁਰ ਦੇ ਨੇੜੇ ਪਿੰਡ ਦਿਆਲਪੁਰ 'ਚੋਂ ਸ਼ੱਕ ਦੇ ਆਧਾਰ 'ਤੇ ਓਦੋਂ ਗ੍ਰਿਫ਼ਤਾਰ ਕਰ ਲਿਆ ਜਦੋਂ ਆਪ ਖੇਤਾਂ ਵਿਚਲੇ ਇੱਕ ਘਰ ਵਿੱਚ ਠਹਿਰੇ ਹੋਏ ਸਨ ਤੇ ਬੰਬੀ ਉੱਤੇ ਇਸ਼ਨਾਨ ਕਰ ਰਹੇ ਸਨ। ਆਪ ਨਾਲ਼ ਜੁਝਾਰੂ ਭਾਈ ਤਰਸੇਮ ਸਿੰਘ ਬੱਗਾ ਅਤੇ ਭਾਈ ਗੁਰਦੇਵ ਸਿੰਘ ਗੇਬੂ ਵੀ ਫੜੇ ਗਏ।

ਸੀ.ਆਰ.ਪੀ. ਨੇ ਆਪ ਨੂੰ ਜਲੰਧਰ ਦੀ ਪੁਲੀਸ ਦੇ ਹਵਾਲੇ ਕਰ ਦਿੱਤਾ। ਫਿਰ ਪੁਲੀਸ ਨੇ ਆਪ ਨੂੰ ਜਲੰਧਰ ਦੇ ਸੀ.ਆਈ.ਏ. ਸਟਾਫ਼ ਲਿਜਾ ਕੇ ਆਪ ਨੂੰ 15 ਦਿਨ ਘੋਰ ਤਸੀਹੇ ਦਿੱਤੇ, ਪਰ ਆਪ ਤਿੰਨਾਂ ਸਿੰਘਾਂ ਨੇ ਭਾਰੀ ਤਸ਼ੱਦਦ ਤਾਂ ਝੱਲ ਲਿਆ ਪਰ ਪੁਲੀਸ ਨੂੰ ਹਥਿਆਰਾਂ ਦੇ ਟਿਕਾਣਿਆਂ ਅਤੇ ਸਾਥੀਆਂ ਬਾਰੇ ਕੁਝ ਨਾ ਦੱਸਿਆ। ਪੁਲੀਸ ਨੇ ਕੁਝ ਕੇਸ ਪਾ ਕੇ ਜਲੰਧਰ ਦੀ ਜੇਲ੍ਹ ਵਿੱਚ ਨਜ਼ਰਬੰਦ ਕਰ ਦਿੱਤਾ, ਜਿੱਥੋਂ ਛੇ ਮਹੀਨਿਆਂ ਬਾਅਦ ਆਪ ਸਿੰਘਾਂ ਦੀ ਜ਼ਮਾਨਤ 'ਤੇ ਰਿਹਾਈ ਹੋਈ। ਜੇਲ੍ਹ ਵਿੱਚ ਆਪ ਦੀ ਚੋਟੀ ਦੇ ਜੁਝਾਰੂ ਸਿੰਘਾਂ ਨਾਲ਼ ਮੁਲਾਕਾਤ ਹੋਈ ਜਿਸ ਨੇ ਆਪ ਦੀ ਸੋਚ ਨੂੰ ਹੋਰ ਬਲਵਾਨ, ਪ੍ਰਚੰਡ ਅਤੇ ਤਿੱਖਾ ਕਰ ਦਿੱਤਾ ਅਤੇ ਬਾਹਰ ਆਉਂਦੇ ਸਾਰ ਹੀ ਆਪ ਨੇ 'ਬੱਬਰ ਸ਼ੇਰ' ਵਾਲ਼ੀ ਦਹਾੜ ਮਾਰੀ ਤੇ ਪੰਥ ਦੋਖੀਆਂ ਨੂੰ ਸੋਧਣਾ ਸ਼ੁਰੂ ਕਰ ਦਿੱਤਾ। ਜੇਲ੍ਹ ਤੋਂ ਬਾਹਰ ਆ ਕੇ ਆਪ ਨੇ ਦਿਆਲਪੁਰ ਪਿੰਡ ਦੇ ਉਸ ਟਾਊਟ ਨੂੰ ਸੋਧਿਆ ਜਿਸ ਨੇ ਆਪ ਸਿੰਘਾਂ ਦੀ ਮੁਖ਼ਬਰੀ ਕੀਤੀ ਸੀ।

ਇਹ ਵੀ ਜ਼ਿਕਰਯੋਗ ਹੈ ਕਿ ਜਦ ਭਾਈ ਕਸ਼ਮੀਰ ਸਿੰਘ ਸ਼ੀਰਾ ਸੰਘਰਸ਼ ਵਿੱਚ ਵਿਚਰ ਰਹੇ ਸਨ ਤਾਂ ਇੱਕ ਵਾਰ ਸੀ.ਆਰ.ਪੀ.ਐੱਫ਼. ਨੇ ਉਹਨਾਂ ਦੇ ਭਰਾ ਸ. ਲਖਬੀਰ ਸਿੰਘ ਅਤੇ ਸ. ਸੁਰਿੰਦਰ ਸਿੰਘ (ਛਿੰਦਰ) ਉੱਤੇ ਵੀ ਬਹੁਤ ਜ਼ੁਲਮ ਢਾਹਿਆ ਸੀ। ਪੱਟੀ 'ਚ ਆਪ ਦੇ ਘਰ ਦੇ ਨੇੜੇ ਹੀ ਸੀ.ਆਰ.ਪੀ. ਦੀ ਚੌਂਕੀ ਬਣੀ ਹੋਈ ਸੀ। ਭਾਈ ਕਸ਼ਮੀਰ ਸਿੰਘ ਸ਼ੀਰਾ ਦੇ ਮਾਸੀ ਦੇ ਲੜਕੇ

ਜੁਝਾਰੂ ਭਾਈ ਮੁਖਤਿਆਰ ਸਿੰਘ ਕਾਲ਼ੇਕੇ ਉਤਾੜ ਨੂੰ ਵੀ ਪੁਲੀਸ ਨੇ ਇੱਕ ਝੂਠੇ ਮੁਕਾਬਲੇ 'ਚ ਸ਼ਹੀਦ ਕਰ ਦਿੱਤਾ ਸੀ। ਆਪ ਦੇ ਸਾਥੀ ਭਾਈ ਭੁਪਿੰਦਰ ਸਿੰਘ ਭਿੰਦਾ ਅਤੇ ਬਾਬਾ ਸੁੱਖਾ ਸਿੰਘ ਖਾਰਾ ਦੇ ਪਰਿਵਾਰਾਂ ਨੂੰ ਵੀ ਸਰਕਾਰੀ ਕਹਿਰ ਦਾ ਸ਼ਿਕਾਰ ਹੋਣਾ ਪਿਆ।

ਭਾਈ ਕਸ਼ਮੀਰ ਸਿੰਘ ਸ਼ੀਰਾ ਨੂੰ ਜੁਝਾਰੂ ਸਫ਼ਾਂ ਅਤੇ ਸੰਗਤਾਂ ਵਿੱਚ 'ਬਾਬਾ ਸ਼ੀਰਾ', 'ਬਾਬਾ ਦਰਜੀ' ਤੇ 'ਪੱਟੀ ਵਾਲ਼ਾ ਸਿੰਘ' ਕਹਿ ਕੇ ਸਤਿਕਾਰਿਆ ਜਾਂਦਾ ਸੀ। ਆਪ ਦੀ ਸਾਂਝ ਖ਼ਾਲਿਸਤਾਨ ਕਮਾਂਡੋ ਫ਼ੋਰਸ (ਪੰਜਵੜ) ਦੇ ਡਿਪਟੀ ਚੀਫ਼ ਸ਼ਹੀਦ ਭਾਈ ਮੇਜਰ ਸਿੰਘ ਯੂ.ਪੀ. (ਪਿੰਡ ਸ਼ਹੀਦ, ਜ਼ਿਲ੍ਹਾ ਤਰਨ ਤਾਰਨ), ਸ਼ਹੀਦ ਬਾਬਾ ਸੁੱਖਾ ਸਿੰਘ ਖਾਰਾ (ਸਰਹਾਲੀ), ਸ਼ਹੀਦ ਭਾਈ ਜੱਸਾ ਸਿੰਘ ਘੁੱਕ (ਮਾਹਣੇ ਮੱਲ੍ਹੀਆਂ), ਸ਼ਹੀਦ ਭਾਈ ਦਲਬੀਰ ਸਿੰਘ ਖੇਲਾ, ਸ਼ਹੀਦ ਭਾਈ ਤਰਸੇਮ ਸਿੰਘ ਬੱਗਾ (ਕੰਗ), ਸ਼ਹੀਦ ਭਾਈ ਭੁਪਿੰਦਰ ਸਿੰਘ ਭਿੰਦਾ (ਦਸੰਧੀ ਮੱਲ੍ਹ), ਸ਼ਹੀਦ ਭਾਈ ਹਰਭਜਨ ਸਿੰਘ ਸੁਰਸਿੰਘ, ਸ਼ਹੀਦ ਭਾਈ ਨਰਿੰਦਰ ਸਿੰਘ ਗੱਗੋਬੂਹਾ, ਸ਼ਹੀਦ ਭਾਈ ਰਾਮ ਸਿੰਘ ਘੁੱਕ (ਸੁਰਸਿੰਘ), ਸ਼ਹੀਦ ਭਾਈ ਸੁਰਜੀਤ ਸਿੰਘ ਸੀਤਲ ਝੱਖੜ, ਸ਼ਹੀਦ ਭਾਈ ਜੋਗਿੰਦਰ ਸਿੰਘ ਕੰਡਾ ਬ੍ਰਿਗੇਡੀਅਰ, ਸ਼ਹੀਦ ਭਾਈ ਬਖ਼ਸ਼ੀਸ਼ ਸਿੰਘ ਸ਼ੀਸ਼ਾ, ਸ਼ਹੀਦ ਭਾਈ ਗੁਰਦੇਵ ਸਿੰਘ ਨਵਾਂਪਿੰਡ, ਸ਼ਹੀਦ ਭਾਈ ਨਿਸ਼ਾਨ ਸਿੰਘ ਮਖੂ, ਸ਼ਹੀਦ ਭਾਈ ਬਲਵਿੰਦਰ ਸਿੰਘ ਗੱਗੋਬੂਹਾ, ਸ਼ਹੀਦ ਭਾਈ ਕੁਲਵਿੰਦਰ ਸਿੰਘ ਦਿਓਲ ਵਲਟੋਹਾ, ਸ਼ਹੀਦ ਭਾਈ ਰਣਜੀਤ ਸਿੰਘ ਕੜਾਕਾ, ਸ਼ਹੀਦ ਭਾਈ ਬਗੀਚਾ ਸਿੰਘ ਖ਼ਾਲਸਾ ਸਕੱਤਰਾ, ਸ਼ਹੀਦ ਭਾਈ ਸਵਿੰਦਰ ਸਿੰਘ ਸੋਹਲ ਅਤੇ ਭਾਈ ਵੱਸਣ ਸਿੰਘ ਜ਼ਫ਼ਰਵਾਲ ਵਰਗੇ ਜੁਝਾਰੂਆਂ ਨਾਲ਼ ਰਹੀ।

ਆਪ ਸਾਰੇ ਜੁਝਾਰੂ ਸਿੰਘ ਬਹੁਤ ਬੰਦਗੀ ਵਾਲ਼ੇ ਸਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ-ਸਤਿਕਾਰ, ਸਿੱਖੀ ਦੀ ਆਨ-ਸ਼ਾਨ, ਪੰਥ ਦੇ ਬੋਲ-ਬਾਲੇ ਅਤੇ ਧੀਆਂ-ਭੈਣਾਂ ਦੀ ਰਾਖੀ ਤੇ ਖ਼ਾਲਿਸਤਾਨ ਦੀ ਅਜ਼ਾਦੀ ਲਈ ਸਿਰ 'ਤੇ ਕੱਫਣ ਬੰਨ੍ਹੀ ਬੈਠੇ ਸਨ ਤੇ ਮੌਤ ਨੂੰ ਹੱਸ-ਹੱਸ ਮਖ਼ੌਲਾਂ ਕਰਦੇ ਸਨ। ਭਾਈ ਕਸ਼ਮੀਰ ਸਿੰਘ ਜੀ ਵੀ ਬਹੁਤ ਬਾਣੀ ਪੜ੍ਹਿਆ ਕਰਦੇ ਸਨ ਤੇ ਬਾਣੀ ਦਾ ਤੇਜ-ਪ੍ਰਤਾਪ ਉਹਨਾਂ ਦੇ ਚਿਹਰੇ ਉੱਤੇ ਹੀ ਭਖ਼ਦਾ ਸੀ। ਪਰਿਵਾਰ ਨੇ ਆਪ ਉੱਤੇ ਦਬਾਅ ਪਾ ਕੇ ਆਪ ਦੀ ਮੰਗਣੀ ਵੀ ਕਰ ਦਿੱਤੀ ਪਰ ਆਪ ਤਾਂ ਲਾੜੀ ਮੌਤ ਨੂੰ ਵਰ੍ਹਨ ਦੇ ਇਛੁੱਕ ਸਨ।

ਜਦ ਆਪ ਸੰਘਰਸ਼ ਵਿੱਚ ਵਿਚਰ ਰਹੇ ਸਨ ਤਾਂ ਪਿੱਛੋਂ ਪੁਲੀਸ ਨੇ ਆਪ ਦੇ ਪਰਿਵਾਰ ਨੂੰ ਬੇਹੱਦ ਤੰਗ-ਪ੍ਰੇਸ਼ਾਨ ਕੀਤਾ ਜਿਸ ਕਾਰਨ ਪਰਿਵਾਰ ਖੇਰੂੰ-ਖੇਰੂੰ ਹੋ ਗਿਆ। ਪੱਟੀ ਵਾਲ਼ਾ ਸਾਂਝਾ ਮਕਾਨ ਵੇਚ ਕੇ ਹੁਣ ਆਪ ਦੇ ਭਰਾ ਅੰਮ੍ਰਿਤਸਰ ਦੇ ਸੁਲਤਾਨਵਿੰਡ ਰੋਡ 'ਤੇ ਆ ਕੇ ਕਿਰਾਏ ਉੱਤੇ ਰਹਿਣ ਲਗ ਪਏ। ਆਪ ਦੇ ਇਸ ਟਿਕਾਣੇ ਦਾ ਪੁਲੀਸ ਨੂੰ ਪਤਾ ਨਹੀਂ ਸੀ ਓਦੋਂ ਤਕ ਆਪ ਦੇ ਕਾਫ਼ੀ ਸਾਥੀ ਸ਼ਹੀਦ ਹੋ ਚੁੱਕੇ ਸਨ। ਜਦ ਸੰਨ 1992 'ਚ ਪੰਜਾਬ 'ਚ ਜ਼ਾਲਮ ਕਾਂਗਰਸੀ ਮੁੱਖ ਮੰਤਰੀ ਬਿਅੰਤ ਸਿਹੁੰ ਬੁੱਚੜ ਦੀ ਸਰਕਾਰ ਬਣੀ ਤਾਂ ਸਖ਼ਤੀ ਐਨੀ ਵੱਧ ਗਈ ਕਿ ਲੋਕਾਂ ਨੇ ਠਾਹਰਾਂ ਦੇਣੀਆਂ ਵੀ ਬੰਦ ਕਰ ਦਿੱਤੀਆਂ, ਪੁਲੀਸ ਨੇ ਜੁਝਾਰੂਆਂ ਦੇ ਸਮਰਥਕ ਲੋਕਾਂ ਦੇ ਘਰ ਵੀ ਢਾਹ ਦਿੱਤੇ ਤੇ ਪੂਰਾ ਪੰਜਾਬ ਜ਼ੁਲਮ ਦੀ ਚੱਕੀ ਵਿੱਚ ਪੀਸ ਦਿੱਤਾ। ਸਰਕਾਰ ਨੇ ਕੈਟਾਂ-ਮੁਖ਼ਬਰਾਂ ਦੇ ਸਭ ਪਾਸੇ ਜਾਲ ਵਿਛਾ ਦਿੱਤੇ ਸਨ। ਖ਼ਾਲਿਸਤਾਨੀ ਸੰਘਰਸ਼ ਦੇ ਚੋਟੀ ਦੇ ਜੁਝਾਰੂ ਜਰਨੈਲ ਭਾਈ ਗੁਰਜੰਟ ਸਿੰਘ ਬੁੱਧਸਿੰਘਵਾਲ਼ਾ, ਭਾਈ ਸੁਖਦੇਵ ਸਿੰਘ ਬੱਬਰ, ਭਾਈ ਰਛਪਾਲ ਸਿੰਘ ਛੰਦੜਾ, ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ, ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਬਾਬਾ ਸੁੱਖਾ ਸਿੰਘ ਖਾਰਾ ਤੇ ਹੋਰ ਸੂਰਮੇ ਵੀ ਸ਼ਹਾਦਤਾਂ ਦੇ ਜਾਮ ਪੀ ਚੁੱਕੇ ਸਨ। ਪੁਲੀਸ ਨੇ ਭਾਈ ਕਸ਼ਮੀਰ ਸਿੰਘ ਸ਼ੀਰਾ ਦੇ ਸਿਰ ਦਾ ਇੱਕ ਲੱਖ ਰੁਪਏ ਇਨਾਮ ਰੱਖ ਦਿੱਤਾ।



ਸ਼ਹੀਦ ਭਾਈ ਕਸ਼ਮੀਰ ਸਿੰਘ ਸ਼ੀਰਾ

ਓਧਰੋਂ ਕੰਗ ਪਿੰਡ ਦੇ ਰਹਿਣ ਵਾਲ਼ੇ ਆਪ ਦੇ ਜੁਝਾਰੂ ਸਾਥੀ ਭਾਈ ਤਰਸੇਮ ਸਿੰਘ ਬੱਗਾ ਨੂੰ ਉਹਨਾਂ ਦੇ ਪਰਿਵਾਰ ਨੇ ਅਕਾਲੀ ਆਗੂ ਸ. ਅਲਵਿੰਦਰ ਸਿੰਘ ਪੱਖੋਕੇ ਰਾਹੀਂ ਪੁਲੀਸ ਕੋਲ ਪੇਸ਼ ਕਰਵਾ ਦਿੱਤਾ ਕਿਉਂਕਿ ਉਹਨਾਂ ਦੇ ਪਿਤਾ ਅਤੇ ਭਰਾਵਾਂ ਉੱਤੇ ਸਰਕਾਰ ਵੱਲੋਂ ਬੇਤਹਾਸ਼ਾ ਜ਼ੁਲਮ ਢਾਹਿਆ ਜਾ ਰਿਹਾ ਸੀ। ਭਾਈ ਤਰਸੇਮ ਸਿੰਘ ਦੀ ਗ੍ਰਿਫ਼ਤਾਰੀ ਮਗਰੋਂ ਪੁਲੀਸ ਨੇ ਭਾਈ ਕਸ਼ਮੀਰ ਸਿੰਘ ਨੂੰ ਫੜਨ ਲਈ ਪੱਟੀ ਅਤੇ ਤਰਨ ਤਾਰਨ ਦੇ ਕਈ ਇਲਾਕਿਆਂ 'ਚ ਚੱਪੇ-ਚੱਪੇ 'ਤੇ ਛਾਣਬੀਣ ਕੀਤੀ, ਰਿਸ਼ਤੇਦਾਰਾਂ ਦੇ ਘਰਾਂ 'ਚ ਵੀ ਛਾਪੇਮਾਰੀ ਕੀਤੀ। ਜੱਲਾਦ ਐਸ.ਐੱਸ.ਪੀ. ਅਜੀਤ ਸਿਹੁੰ ਸੰਧੂ ਅਤੇ ਐੱਸ.ਪੀ.(ਡੀ) ਦਿਲਬਾਗ ਸਿਹੁੰ ਦੇ ਹੁਕਮਾਂ ਉੱਤੇ ਜ਼ਾਲਮ ਥਾਣੇਦਾਰ ਗੁਲਜ਼ਾਰ ਚੰਦ ਆਪ ਨੂੰ ਫੜਨ ਲਈ ਬੜਾ ਬਜ਼ਿੱਦ ਸੀ। ਅਖ਼ੀਰ ਪੁਲੀਸ ਕਈ ਹੱਥਕੰਢੇ ਵਰਤ ਕੇ ਆਪ ਤਕ ਪਹੁੰਚ ਹੀ ਗਈ।

ਅੰਮ੍ਰਿਤਸਰ ਦੇ ਸੁਲਤਾਨਵਿੰਡ ਰੋਡ 'ਤੇ ਜਸਪਾਲ ਨਗਰ ਦੇ ਨਾਲ਼ ਕੋਟ ਆਤਮਾ ਰਾਮ ਵਿਖੇ ਗੁਰਦੁਆਰਾ ਤੂਤ ਸਾਹਿਬ ਦੇ ਨੇੜਿਓਂ ਪੁਲੀਸ ਨੇ ਤੜਕਸਾਰ ਪੰਜ ਵਜੇ ਆਪ ਦੇ ਕਿਰਾਏ ਵਾਲ਼ੇ 'ਤੇ ਘਰ ਛਾਪਾ ਮਾਰਿਆ ਤੇ ਓਥੋਂ ਪੁਲੀਸ ਆਪ ਨੂੰ ਗ੍ਰਿਫ਼ਤਾਰ ਕਰਕੇ ਡੀ.ਸੀ.ਐੱਮ. ਟਰੱਕ 'ਚ ਬਿਠਾ ਕੇ ਤਰਨ ਤਾਰਨ ਲੈ ਗਈ। ਜਦ ਪੁਲੀਸ ਨੇ ਥਾਣੇਦਾਰ ਗੁਲਜ਼ਾਰ ਚੰਦ ਦੀ ਅਗਵਾਈ 'ਚ ਆਪ ਨੂੰ ਫੜਿਆ ਤਾਂ ਆਪ ਦੀ ਭੈਣ ਪਰਮਜੀਤ ਕੌਰ (ਪਾਸ਼ੋ) ਨੇ ਥਾਣੇਦਾਰ ਨੂੰ ਬਹੁਤ ਮੁੱਕੀਆਂ-ਧੱਫੇ ਮਾਰੇ ਤੇ ਆਪ ਨੂੰ ਪੁਲੀਸ ਦੀ ਗ੍ਰਿਫ਼ਤ 'ਚੋਂ ਛੁਡਾਉਣ ਲਈ ਭਾਰੀ ਜੱਦੋ-ਜਹਿਦ ਕੀਤੀ। ਭਰਾ ਸ. ਲਖਬੀਰ ਸਿੰਘ ਅਤੇ ਭਾਬੀ ਬਲਵਿੰਦਰ ਕੌਰ ਤੇ ਮੁਹੱਲਾ ਨਿਵਾਸੀਆਂ ਨੇ ਵੀ ਪੁਲੀਸ ਦਾ ਬੜਾ ਵਿਰੋਧ ਕੀਤਾ ਪਰ ਕਿਸੇ ਦੀ ਕੋਈ ਵਾਹ-ਪੇਸ਼ ਨਾ ਚੱਲੀ।

ਗ੍ਰਿਫ਼ਤਾਰੀ ਉਪਰੰਤ ਪੁਲੀਸ ਆਪ ਨੂੰ ਤਰਨ ਤਾਰਨ ਦੇ ਸਿਟੀ ਥਾਣੇ ਲੈ ਗਈ ਜਿੱਥੇ ਆਪ ਨੂੰ ਖ਼ੌਫ਼ਨਾਕ ਤਸੀਹੇ ਦਿੱਤੇ ਗਏ, ਆਪ ਦੇ ਚੱਡੇ ਪਾੜੇ, ਕਰੰਟ ਲਾਏ, ਹੱਥਾਂ-ਪੈਰਾਂ ਦੇ ਨਹੁੰ ਖਿੱਚੇ, ਸਰੀਏ ਖੋਭ ਕੇ ਇੱਕ ਲੱਤ ਪਾੜੀ ਤੇ ਡਾਂਗਾਂ ਮਾਰ-ਮਾਰ ਕੇ ਸਰੀਰ ਪਿੰਜ ਦਿੱਤਾ ਗਿਆ। ਫਿਰ ਆਪ ਨੂੰ ਤਿੰਨ ਦਿਨ ਕੰਗ ਪਿੰਡ ਦੀ ਪੁਲੀਸ ਚੌਕੀ 'ਚ ਰੱਖਿਆ ਗਿਆ। ਜਿੱਥੇ ਆਪ ਦਾ ਪਰਿਵਾਰ ਹਰ ਰੋਜ਼ ਥਾਣੇ ਆਉਂਦਾ ਤੇ ਆਪ ਨੂੰ ਪੁਲੀਸ ਹਿਰਾਸਤ 'ਚੋਂ ਛੁਡਾਉਣ ਲਈ ਬੜੀ ਮੁਸ਼ੱਕਤ ਕਰਦਾ। ਪੁਲੀਸ ਏਹੀ ਕਹਿੰਦੀ ਰਹੀ ਕਿ "ਪੁੱਛਗਿੱਛ ਕਰਕੇ ਛੱਡ ਦਿਆਂਗੇ, ਜੇਲ੍ਹ ਭੇਜ ਦਿਆਂਗੇ, ਫਿਕਰ ਨਾ ਕਰੋ।"

ਪਰ ਜਦ ਅਗਲੇ ਦਿਨ ਆਪ ਦੇ ਭਰਾ ਸ. ਲਖਬੀਰ ਸਿੰਘ ਨੇ ਅਖ਼ਬਾਰ ਪੜ੍ਹੀ ਜਿਸ



ਸ਼ਹੀਦ ਭਾਈ ਕਸ਼ਮੀਰ ਸਿੰਘ ਸ਼ੀਰਾ ਆਪਣੇ ਪਰਿਵਾਰ ਨਾਲ਼

ਵਿੱਚ ਭਾਈ ਕਸ਼ਮੀਰ ਸਿੰਘ ਸ਼ੀਰਾ ਸਮੇਤ ਪੰਜ ਖਾੜਕੂਆਂ ਦੇ ਮਾਰੇ ਜਾਣ ਦੀ ਪਹਿਲੇ ਪੰਨੇ ਉੱਤੇ ਖ਼ਬਰ ਛਪੀ ਸੀ ਤਾਂ ਪਰਿਵਾਰ ਨੂੰ ਪਤਾ ਲੱਗਾ ਕਿ ਭਾਣਾ ਵਾਪਰ ਗਿਆ ਹੈ।

ਮਿਤੀ 30 ਜੂਨ 1993 ਨੂੰ ਪੁਲੀਸ ਨੇ ਕੰਗ ਚੌਂਕੀ ਵਿੱਚੋਂ ਕੱਢ ਕੇ ਭਾਈ ਕਸ਼ਮੀਰ ਸਿੰਘ ਸ਼ੀਰਾ, ਭਾਈ ਤਰਸੇਮ ਸਿੰਘ ਬੱਗਾ, ਭਾਈ ਪ੍ਰਿਤਪਾਲ ਸਿੰਘ, ਭਾਈ ਮਨਜੀਤ ਸਿੰਘ ਤੇ ਇੱਕ ਅਣਪਛਾਤੇ ਸਿੰਘ ਨੂੰ ਭੁੱਲਰ ਵਾਲ਼ੀ ਨਹਿਰ ਦੇ ਬਾਗੜੀਆਂ ਵਾਲ਼ੇ ਪੁਲ਼ ਉੱਤੇ ਪਿੰਡ ਬਾਠ ਕੋਲ਼ ਲਿਜਾ ਕੇ ਤੜਕੇ ਚਾਰ ਵਜੇ ਗੋਲ਼ੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਸੀ।

ਸ਼ਹੀਦੀ ਤੋਂ ਪਹਿਲਾਂ ਜਦ ਭਾਈ ਕਸ਼ਮੀਰ ਸਿੰਘ ਸ਼ੀਰਾ ਨੂੰ ਪਤਾ ਲਗ ਗਿਆ ਸੀ ਕਿ ਹੁਣ ਪੁਲੀਸ ਨੇ ਸਾਨੂੰ ਛੱਡਣਾ ਨਹੀਂ ਤੇ ਸਵੇਰੇ ਮੁਕਾਬਲਾ ਬਣਾ ਦੇਣਾ ਹੈ ਤਾਂ ਥਾਣੇ 'ਚ ਹੀ ਉਹਨਾ ਨੇ ਜਪੁ ਜੀ ਸਾਹਿਬ, ਸੁਖਮਨੀ ਸਾਹਿਬ ਅਤੇ ਸੋਹਿਲਾ ਸਾਹਿਬ ਦਾ ਪਾਠ ਕੀਤਾ ਜੋ ਉਹਨਾਂ ਨੂੰ ਜ਼ੁਬਾਨੀ ਕੰਠ ਸੀ ਅਤੇ ਅਰਦਾਸ ਕੀਤੀ ਕਿ ਸ਼ਹਾਦਤ ਦੀ ਮਹਾਨ ਦਾਤ ਮੈਨੂੰ ਪ੍ਰਾਪਤ ਹੋ ਜਾਵੇ ਜਿਸ ਦੀ ਲੰਬੇ ਸਮੇਂ ਤੋਂ ਉਡੀਕ ਹੈ।

ਜ਼ਾਲਮ ਅਤੇ ਬੁੱਚੜ ਪੁਲਸੀਏ ਅੱਧੀ ਰਾਤ ਨੂੰ ਆਪ ਸਿੰਘਾਂ ਨੂੰ ਮੁਕਾਬਲੇ ਵਾਲ਼ੀ ਜਗ੍ਹਾ 'ਤੇ ਲੈ ਗਏ ਤੇ ਓਥੇ ਪੁਲੀਸ ਨੇ ਫ਼ਿਲਮੀ ਕਹਾਣੀ ਵਾਂਗ ਸਿੰਘਾਂ ਦਾ ਸ਼ਿਕਾਰ ਖੇਡਣ ਲਈ ਕਿਹਾ, "ਓਏ ਮੁੰਡਿਓਂ! ਜੇ ਭੱਜ ਸਕਦੇ ਓ ਤਾਂ ਭੱਜ ਲਓ, ਤੁਹਾਨੂੰ ਕੁਝ ਨਹੀਂ ਕਹਿੰਦੇ।"

ਤਸ਼ੱਦਦ ਦੇ ਭੰਨੇ, ਲਹੂ ਨਾਲ਼ ਲਿੱਬੜੇ ਤੇ ਅੱਧਮੋਏ ਹੋਏ ਸਿੰਘਾਂ ਦੀ ਹਾਲਤ ਕਿੱਥੋਂ ਭੱਜਣ ਵਾਲ਼ੀ ਸੀ ਪਰ ਖ਼ੂੰਖਾਰ ਪੁਲਸੀਆਂ ਨੂੰ ਤਾਂ ਇਹਨਾਂ ਸਿੰਘਾਂ ਨੂੰ ਗਹਿਗੱਚ ਮੁਕਾਬਲੇ 'ਚ ਮਰਿਆ ਵਿਖਾ ਕੇ ਦਿੱਲੀ ਦਰਬਾਰ ਪਾਸੋਂ ਫੀਤੀਆਂ, ਸਟਾਰ, ਇਨਾਮ ਤੇ ਤਰੱਕੀਆਂ ਲੈਣ ਦਾ ਲਾਲਚ ਨਜ਼ਰ ਆ ਰਿਹਾ ਸੀ।

ਉਹਨੀਂ ਦਿਨੀਂ ਜ਼ਾਲਮ ਅਤੇ ਦਰਿੰਦਾ ਮੁੱਖ ਮੰਤਰੀ ਬਿਅੰਤ ਸਿਹੁੰ, ਪੰਜਾਬ ਦਾ ਬੁੱਚੜ ਪੁਲੀਸ ਮੁਖੀ ਕੇ.ਪੀ.ਐੱਸ. ਗਿੱਲ ਅਤੇ ਜੱਲਾਦ ਓ.ਪੀ. ਸ਼ਰਮਾ ਤੇ ਗਵਰਨਰ ਸੁਰਿੰਦਰ ਨਾਥ ਦੀ ਅਗਵਾਈ 'ਚ ਹਿੰਦੁਸਤਾਨੀ ਪੁਲੀਸ ਤਾਂ ਸਿੱਖਾਂ ਨੂੰ ਮਾਰਨ ਵਾਲ਼ੀ ਇੱਕ ਕਾਤਲ ਮਸ਼ੀਨ ਹੀ ਬਣ ਗਈ ਸੀ ਤੇ ਪੁਲਸੀਆਂ ਨੂੰ ਵੱਧ ਤੋਂ ਵੱਧ ਬੰਦੇ ਮਾਰਨ ਦਾ ਸਵਾਦ ਪੈ ਗਿਆ ਸੀ, ਪੰਜਾਬ ਨੂੰ ਬਲ਼ਦੀ ਭੱਠੀ ਵਿੱਚ ਝੋਕ ਦਿੱਤਾ ਗਿਆ ਤੇ ਹਰ ਰੋਜ਼ ਸਿੱਖ ਨੌਜਵਾਨਾਂ ਦੇ ਸਿਵੇ ਮੱਚਣ ਲੱਗੇ।

ਖ਼ੈਰ, ਥਾਣੇਦਾਰ ਗੁਲਜ਼ਾਰ ਚੰਦ ਨੇ ਹਵਾ 'ਚ ਕੁਝ ਗੋਲ਼ੀਆਂ ਚਲਾਈਆਂ ਅਤੇ ਪੁਲਸੀਆਂ ਕੋਲ਼ ਸਿੰਘਾਂ ਦੇ ਸਰੀਰਾਂ ਉੱਤੇ ਬੱਟ ਮਰਵਾਏ ਤੇ ਧੂੰਹਦੇ ਰਹੇ।

ਭਾਈ ਕਸ਼ਮੀਰ ਸਿੰਘ ਨੇ ਕਿਹਾ, ਥਾਣੇਦਾਰਾ! "ਮੈਂ ਨਹੀਂ ਭੱਜਣਾ, ਤੁਸੀਂ ਜੋ ਕਰਨਾ, ਕਰ ਲਓ, ਅਸੀਂ ਤਾਂ ਆਪਣਾ ਸੋਹਿਲਾ ਖ਼ੁਦ ਪੜ੍ਹ ਚੁੱਕੇ ਹਾਂ ਤੇ ਹਿੱਕ ਤਾਣ ਕੇ ਸੀਨੇ 'ਚ ਗੋਲ਼ੀਆਂ ਖਾਵਾਂਗੇ।"

ਪਰ ਓਦੋਂ ਹੀ ਤਿੰਨਾਂ ਸਿੰਘਾਂ ਨੇ ਕਾਹਲੀ ਨਾਲ਼ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਪੁਲੀਸ ਨੇ ਪਿੱਛੋਂ ਅੰਨ੍ਹੇਵਾਹ ਗੋਲ਼ੀਆਂ ਮਾਰ ਦਿੱਤੀਆਂ। ਤਿੰਨਾਂ ਸਿੰਘਾਂ ਦੀ ਹੋਈ



ਸ਼ਹੀਦ ਭਾਈ ਕਸ਼ਮੀਰ ਸਿੰਘ ਸ਼ੀਰਾ

ਸ਼ਹੀਦੀ ਵੇਖ ਕੇ ਭਾਈ ਕਸ਼ਮੀਰ ਸਿੰਘ ਸ਼ੀਰਾ ਤੇ ਭਾਈ ਤਰਸੇਮ ਸਿੰਘ ਬੱਗਾ ਬਿਲਕੁਲ ਵੀ ਘਬਰਾਏ ਨਾ, ਉਹਨਾਂ ਦੋਹਾਂ ਨੇ ਪੂਰੇ ਜੋਸ਼ ਨਾਲ਼ 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦੇ ਜੈਕਾਰੇ ਅਤੇ 'ਖ਼ਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਾਏ ਤੇ ਪੁਲੀਸ ਨੇ ਤੁਰੰਤ ਆਪ ਦੀ ਹਿੱਕ ਉੱਤੇ ਗੋਲ਼ੀਆਂ ਚਲਾ ਕੇ ਆਪ ਨੂੰ ਵੀ ਸ਼ਹੀਦ ਕਰ ਦਿੱਤਾ।

ਇਸ ਤਰ੍ਹਾਂ ਆਪ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਸਾਹਿਬਜ਼ਾਦਾ ਬਾਬਾ ਫ਼ਤਹਿ ਸਿੰਘ ਜੀ ਵਾਂਗ ਹੱਸ-ਹੱਸ ਸ਼ਹੀਦੀਆਂ ਪਾ ਕੇ ਸਿੱਖੀ ਦੇ ਆਲੀਸ਼ਾਨ ਮਹਿਲ ਨੂੰ ਹੋਰ ਪੱਕਿਆਂ ਕਰ ਗਏ ਤੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਗੋਦ ਵਿੱਚ ਜਾ ਬਿਰਾਜੇ ਤੇ ਸਿੱਖ ਕੌਮ ਦੀਆਂ ਅਗਲੀਆਂ ਪੀੜ੍ਹੀਆਂ ਨੂੰ ਸਿੱਖਿਆ ਦੇ ਗਏ ਕਿ ਜਦ ਧਰਮ 'ਤੇ ਬਿਪਤਾ ਆਣ ਪਵੇ ਤਾਂ ਧਰਮ ਦੀ ਰਾਖੀ ਹਿੱਤ ਕਿਵੇਂ ਭੈਅ ਮੁਕਤ ਹੋ ਕੇ ਖ਼ਾਲਸਾਈ ਜਜ਼ਬੇ ਸਹਿਤ ਸ਼ਹਾਦਤ ਨੂੰ ਗ਼ਲੇ ਲਾਉਣਾ ਹੈ।



6 ਖਾੜਕੂ ਹਲਾਕ

ਚੰਡੀਗੜ੍ਹ, 30 ਜੂਨ-(ਏਜੰਸੀਆਂ) ਪੰਜਾਬ ਵਿਚ ਬੀਤੀ ਰਾਤ ਤੋਂ ਹੋਈਆਂ ਵਾਰਦਾਤਾਂ ਵਿਚ 6 ਖਾੜਕੂ ਮਾਰੇ ਗਏ।

6 ਖਾੜਕੂ ਹਲਾਕ-ਅੱਜ ਸਵੇਰੇ ਤੜਕਸਾਰ ਪੁਲਿਸ ਜ਼ਿਲ੍ਹਾ ਤਰਨ ਤਾਰਨ (ਅੰਮ੍ਰਿਤਸਰ) ਦੇ ਪਿੰਡ ਬਾਠ ਨੇੜੇ ਹੋਏ ਇਕ ਮੁਕਾਬਲੇ ਵਿਚ ਪੰਜ ਖਾੜਕੂ ਮਾਰੇ ਗਏ। ਮਾਰੇ ਗਏ ਛੇ ਖਾੜਕੂਆਂ ਵਿਚੋਂ 4 ਦੀ ਪਛਾਣ ਪ੍ਰਿਤਪਾਲ ਸਿੰਘ, ਮਨਜੀਤ ਸਿੰਘ, ਕਸ਼ਮੀਰਾ ਸਿੰਘ ਅਤੇ ਤਰਸੇਮ ਸਿੰਘ ਵਜੋਂ ਕੀਤੀ ਗਈ। ਮੁਕਾਬਲੇ ਵਾਲੀ ਥਾਂ ਤੋਂ ਇਕ 303 ਰਾਈਫਲ, ਇਕ ਇਕ ਨਾਲੀ ਰਾਈਫਲ, ਇਕ 12 ਬੋਰ ਬੰਦੂਕ, ਦੋ ਹੈਂਡ ਗ੍ਰਨੇਡ ਅਤੇ ਕੁਝ ਕਾਰਤੂਸ ਬਰਾਮਦ ਹੋਏ। ਸੰਗਰੂਰ ਜ਼ਿਲ੍ਹੇ ਦੇ ਪਿੰਡ ਏਸੜਾ ਵਿਖੇ ਇਕ ਮੁਕਾਬਲੇ ਵਿਚ ਇਕ ਅਣਪਛਾਤਾ ਖਾੜਕੂ ਮਾਰਿਆ ਗਿਆ। ਉਸ ਤੋਂ .315 ਬੋਰ ਦੀ ਰਾਈਫਲ ਬਰਾਮਦ ਹੋਈ।

1 ਜੁਲਾਈ 1993 ਨੂੰ ਅਖ਼ਬਾਰਾਂ 'ਚ ਪੁਲੀਸ ਨੇ ਮਨਘੜਤ ਕਹਾਣੀ ਅਨੁਸਾਰ ਛਪਵਾਇਆ ਕਿ "ਅੱਜ ਸਵੇਰੇ ਤੜਕਸਾਰ ਪੁਲਿਸ ਜ਼ਿਲ੍ਹਾ ਤਰਨ ਤਾਰਨ (ਅੰਮ੍ਰਿਤਸਰ) ਦੇ ਪਿੰਡ ਬਾਠ ਨੇੜੇ ਪੰਜ ਖਾੜਕੂ ਕਸ਼ਮੀਰ ਸਿੰਘ, ਤਰਸੇਮ ਸਿੰਘ, ਪ੍ਰਿਤਪਾਲ ਸਿੰਘ, ਮਨਜੀਤ ਸਿੰਘ ਤੇ ਇੱਕ ਹੋਰ ਅਣਪਛਾਤਾ ਵਿਅਕਤੀ ਮੁਕਾਬਲੇ ਦੌਰਾਨ ਮਾਰੇ ਗਏ ਤੇ ਮੁਕਾਬਲੇ ਵਾਲ਼ੀ ਥਾਂ ਤੋਂ ਇੱਕ 303 ਰਾਈਫਲ, ਇੱਕ-ਇੱਕ ਨਾਲ਼ੀ ਰਾਈਫਲ, ਇੱਕ 12 ਬੋਰ ਬੰਦੂਕ, ਦੋ ਹੈਂਡ ਗ੍ਰਨੇਡ ਤੇ ਕੁਝ ਕਾਰਤੂਸ ਬਰਾਮਦ ਹੋਏ ਹਨ।"

ਪੁਲੀਸ ਨੇ ਤਰਨ ਤਾਰਨ ਦੇ ਸਿਵਲ ਹਸਪਤਾਲ 'ਚ ਇਹਨਾਂ ਪੰਜਾਂ ਸਿੰਘਾਂ ਦਾ ਪੋਸਟ ਮਾਰਟਮ ਕਰਵਾਇਆ ਅਤੇ ਸ਼ਹੀਦੀ ਦੇਹਾਂ ਪਰਿਵਾਰਾਂ ਨੂੰ ਸੌਂਪਣ ਦੀ ਬਜਾਏ ਆਪ ਹੀ ਸ਼ਮਸ਼ਾਨ ਘਾਟ 'ਚ ਭਾਰੀ ਪੁਲੀਸ ਫ਼ੋਰਸ ਤਾਇਨਾਤ ਕਰਕੇ ਸਸਕਾਰ ਕਰ ਦਿੱਤਾ ਜਿੱਥੋਂ ਬਾਅਦ 'ਚ ਪਰਿਵਾਰਾਂ ਨੇ ਪੰਜਾਂ ਸ਼ਹੀਦਾਂ ਦੇ ਇਕੱਠੇ ਫੁੱਲ ਚੁਗ ਕੇ ਇੱਕੋ ਬੋਰੀ 'ਚ ਪਾ ਲਏ ਤੇ ਸ੍ਰੀ ਗੋਇੰਦਵਾਲ ਸਾਹਿਬ 'ਚ ਜਾ ਕੇ ਵਹਾਏ।

ਫਿਰ ਪਰਿਵਾਰਾਂ ਨੇ ਇਹਨਾਂ ਸ਼ਹੀਦਾਂ ਦੇ ਨਮਿੱਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਵਾਏ ਲੇਕਿਨ ਪੁਲੀਸ ਨੇ ਰਿਸ਼ਤੇਦਾਰਾਂ ਅਤੇ ਸੰਗਤਾਂ ਨੂੰ ਅਰਦਾਸ ਸਮਾਗਮ 'ਚ ਹਾਜ਼ਰ ਨਾ ਹੋਣ ਦਿੱਤਾ।

ਮਨੁੱਖੀ ਹੱਕਾਂ ਦੇ ਪਹਿਰੇਦਾਰ ਭਾਈ ਜਸਵੰਤ ਸਿੰਘ ਖਾਲੜਾ ਨੇ ਇਹਨਾਂ ਸਿੰਘਾਂ ਦੇ ਝੂਠੇ ਪੁਲੀਸ ਮੁਕਾਬਲੇ ਬਾਰੇ ਆਵਾਜ਼ ਬੁਲੰਦ ਕੀਤੀ, ਫਿਰ ਉਹਨਾਂ ਦੀ ਸ਼ਹੀਦੀ ਤੋਂ ਬਾਅਦ ਬੀਬੀ ਪਰਮਜੀਤ ਕੌਰ ਖਾਲੜਾ ਅਤੇ ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਤੇ ਚਾਰ ਮਨੁੱਖੀ ਅਧਿਕਾਰ ਇਨਸਾਫ਼ ਸੰਸਥਾਵਾਂ ਨੇ ਇਹਨਾਂ ਸਿੰਘਾਂ ਦਾ ਕੇਸ ਵੀ ਲੰਬਾ ਸਮਾਂ ਅਦਾਲਤਾਂ 'ਚ ਲੜਿਆ।

ਇਹ ਵੀ ਦੱਸਣਯੋਗ ਹੈ ਕਿ ਭਾਈ ਕਸ਼ਮੀਰ ਸਿੰਘ ਸ਼ੀਰਾ ਦੀ ਸ਼ਹੀਦੀ ਤੋਂ ਬਾਅਦ ਜਿੰਨਾ ਚਿਰ ਤਕ ਉਹਨਾਂ ਦੇ ਮਾਤਾ ਜੀ ਬੀਬੀ ਪ੍ਰੀਤਮ ਕੌਰ ਜੀ ਜਿਉਂਦੇ ਰਹੇ ਉਹ ਹਰ ਸਾਲ ਆਪਣੇ ਪੁੱਤ ਦੀ ਸ਼ਹੀਦੀ ਵਾਲ਼ੇ ਦਿਨ ਤਰਨ ਤਾਰਨ ਦੇ ਸ੍ਰੀ ਦਰਬਾਰ ਸਾਹਿਬ ਵਿਖੇ ਅਰਦਾਸ ਕਰਵਾਉਂਦੇ ਰਹੇ। ਫਿਰ ਭਰਾ ਸ. ਲਖਬੀਰ ਸਿੰਘ ਅਤੇ ਸ. ਸੁਰਿੰਦਰ ਸਿੰਘ ਉਹਨਾਂ ਦੀ ਯਾਦ 'ਚ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਉਂਦੇ ਰਹੇ ਤੇ ਹੁਣ ਇਹ ਜ਼ਿੰਮੇਵਾਰੀ ਸ਼ਹੀਦ ਭਾਈ ਕਸ਼ਮੀਰ ਸਿੰਘ ਸ਼ੀਰਾ ਦੇ ਭਤੀਜੇ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਬਾਖ਼ੂਬੀ ਨਿਭਾ ਰਹੇ ਹਨ ਅਤੇ ਹਰ ਸਾਲ 30 ਜੂਨ ਨੂੰ ਸ਼ਹੀਦ ਭਾਈ ਕਸ਼ਮੀਰ ਸਿੰਘ ਸ਼ੀਰਾ ਦੇ ਸ਼ਹੀਦੀ ਦਿਹਾੜੇ 'ਤੇ ਸ੍ਰੀ ਅੰਮ੍ਰਿਤਸਰ 'ਚ ਸ਼ਹੀਦੀ ਸਮਾਗਮ ਕਰਵਾਇਆ ਜਾਂਦਾ ਹੈ। ਆਪ ਦੇ ਪਰਿਵਾਰ ਦਾ ਮੌਜੂਦਾ ਪਤਾ ਮਕਾਨ ਨੰਬਰ 1089, ਗਲੀ ਨੰਬਰ 8, ਨਿਊ ਗੁਰਨਾਮ ਨਗਰ, ਸੁਲਤਾਨਵਿੰਡ ਰੋਡ, ਸ੍ਰੀ ਅੰਮ੍ਰਿਤਸਰ ਹੈ। ਇਹਨਾਂ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਏਹੀ ਹੈ ਕਿ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗੀਏ ਤੇ ਕੌਮੀ ਅਜ਼ਾਦੀ ਲਈ ਸੰਘਰਸ਼ਸ਼ੀਲ ਹੋਈਏ, ਗੁਰੂ ਸਾਹਿਬ ਸਹਾਈ ਹੋਣਗੇ।

* * * *

– ਗੁਰਤੇਜ ਸਿੰਘ ਆਈ.ਏ.ਐੱਸ.

## ਸਿੱਖ ਜਵਾਨੀ ਨੂੰ ਵੰਗਾਰ

# ਆਪਣਾ ਧਰਮ ਤੇ ਵਿਰਸਾ ਸੰਭਾਲ਼ੋ !

ਜਿਹੜੇ ਉਮਰ ਦੇ ਓਸ ਪੜਾਅ ਉੱਤੇ ਹਨ ਜਿਸ ਉੱਤੇ ਪੰਥ ਦੀ ਚੜ੍ਹਦੀ ਕਲਾ ਦੀ ਕੰਨਸੋਅ ਸੁਣ ਕੇ ਜਾਣ ਨੂੰ ਜੀਅ ਤਰਸਦਾ ਹੈ, ਉਹਨਾਂ ਨੂੰ ਵਧਾਈ। ਸੱਚੇ ਦੇ ਸੁੱਚੇ ਤਖ਼ਤ ਤੋਂ ਸੁਣੇ ਹੱਕ-ਸੱਚ ਦੇ ਨਿੱਗਰ ਤੇ ਸਾਊ ਬੋਲ ਉਹਨਾਂ ਲਈ ਪਹਿਲੀ ਕੰਨਸੋਅ ਹਨ। ਜਿਹੜੇ ਸਾਡੇ ਪਰਉਪਕਾਰੀ ਵੀਰ ਅੱਧੀ ਸਦੀ ਤੋਂ ਅੰਨ੍ਹੇ ਕਨੂੰਨ ਦੀਆਂ ਸਲਾਖਾਂ, ਸਰਹੰਦ ਦੀਆਂ ਕੰਧਾਂ ਵਿੱਚ ਦਫ਼ਨ ਹਨ, ਉਹਨਾਂ ਲਈ ਵੀ ਏਸ ਕੰਨਸੋਅ ਵਿੱਚ ਖ਼ੁਸ਼ਖ਼ਬਰੀ ਹੈ ਕਿ ਉਹਨਾਂ ਦੇ ਹਮਦਰਦ ਨੀਂਦ ਤੋਂ ਜਾਗ ਪਏ ਹਨ। ਹੁਣ ਸਲਾਖ਼ਾਂ ਗ਼ਲ ਜਾਣਗੀਆਂ, ਕੰਧਾਂ ਢਹਿਣਗੀਆਂ, ਨੀਂਹਾਂ ਦੀ ਸਰਹੰਦ ਦੀ ਤਰਜ਼ ਉੱਤੇ ਇੱਟ ਨਾਲ਼ ਇੱਟ ਖੜਕੇਗੀ। ਜਿਹੜੇ ਪਿਤਾ-ਪੁਰਖੀ ਜਾਇਦਾਦਾਂ ਨਾਲ਼ੋਂ ਧਾਹਾਂ ਮਾਰ ਕੇ ਵਿਛੜੇ ਹਨ; ਜਿਨ੍ਹਾਂ ਗ਼ੈਰਾਂ ਦੀ ਧਰਤਿ ਉੱਤੇ ਜਾ ਆਲ੍ਹਣੇ ਪਾਏ ਹਨ; ਉਹਨਾਂ ਨੂੰ ਵੀ ਏਸ ਵਰਤਾਰੇ ਨੂੰ ਠੱਲ੍ਹ ਪਾਉਣ ਅਤੇ ਪਰਤ ਆਉਣ ਦੇ ਭਰੋਸੇ ਦਾ ਸੋਹਣਾ ਮੁਖੜਾ ਇਹਨਾਂ ਕੰਨਸੋਆਂ ਵਿੱਚੋਂ ਦੀਦਾਰ ਦੇਵੇਗਾ।

ਅੰਨਦਾਤਾ ਹੁੰਦਿਆਂ ਮੰਡੀਆਂ ਵਿੱਚ ਆਪਣੀ ਅਨਮੁੱਲੀ ਦਾਤ ਨੂੰ ਭੁੱਖੇ ਮੂੰਹਾਂ ਤਕ ਪਹੁੰਚਾਉਣ ਲਈ ਚਿਲੇ ਕੱਟਦਿਆਂ ਨੂੰ ਵੀ ਹੱਕ-ਸੱਚ ਦੇ ਬੋਲ ਧਰਵਾਸ ਦੇਣਗੇ। ਪਹਿਲਾਂ ਖਰੂਦੀ, ਨਕਸਲੀ, ਖਾੜਕੂ, ਅੱਤਵਾਦੀ, ਵੱਖਵਾਦੀ, ਦੇਸ਼-ਧ੍ਰੋਹੀ ਅਤੇ ਹੁਣ ਗੈਂਗਸਟਰ ਆਖ ਕੇ ਗੋਲ਼ੀਆਂ ਦਾ ਨਿਸ਼ਾਨਾ ਬਣਾਉਣ ਦੀ ਪ੍ਰਕਿਰਿਆ ਹੁਣ ਬੰਦ ਹੋਵੇਗੀ। ਮਾਂਵਾਂ ਦੇ ਪੁੱਤ ਗੋਦੀਆਂ ਸੁੰਨੀਆਂ ਨਹੀਂ ਕਰਨਗੇ; ਸ਼ੇਰਾਂ ਵਰਗੇ ਗੱਭਰੂ ਨਸ਼ਿਆਂ ਨਾਲ਼ ਨਿਢਾਲ ਨਹੀਂ ਹੋਣਗੇ। ਰੂਹਾਨੀ ਤਖ਼ਤਾਂ-ਤਾਜਾਂ ਵਾਲ਼ੇ ਨਚਾਰ ਬਣ ਕੇ ਦੁਨਿਆਵੀ ਤਖ਼ਤਾਂ ਦੇ ਸਾਹਮਣੇ ਨਹੀਂ ਨੱਚਣਗੇ; ਨਹੀਂ ਗਾਉਣਗੇ। ਅਣਖ਼ਾਂ ਜਾਗਣਗੀਆਂ; ਭੈਣਾਂ ਦੀ, ਬੇਟੀਆਂ ਦੀ ਇੱਜ਼ਤ ਨਹੀਂ ਰੁਲ਼ੇਗੀ।

ਗੁਰੂ ਗ੍ਰੰਥ ਦੇ ਸਾਂਵੇਂ ਤੇ ਸਾਦੇ ਬੋਲਾਂ ਵਿੱਚ ਮਾਨਵਤਾ ਦੀ ਹੂਕ ਹੈ, ਚੜ੍ਹਦੀ ਕਲਾ ਦਾ ਸੁਨੇਹਾ ਹੈ ਪਰ ਸਭ ਤੋਂ ਵੱਧ ਆਪਣੀ ਅਜ਼ਾਦ ਹਸਤੀ ਕਾਇਮ ਰੱਖਣ ਲਈ ਆਪਣੇ-ਆਪ ਉੱਤੇ ਸਿੱਖੀ ਦਾ ਜ਼ਾਬਤਾ ਦ੍ਰਿੜ੍ਹਤਾ ਨਾਲ਼ ਲਾਉਣ ਦਾ ਅਟੱਲ ਹੁਕਮ ਹੈ। ਕੋਈ ਕੌਮ ਆਪਣੀ ਜਮਾਤ ਦੀਆਂ ਵਾਗਾਂ ਗ਼ੱਦਾਰਾਂ ਦੇ ਹੱਥ ਦੇ ਕੇ ਅਣਖ਼ ਦਾ ਜੀਵਨ ਨਹੀਂ ਜਿਉਂ ਸਕਦੀ। ਇਹ ਸਬਕ ਤਾਂ ਅਸੀਂ ਫੇਰੂ ਸ਼ਹਿਰ ਤੇ ਸਭਰਾਵਾਂ ਦੀ ਜੰਗ ਤੋਂ ਹੀ ਸਿੱਖ ਲਿਆ ਸੀ। ਕਿਹੜੀ ਮਜਬੂਰੀ ਵਿੱਚ ਅਸੀਂ ਧੁਰ ਤੋਂ ਗੁਰੂ ਦੇ ਅਜ਼ਾਦ ਕੀਤੇ ਬੰਦਿਆਂ ਨੇ ਆਪਣੇ ਨੱਕ ਵਿੱਚ ਆਪੇ ਨਕੇਲ ਪਾਈ ਅਤੇ ਆਪਣੇ ਹੱਥੀਂ ਆਪਣੀ ਮੁਹਾਰ ਨਵੇਂ ਡੋਗਰਿਆਂ ਦੇ ਹੱਥ ਫੜਾਈ? ਸ਼ਹੀਦ ਸਾਧ ਕੂਕਦਾ ਗਿਆ; ਅਸੀਂ ਕਿਉਂ ਸਾਵਧਾਨ ਨਾ ਹੋ ਸਕੇ! ਕਿਉਂ ਅਸੀਂ ਜ਼ੁਲਮ, ਤਸ਼ੱਦਦ, ਕਤਲੇਆਮ ਨੂੰ ਸੱਦੇ ਦਿੱਤੇ? ਖ਼ੈਰ! 'ਆਗੇ ਸਮਝ ਚਲੋ ਨੰਦ ਲਾਲਾ, ਜੋ ਬੀਤੀ ਸੋ ਬੀਤੀ।'



ਗੁਰੂ ਕਲਗ਼ੀਧਰ, ਤਖ਼ਤਾਂ ਉੱਤੇ ਨਵੀਆਂ-ਨਕੋਰ ਚਾਦਰਾਂ ਵਿਛਾ ਕੇ, ਅੱਜ ਦੇ ਨੌਜਵਾਨਾਂ ਨੂੰ ਸੱਦਾ ਦੇ ਰਿਹਾ ਹੈ। ਕੰਨ ਲਾ ਕੇ ਸੁਣੋ। ਨੱਚਣਾ, ਟੱਪਣਾ, ਗਾਉਣਾ ਅਤੇ ਹਰ ਸ਼ੁਹਦਾਪਣ ਤੁਰੰਤ ਤਿਆਗੋ। ਜਿਸ ਨੇ ਤੁਹਾਡੇ ਉੱਪਰੋਂ ਚਾਰ ਪੁੱਤ ਵਾਰੇ ਸਨ, ਓਸ ਨੂੰ ਹਲੇਮੀ ਨਾਲ਼ ਤੇ ਆਪਣੇ ਕਰਮ ਨਾਲ਼ ਸੁਨੇਹਾ ਦਿਉ ਕਿ ਅਸੀਂ 'ਕਈ ਹਜ਼ਾਰ' ਜਿਉਂਦੇ ਹਾਂ; ਉਹਨਾਂ ਵਾਂਗ ਹੀ ਆਪਣੇ ਅਕਾਲ ਰੂਪ ਬਾਪ ਦੇ ਸਾਹਮਣੇ ਹੱਕ-ਸੱਚ ਲਈ ਜੂਝਣ ਨੂੰ ਤਿਆਰ ਹਾਂ। ਹਥਿਆਰਾਂ ਤੋਂ ਬਿਨਾ ਵੀ ਸੱਚ, ਧਰਮ, ਨਿਆਂ ਦੇ ਆਸਰੇ ਨੰਗੇ ਧੜ ਲੜਨ ਦਾ ਯਕੀਨ ਦਿਵਾਓ। ਆਪਣੇ ਸਿਰਾਂ ਉੱਤੇ ਸਭ ਤੋਂ ਪਹਿਲਾਂ ਗੁਰੂ ਕਲਗ਼ੀਧਰ ਬਾਪ ਦਾ ਬਖ਼ਸ਼ਿਆ ਤਾਜ ਰੱਖੋ ਜਿਸ ਨੂੰ ਉਤਾਰਨ ਲਈ ਖ਼ੁਣਸੀਆਂ ਤੇ ਨਸਲਵਾਦੀਆਂ ਦੀਆਂ ਫ਼ੌਜਾਂ ਹਰਲ-ਹਰਲ ਕਰਦੀਆਂ ਫਿਰਦੀਆਂ ਹਨ। ਉਹਨਾਂ ਕੇਸ-ਦਾਹੜੀਆਂ ਨੂੰ ਧਾਰੋ ਜਿਨ੍ਹਾਂ ਵਿੱਚੋਂ ਹਰੇਕ ਦੀ ਕੀਮਤ ਦੋ ਜਹਾਨ ਹੈ। ਅੰਮ੍ਰਿਤ ਦੀ ਦਾਤ ਲਈ ਅਜੇ ਚੂਲ਼ੇ ਤਿਆਰ ਕਰੋ; ਬੀਰ ਆਸਣ ਹੋਣ ਦਾ ਅਭਿਆਸ ਕਰੋ। ਪਰ ਛਕਣਾ ਓਸ ਦਿਨ ਜਿਸ ਮੁਬਾਰਕ ਦਿਨ ਤੁਹਾਡੇ ਮਨਾਂ, ਬਚਨਾਂ ਤੇ ਕਰਮਾਂ ਵਿੱਚੋਂ ਅੰਮ੍ਰਿਤ ਦੀ ਖ਼ੁਸ਼ਬੂ ਆਉਣ ਲੱਗ ਪਵੇ। ਅੰਮ੍ਰਿਤ ਸ਼ੇਰਨੀ ਦਾ ਦੁੱਧ ਹੈ, ਇਹ ਸੋਨੇ ਦੇ ਭਾਂਡੇ ਵਿੱਚ ਹੀ ਸਮਾ ਸਕਦਾ ਹੈ।

ਗੁਰੂ ਕਲਗ਼ੀਧਰ ਦਾ ਰੂਪ ਧਾਰੋ। ਸੁਚੱਜੇ ਪ੍ਰਚਾਰਕਾਂ, ਜਿਨ੍ਹਾਂ ਦੀ ਅਜੇ ਵੀ ਘਾਟ ਨਹੀਂ, ਦੇ ਅਮਰ ਬੋਲ ਸੁਣੋ। ਆਪਣੇ-ਆਪ ਨੂੰ ਪਰਖ ਦੀ ਘੜੀ ਲਈ ਸਾਧੋ।

ਗੁਰੂ ਗ੍ਰੰਥ ਦਾ ਹੁਕਮ ਹੈ ਕਿ ਸਭ ਧੜੇ ਤਿਆਗ ਕੇ ਨਿਰਵੈਰ ਸਤਿਗੁਰੂ ਦੇ ਧੜੇ ਵਿੱਚ ਸ਼ਾਮਲ ਹੋਵੋ; ਸੱਚੀ ਬਾਣੀ ਗਾਉ; ਸੁੱਚਾ ਆਚਰਣ ਬਣਾਉ। ਸਿੱਖੇ ਤਿੱਤਰਾਂ ਦੇ ਤਿੱਖੇ ਬੋਲ ਨਾ ਸੁਣੋ; ਇਹਨਾਂ ਦੀਆਂ ਲਾਈਆਂ ਫਾਹੀਆਂ ਵਿੱਚ ਫ਼ਸ ਕੇ ਭੋਲ਼ੇ ਪੰਛੀਆਂ ਵਾਂਗ ਛੁਰੀਆਂ ਹੇਠ ਨਾ ਆਉ।

ਜ਼ਮਾਨਾ ਤੁਹਾਡਾ ਅਕਾਲੀ ਜਲਾਲ ਵੇਖਣ ਨੂੰ ਅੱਖਾਂ ਵਿਛਾਈ ਬੈਠਾ ਹੈ। ਸਤਿਗੁਰੂ ਨੇ ਜਿਨ੍ਹਾਂ ਦੇ ਪੈਰਾਂ ਦੀ ਬੇੜੀ ਕੱਟੀ ਹੈ, ਉਹ ਆਪਣੀ ਸੁਰੱਖਿਆ-ਢਾਲ਼ ਨੂੰ ਚਾਵਾਂ-ਮਲ੍ਹਾਰਾਂ ਨਾਲ਼ ਉਡੀਕ ਰਹੇ ਹਨ। ਬੇਗ਼ਮਪੁਰਾ, ਹਲੇਮੀ ਰਾਜ ਦੀਆਂ ਨਉਬਤਾਂ ਦੇ ਸੰਘਾਂ ਵਿੱਚ ਸੁਰਾਂ ਸੁੱਕੀਆਂ ਪਈਆਂ ਹਨ। ਆਉ ਸੁਰਜੀਤ ਕਰੀਏ!

ਸੱਚੇ ਤਖ਼ਤ ਦੇ ਸੁਨੇਹੇ ਅਨੁਸਾਰ ਪਹਿਲੇ ਹੱਲੇ ਨਵਾਂ-ਨਰੋਆ ਅਕਾਲੀ ਦਲ ਸਿਰਜੋ, ਜੋ ਅਕਾਲ ਦੇ ਜਗਤ-ਕਲਿਆਣਕਾਰੀ ਉਪਦੇਸ਼ ਨਾਲ਼ ਇਕਸੁਰ ਹੋਵੋ। ਬੜੀ ਮੁੱਦਤ ਬਾਅਦ ਅਕਾਲ ਦਾ ਸੁਨੇਹਾ ਅਕਾਲ ਤਖ਼ਤ ਤੋਂ ਆਇਆ ਹੈ; ਏਸ ਨੂੰ ਬੰਜਰ ਧਰਤੀ ਉੱਤੇ ਨਾ ਡਿੱਗਣ ਦਿਉ ਬਲਕਿ ਆਪਣੇ ਜ਼ਰਖ਼ੇਜ਼ ਮਨਾਂ ਵਿੱਚ ਸੰਭਾਲ਼ੋ ਅਤੇ ਦਸ ਪਾਤਸ਼ਾਹੀਆਂ ਦੇ ਕਉਲ ਨੂੰ ਪਾਲੋ ਜਿਸ ਦਾ ਜਸ ਕਵੀਆਂ, ਉੱਚੀਆਂ ਹਸਤੀਆਂ ਨੇ 'ਸਭ ਧਰਤੀ ਕੀਨੀ ਗੁਲਜ਼ਾਰੋ' ਆਖ ਕੇ ਗਾਇਆ ਹੈ।

**ਕਬ ਤਕਾਜ਼ਾ ਹੈ ਫਕਤ ਮੇਰੇ ਦਿਲੇ ਸਰਸ਼ਾਰ ਕਾ,**
**ਮੁੰਤਜ਼ਿਰ ਹੈ ਇੱਕ ਜ਼ਮਾਨਾ ਸੁਬਹ ਪੁਰ ਅਨਵਾਰ ਕਾ**
**ਆ ਰਹਾ ਹੈ ਬਹਾਰੋਂ ਕਾ ਮੌਸਮ ਭੀ ਕਰੀਬ, ਗੁੰਚਾ**
**ਗੁੰਚਾ ਹੰਸ ਪੜ੍ਹੇਗਾ ਜਬ ਮਿਰੀ ਗੁਲਜ਼ਾਰ ਕਾ।**

* * * *



– ਹਰਪ੍ਰੀਤ ਸਿਘ ਪੰਮਾ
'ਅਜ਼ਾਦ' ਆਸਟਰੀਆ

# ਜ਼ੁਲਮ ਇਤਨਾ ਹੂਆ
## ਕਿ ਇੰਤਹਾ ਹੋ ਗਈ

ਕਹਿੰਦੇ ਹਨ ਲੱਕੜਹਾਰਾ ਜੰਗਲ ਵਿੱਚ ਲੱਕੜ ਵੱਢਣ ਗਿਆ, ਲੱਕੜ ਰੋ ਪਈ ਤਾਂ ਲੱਕੜਹਾਰੇ ਨੇ ਪੁੱਛਿਆ 'ਰੋ ਕਿਉਂ ਰਹੀਂ ਏਂ..?' ਤਾਂ ਲੱਕੜ ਕਹਿੰਦੀ 'ਵੱਢ ਹੋਣ ਦਾ ਕੋਈ ਡਰ ਨਹੀਂ ਹੈ ਪਰ ਦੁੱਖ ਇਸ ਗੱਲ ਦਾ ਹੈ ਮੈਨੂੰ ਵੱਢਣ ਵਾਲ਼ੇ ਕੁਹਾੜੇ ਵਿੱਚ ਅਗਰ ਮੇਰੀ ਬਰਾਦਰੀ ਦਾ ਡੰਡਾ ਨਾ ਹੁੰਦਾ ਤਾਂ ਇਕੱਲਾ ਕੁਹਾੜਾ ਕੁਝ ਵੀ ਨਹੀਂ ਸੀ ਵਿਗਾੜ ਸਕਦਾ।'

ਜੇ ਆਪਣੇ ਗ਼ੱਦਾਰ ਨਾ ਹੁੰਦੇ ਤਾਂ ਸ਼ਾਇਦ ਲਹਿਰ ਅੱਜ ਤਕ ਵੀ ਚਲਦੀ ਹੋਣੀ ਸੀ। ਪਰ ਕੁਦਰਤ ਨੇ, ਅਕਾਲ ਪੁਰਖ ਵਾਹਿਗੁਰੂ ਨੇ, ਉਸ ਕਾਦਰ ਨੇ ਇਸ ਸ੍ਰਿਸ਼ਟੀ ਨੂੰ ਚਲਾਉਣ ਲਈ ਸਭ ਕੁਝ ਬਰਾਬਰ ਬਣਾਇਆ ਹੈ। ਦਿਨ ਹੈ ਤਾਂ ਰਾਤ ਹੈ, ਫੁੱਲ ਹਨ ਤੇ ਨਾਲ਼ ਕੰਢੇ ਹਨ, ਅਮੀਰ ਹੈ ਤਾਂ ਗ਼ਰੀਬ ਹੈ, ਧਰਤੀ ਹੈ ਤਾਂ ਅਸਮਾਨ ਹੈ, ਸਾਧ ਹਨ ਤਾਂ ਚੋਰ ਵੀ ਹਨ, ਧਰਮੀ ਹਨ ਤਾਂ ਪਾਪੀ ਵੀ ਹਨ; ਇਸੇ ਤਰ੍ਹਾਂ ਹੀ ਜੇ ਘਰ ਪਰਿਵਾਰ, ਕੰਮ-ਕਾਰ, ਧੀਆਂ-ਪੁੱਤਰ, ਨੌਕਰੀਆਂ ਛੱਡ ਕੇ ਜੇ ਖਾੜਕੂ ਵੀਰ ਆਪਣੀਆਂ ਜਾਨਾਂ ਤਕ ਵੀ ਪ੍ਰਵਾਹ ਨਾ ਕਰਦੇ ਹੋਏ ਜ਼ਾਲਮ ਹਿੰਦ ਸਰਕਾਰ ਨਾਲ਼ ਸਿੱਧੀ ਟੱਕਰ ਲੈ ਰਹੇ ਸਨ, ਤਾਂ ਨਾਲ਼ ਦੀ ਨਾਲ਼ ਗ਼ੱਦਾਰ, ਟਾਊਟ, ਮੁਖ਼ਬਰ ਲੋਟੂ ਟੋਲੇ ਵੀ ਸਰਗਰਮ ਸਨ। ਪੁਲੀਸ ਦੀ ਤਾਂ ਸਿੱਧੇ ਤੌਰ 'ਤੇ ਖਾੜਕੂ ਸਿੰਘਾਂ ਨਾਲ਼ ਅਤੇ ਸਿੰਘਾਂ ਦੀ ਪੁਲੀਸ ਨਾਲ਼ ਸਿੱਧੀ ਟੱਕਰ ਸੀ। ਪਰ ਟਾਊਟ, ਮੁਖ਼ਬਰ, ਗ਼ੱਦਾਰ ਅਤੇ ਬੁੱਕਲ ਦੇ ਸੱਪ ਪਿੱਠ ਪਿੱਛੇ ਵਾਰ ਕਰ ਰਹੇ ਸਨ।

ਸਿਆਣੇ ਕਹਿੰਦੇ ਹਨ ਕਿ 'ਦੁਸ਼ਮਣ ਨਾਲ਼ੋਂ ਸੱਜਣ ਦੁਸ਼ਮਣ ਜ਼ਿਆਦਾ ਖ਼ਤਰਨਾਕ ਹੁੰਦੈ।' ਅੰਤਲੇ ਸਮੇਂ ਵਿੱਚ ਤਾਂ ਖਾੜਕੂ ਲਹਿਰ ਵਿੱਚ ਇੰਨੀ ਜ਼ਿਆਦਾ ਗ਼ਲਤ ਅਨਸਰਾਂ ਦੀ ਘੁਸਪੈਠ ਹੋ ਗਈ ਸੀ ਕਿ ਇੱਕ ਵਾਰੀ ਤਾਂ ਬੇਵਿਸ਼ਵਾਸੀ ਦਾ ਮਾਹੌਲ ਬਣ ਗਿਆ ਸੀ। ਇੱਕ ਦੂਜੇ ਉੱਤੇ ਯਕੀਨ ਕਰਨਾ ਵੀ ਔਖਾ ਹੋ ਗਿਆ ਸੀ।

ਪਰ ਸੱਚ, ਸੱਚ ਹੀ ਹੁੰਦਾ ਹੈ। ਆਖ਼ਰਕਾਰ ਸੂਰਜ ਵਾਂਗ ਚੜ੍ਹ ਹੀ ਆਉਂਦਾ ਹੈ। ਸਮਾਂ ਪਾ ਕੇ ਕਈ ਗ਼ੱਦਾਰਾਂ ਦੇ ਚਿਹਰੇ ਨੰਗੇ ਵੀ ਹੋਏ, ਕਈ ਪੁਲੀਸ ਵਾਲ਼ੇ ਜਿਨ੍ਹਾਂ ਨੇ ਸਿੰਘਾਂ ਦੇ ਝੂਠੇ ਮੁਕਾਬਲੇ ਬਣਾਏ ਸਨ, ਉਹ ਖ਼ੁਦ ਹੀ ਬੋਲਣ ਲੱਗ ਪਏ। ਕੋਈ ਕਹੇ ਮੈਨੂੰ ਰਾਤ ਨੂੰ ਨੀਂਦ ਨਹੀਂ ਆਉਂਦੀ, ਕੋਈ ਕਹਿੰਦਾ ਮੇਰੀ ਛਾਤੀ 'ਤੇ ਭਾਰ ਪੈਂਦਾ ਹੈ। ਕੋਈ ਕਹਿੰਦਾ ਹੈ ਕਿ ਹਰ ਥਾਣੇ ਨੂੰ ਸਰਕਾਰ ਦਾ ਹੁਕਮ ਸੀ ਕਿ ਤੁਸੀਂ ਮਹੀਨੇ ਵਿੱਚ ਇੰਨੇ ਸਿੱਖ ਮਾਰਨੇ ਹੀ ਹਨ।

ਆਖ਼ਰਕਾਰ ਗਿੱਲ-ਬੇਅੰਤੇ ਦੀ ਜੋੜੀ ਦੇ ਕੀਤੇ ਜ਼ੁਲਮਾਂ ਦਾ ਭਾਂਡਾ ਭਰ ਗਿਆ। ਭਾਈ ਜਗਤਾਰ ਸਿੰਘ ਹਵਾਰਾ, ਭਾਈ ਜਗਤਾਰ ਸਿੰਘ ਤਾਰਾ, ਭਾਈ ਦਿਲਾਵਰ ਸਿੰਘ, ਭਾਈ ਬਲਵੰਤ ਸਿੰਘ ਰਾਜੋਆਣਾ, ਭਾਈ ਪਰਮਜੀਤ ਸਿੰਘ ਭਿਓਰਾ, ਭਾਈ ਸ਼ਮਸ਼ੇਰ ਸਿੰਘ, ਭਾਈ ਗੁਰਮੀਤ ਸਿੰਘ ਇੰਜੀਨੀਅਰ ਆਦਿ ਸਿੰਘਾਂ ਦੀ ਟੀਮ ਨੇ 31 ਅਗਸਤ 1995 ਨੂੰ ਭਾਰਤੀ ਸਰਕਾਰ ਦੇ ਪਿਆਦੇ ਮੁੱਖ ਮੰਤਰੀ ਬੇਅੰਤ ਸਿੰਘ ਬੁੱਚੜ ਨੂੰ ਦਿਲਾਵਰ ਸਿੰਘ ਨੂੰ ਮਨੁੱਖੀ ਬੰਬ ਬਣਾ ਕੇ ਪਾਰ ਬੁਲਾ ਦਿੱਤਾ ਅਤੇ ਭਾਈ ਦਿਲਾਵਰ ਸਿੰਘ ਜੀ ਵੀ ਨਾਲ਼ ਹੀ ਸ਼ਹੀਦੀ ਪਾ ਗਏ।



ਮੁੱਖ ਮੰਤਰੀ ਬੇਅੰਤੇ ਬੁੱਚੜ ਦੀ ਮੌਤ ਤੋਂ ਬਾਅਦ ਪੰਜਾਬ ਵਿੱਚ ਸ਼ਾਂਤੀ ਹੋਈ ਸੀ ਅਤੇ ਸਿੱਖ ਪਰਿਵਾਰਾਂ ਨੂੰ ਸੁੱਖ ਦਾ ਸਾਹ ਆਇਆ ਸੀ। ਖਾੜਕੂ ਸੰਘਰਸ਼ ਦਾ ਆਖ਼ਰੀ ਸਭ ਤੋਂ ਵੱਡਾ ਐਕਸ਼ਨ ਇਹੀ ਸੀ, ਜਿਸ ਵਿੱਚ ਮੁੱਖ ਮੰਤਰੀ ਬੇਅੰਤਾ ਬੁੱਚੜ ਉਸ ਦੇ ਸਤਾਰਾਂ ਬਾਡੀਗਾਰਡ ਪੁਲੀਸ ਵਾਲ਼ੇ ਤੇ ਨਾਲ਼ ਹੀ ਭਾਈ ਦਿਲਾਵਰ ਸਿੰਘ ਜੀ ਬੰਬ ਨਾਲ਼ ਉੱਡ ਗਏ ਸਨ। ਬੇਅੰਤੇ ਬੁੱਚੜ ਦੀ ਲਾਸ਼ ਦੇ ਇੰਨੇ ਕੁ ਟੋਟੇ ਹੋਏ ਸਨ ਕਿ ਉਸ ਦੀ ਪਛਾਣ ਸਿਰਫ਼ ਉਸ ਦੇ ਬੂਟਾਂ ਤੋਂ ਹੀ ਕੀਤੀ ਗਈ ਸੀ। ਹੌਲ਼ੀ-ਹੌਲ਼ੀ ਕਰ ਕੇ ਭਾਈ ਜਗਤਾਰ ਸਿੰਘ ਹਵਾਰਾ ਅਤੇ ਉਹਨਾਂ ਦੀ ਟੀਮ ਦੇ ਸਾਰੇ ਮੈਂਬਰ ਗ੍ਰਿਫ਼ਤਾਰ ਕਰ ਲਏ ਗਏ, ਜਿਹੜੇ ਸਜ਼ਾਵਾਂ ਪੂਰੀਆਂ ਹੋਣ ਤੋਂ ਬਾਅਦ ਵੀ ਅੱਜ ਤਕ ਜ਼ਾਲਮ ਸਰਕਾਰ ਵੱਲੋਂ ਜੇਲ੍ਹਾਂ ਵਿੱਚ ਡੱਕੇ ਹੋਏ ਹਨ।

ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੇ ਲਾਲਾਂ ਨੇ ਦਸ ਸਾਲ ਵਿੱਚ ਹਿੰਦ ਸਰਕਾਰ ਕੋਲ਼ ਆਪਣਾ ਲੋਹਾ ਮਨਵਾਇਆ। ਆਪਣੇ ਸਰੀਰਾਂ ਅਤੇ ਆਪਣੇ ਘਰ ਪਰਿਵਾਰਾਂ ਦੀ ਕੋਈ ਪ੍ਰਵਾਹ ਨਹੀਂ ਕੀਤੀ। ਇਹੀ ਖ਼ਾਲਸਾਈ ਸਿਧਾਂਤ ਹੈ, ਇਹੀ ਫਲਸਫਾ ਹੈ, ਇਹੀ ਇਤਿਹਾਸ ਵਿੱਚੋਂ ਸਾਨੂੰ ਪ੍ਰੇਰਨਾ ਮਿਲ਼ੀ ਹੈ। ਖ਼ਾਲਸਾਈ ਸਿਧਾਂਤ ਇਹੀ ਹੀ 'ਬਾਦਸ਼ਾਹ ਜਾਂ ਬਾਗ਼ੀ'। ਇਹ ਅੰਸ਼ ਸਾਡੇ ਖ਼ੂਨ ਵਿੱਚ ਹਨ।

ਖਾੜਕੂ ਸੂਰਮੇ ਆਪਣੇ ਸਰੀਰਾਂ ਦੀ ਅਹੁਤੀ ਦੇ ਕੇ ਦੁਸ਼ਮਣ ਨੂੰ ਲੋਹੇ ਦੇ ਚਣੇ ਚਬਾਉਂਦੇ ਹੋਏ ਇੱਕ ਨਵਾਂ ਇਤਿਹਾਸ ਸਿਰਜ ਗਏ। ਸੀਮਿਤ ਜਿਹੇ ਸਾਧਨਾਂ ਅਤੇ ਸੀਮਿਤ ਜਿਹੇ ਹਥਿਆਰਾਂ ਨਾਲ਼ ਦਸ ਸਾਲ ਹਿੰਦ ਸਰਕਾਰ ਨੂੰ ਖਾੜਕੂ ਸਿੰਘਾਂ ਨੇ ਜਿਸ ਤਰ੍ਹਾਂ ਵਖ਼ਤ ਪਾਈ ਰੱਖਿਆ, ਉਹ ਆਪਣੇ ਆਪ ਵਿੱਚ ਇੱਕ ਮਿਸਾਲ ਹੈ, ਇੱਕ ਤਵਾਰੀਖ਼ ਹੈ, ਇੱਕ ਇਤਿਹਾਸ ਹੈ। ਜਿਸ ਬਾਰੇ ਹੁਣ ਤਕ ਬਹੁਤ ਕੁਝ ਲਿਖਿਆ ਜਾ ਚੁੱਕਾ ਹੈ, ਅੱਜ ਵੀ ਲਿਖਿਆ ਜਾ ਰਿਹਾ ਹੈ। ਜਿਸ ਤਰ੍ਹਾਂ ਵੀ ਕਿਸੇ ਨੂੰ ਜਾਣਕਾਰੀ ਮਿਲ਼ ਰਹੀ ਹੈ ਆਪਣੇ ਆਪਣੇ ਸੀਮਿਤ ਸਾਧਨਾਂ ਨਾਲ਼ ਲਿਖ ਰਿਹਾ ਹੈ।

ਭਾਰਤੀ ਏਜੰਸੀਆਂ, ਭਾਰਤੀ ਮੀਡੀਆ, ਭਾਰਤੀ ਪ੍ਰਚਾਰਤੰਤਰ ਨੇ ਇੱਕ ਵਾਰੀ ਤਾਂ ਆਮ ਲੋਕਾਂ ਵਿੱਚ 1984 ਬਾਰੇ ਅਤੇ ਖਾੜਕੂ ਸੰਘਰਸ਼ ਬਾਰੇ ਗ਼ਲਤ ਧਾਰਨਾ ਪੈਦਾ ਕਰ ਦਿੱਤੀ ਸੀ। ਉਸ ਧਾਰਨਾ ਦੀਆਂ ਪਰਤਾਂ ਸੋਸ਼ਲ ਮੀਡੀਆ ਨੇ ਹੌਲ਼ੀ-ਹੌਲ਼ੀ ਕਰ ਕੇ ਲਾਹ ਦਿੱਤੀਆਂ ਹਨ। ਨਵੀਂ ਪਨੀਰੀ ਦੇ ਦਿਮਾਗ ਵਿੱਚ ਭਾਰਤ ਸਰਕਾਰ ਨੇ ਜੋ ਗ਼ਲਤ ਧਾਰਨਾਵਾਂ ਆਪਣੇ ਸਾਧਨਾਂ ਰਾਹੀਂ ਭਰ ਦਿੱਤੀਆਂ ਸਨ, ਉਹ ਧਾਰਨਾਵਾਂ ਸੋਸ਼ਲ ਮੀਡੀਆ ਰਾਹੀਂ ਸਭ ਉੱਡ ਗਈਆਂ ਹਨ। ਇਸੇ ਕਰਕੇ ਹੀ ਨਵੀਂ ਪਨੀਰੀ ਅੱਜ ਮੁੜ ਤੋਂ ਸਿੱਖੀ ਵੱਲ ਮੁੜ ਰਹੀ ਹੈ, ਅੰਮ੍ਰਿਤਪਾਨ ਕਰ ਰਹੀ ਹੈ ਅਤੇ ਉਹਨਾਂ ਨੂੰ ਸਿੱਖ ਸੰਘਰਸ਼ ਅਤੇ ਜੂਨ 1984, ਨਵੰਬਰ 1984 ਅਤੇ ਦਸ ਸਾਲ ਚੱਲੇ ਖਾੜਕੂ ਸੰਘਰਸ਼ ਬਾਰੇ ਪੂਰੀ ਜਾਣਕਾਰੀ ਹੈ।

ਸਾਬਕਾ ਡੀ.ਜੀ.ਪੀ. ਪੰਜਾਬ ਕੇ.ਪੀ.ਐੱਸ. ਗਿੱਲ ਨੇ ਚੱਲੇ ਖਾੜਕੂ ਸੰਘਰਸ਼ ਬਾਰੇ ਇੱਕ ਇੰਟਰਵਿਊ ਵਿੱਚ ਕਿਹਾ ਸੀ ਕਿ "ਖਾੜਕੂ ਸੰਘਰਸ਼ ਸਿਰਫ਼ ਪੰਜਾਬ ਵਿੱਚ ਬੇਰੁਜਗਾਰ ਨੌਜਵਾਨਾਂ ਵੱਲੋਂ ਲੜਿਆ ਜਾ ਰਿਹਾ ਸੀ, ਕੰਮ-ਕਾਰ ਨਾ ਹੋਣ ਕਰਕੇ ਮੁੰਡੇ ਗ਼ਲਤ ਰਾਹ ਪੈ ਗਏ ਸਨ।"


ਜਿਸ ਇਨਸਾਨ ਨੇ ਸਾਰੀ ਉਮਰ ਜ਼ਾਲਮ ਹਿੰਦ ਸਰਕਾਰ ਦੇ ਤਲਵੇ ਚੱਟੇ ਹੋਣ ਅਤੇ ਜੋ ਸਿੱਖਾਂ ਦੇ ਘਰ ਜਨਮ ਲੈ ਕੇ ਸਿੱਖਾਂ ਨੂੰ ਮਾਰ ਮੁਕਾਉਣ ਵਿੱਚ ਆਪਣੀ ਬਹਾਦਰੀ ਦਾ ਭਰਮ ਪਾਲੀ ਬੈਠਾ ਸੀ ਅਤੇ ਸਿੱਖ ਫਿਲਾਸਫ਼ੀ ਤੋਂ ਕੋਹਾਂ ਦੂਰ ਸੀ, ਉਸ ਨੂੰ ਕੀ ਪਤਾ ਸੀ

ਪਤੰਗੇ ਸ਼ਮ੍ਹਾ ਉੱਤੋਂ ਕਿਉਂ ਆਪਣਾ ਆਪ ਕੁਰਬਾਨ ਕਰ ਜਾਂਦੇ ਹਨ। ਇਹ ਓਹੀ ਗਿੱਲ ਸੀ, ਜਿਸ ਨੂੰ ਮਰਨ ਸਮੇਂ ਸੈਂਟਰ ਸਰਕਾਰ ਵੱਲੋਂ ਐਂਬੂਲੈਂਸ ਵੀ ਮੁਹੱਈਆ ਨਹੀਂ ਕਰਵਾਈ। ਉਹ ਵੀ ਪੰਜਾਬ ਤੋਂ ਕੈਪਟਨ ਅਮਰਿੰਦਰ ਸਿੰਘ ਨੇ ਘਲਾਈ ਸੀ। ਰਿਟਾਇਰਡ ਹੋਣ ਤੋਂ ਬਾਅਦ ਗਿੱਲ ਨੇ ਵੀਹ ਸਾਲ ਸੁਰੱਖਿਆ ਵਿੱਚ ਹੀ ਕੈਦ ਰਹਿ ਕੇ ਗੁਜ਼ਾਰੀ ਸੀ। ਇਹ ਕੋਈ ਸਜ਼ਾ ਤੋਂ ਘੱਟ ਨਹੀਂ ਸੀ ਅਤੇ ਅਖ਼ੀਰ ਵਿੱਚ ਲੰਮੀ ਬਿਮਾਰੀ ਨਾਲ਼ ਲੜਦਿਆਂ, ਸਰੀਰ ਵਿੱਚ ਕੀੜੇ ਪੈਣ ਨਾਲ਼ ਉਸ ਦੀ ਮੌਤ ਹੋਈ। ਉਸ ਦੇ ਮਰਨ ’ਤੇ ਤਾਂ ਸਾਰੀ ਸਿੱਖ ਕੌਮ ਅਫਸੋਸ ਕਰ ਰਹੀ ਸੀ ਕਿ ਇਹ ਆਪਣੀ ਮੌਤ ਕਿਉਂ ਮਰ ਗਿਆ, ਕਿਸੇ ਖਾੜਕੂ ਸਿੰਘ ਦੀ ਗੋਲ਼ੀ ਨਾਲ਼ ਕਿਉਂ ਨਹੀਂ ਮਰਿਆ। ਪਰ ਉਸ ਦੀ ਲਿਖੀ ਹੀ ਇਸ ਤਰ੍ਹਾਂ ਸੀ। ਭਾਰਤੀ ਫ਼ੋਰਸਾਂ ਵੱਲੋਂ ਕੀਤੇ ਜ਼ੁਲਮ, ਮੁਗਲਾਂ ਅਤੇ ਅੰਗਰੇਜ਼ਾਂ ਵੱਲੋਂ ਕੀਤੇ ਜ਼ੁਲਮਾਂ ਨੂੰ ਵੀ ਮਾਤ ਪਾ ਗਏ ਸਨ। ਸਿੱਖਾਂ ਦੀਆਂ ਅਣਗਿਣਤ ਕੁਰਬਾਨੀਆਂ ਸਦਕਾ ਹੋਂਦ ਵਿੱਚ ਆਏ ਆਪਣੇ ਹੀ ਅਜ਼ਾਦ ਦੇਸ਼ ਵਿੱਚ ਸਿੱਖ ਕੌਮ ਨਾਲ਼ ਬੇਗ਼ਾਨਿਆਂ ਨਾਲ਼ੋਂ ਵੀ ਮਾੜਾ ਸਲੂਕ, ਜੋ ਅੱਜ ਤਕ ਵੀ ਸਿੱਖ ਕੌਮ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਉਂਦਾ ਹੈ। ਪੰਜਾਬ ਪੁਲੀਸ ਵੱਲੋਂ ਕੀਤੇ ਜ਼ੁਲਮਾਂ ਨੂੰ ਵੇਖ ਕੇ ਤਾਂ ਮੀਰ ਮਨੂੰ ਜ਼ਕਰੀਆ ਖ਼ਾਂ, ਫਰੁਖ਼ਸੀਅਰ, ਔਰੰਗਜ਼ੇਬ, ਵਜ਼ੀਦ ਖ਼ਾਨ ਵੀ ਆਪਣੇ ਆਪ ਨੂੰ ਬੌਣੇ ਸਮਝਦੇ ਹੋਣਗੇ।

ਬਾਬਾ ਚਰਨ ਸਿੰਘ ਜੀ ਕਾਰ ਸੇਵਾ ਵਾਲ਼ਿਆਂ ਨੂੰ ਜਿਨ੍ਹਾਂ ਦੀਆਂ ਦੋਵੇਂ ਲੱਤਾਂ ਦੋ ਵੱਖ-ਵੱਖ ਜੀਪਾਂ ਨਾਲ਼ ਬੰਨ੍ਹ ਕੇ ਉਹਨਾਂ ਨੂੰ ਉਲ਼ਟ ਦਿਸ਼ਾਂ ਵਿੱਚ ਭਜਾ ਕੇ ਭਾਈ ਮਤੀ ਦਾਸ ਜੀ ਵਾਂਗ ਦੋਫਾੜ ਕਰ ਦਿੱਤਾ ਗਿਆ ਅਤੇ ਉਹ ਤੜਫ-ਤੜਫ ਕੇ ਸ਼ਹੀਦ ਹੋ ਗਏ। ਭਾਈ ਗੁਰਦੇਵ ਸਿੰਘ ਦੇਬੂ ਪਿੰਡ ਧੀਰਪੁਰ, ਨੇੜੇ ਕਸਬਾ ਕਰਤਾਰਪੁਰ ਨੂੰ ਪਹਿਲਾਂ ਟਾਰਚਰ ਕੀਤਾ ਗਿਆ, ਫਿਰ ਗਰਮ-ਗਰਮ ਪ੍ਰੈੱਸਾਂ ਨਾਲ਼ ਉਹਨਾਂ ਦੇ ਸਰੀਰ ਦੀ ਚਮੜੀ ਨੂੰ ਸਾੜਿਆ ਗਿਆ ਤੇ ਫਿਰ ਉਬਲ਼ਦੇ ਹੋਏ ਪਾਣੀ ਵਿੱਚ ਜਿੰਦਾ ਹੀ ਉਬਾਲ਼ ਕੇ ਭਾਈ ਦਿਆਲਾ ਜੀ ਵਾਂਗ ਸ਼ਹੀਦ ਕੀਤਾ ਗਿਆ।

ਭਾਈ ਅਨੋਖ ਸਿੰਘ ਜੀ ਬੱਬਰ ਦੀਆਂ ਜਿਊਂਦੇ ਦੀਆਂ ਅੱਖਾਂ ਕੱਢ ਦਿੱਤੀਆਂ ਗਈਆਂ। ਇੱਕ ਪੁਲੀਸ ਵਾਲ਼ਾ ਕੋਲ਼ ਗਿਆ ਤਾਂ ਇੱਕ ਅੱਖ ਦਾ ਡੇਲਾ ਬਾਹਰ ਲਮਕ ਰਿਹਾ ਸੀ। ਖੜਕਾ ਸੁਣ ਕੇ ਭਾਈ ਸਾਹਿਬ ਜੀ ਨੇ ਉਸ ਕੋਲ਼ੋਂ ਪੁੱਛਿਆ ਕਿ ‘ਕਿੰਨੇ ਵੱਜੇ ਹਨ..?’ ਉਹ ਕਹਿੰਦਾ ‘ਕੀ ਗੱਲ’ ਤਾਂ ਭਾਈ ਸਾਹਿਬ ਕਹਿੰਦੇ ‘ਅਗਰ ਰਹਰਾਸਿ ਸਾਹਿਬ ਦਾ ਸਮਾਂ ਹੋ ਗਿਆ ਤਾਂ ਮੈ ਕਰ ਲਵਾਂ।’

ਭਾਈ ਰਛਪਾਲ ਸਿੰਘ ਛੰਦੜਾ ਦੀ ਜਿਊਂਦੇ ਦੀ ਲੱਤ ਵੱਢ ਦਿੱਤੀ ਗਈ ਕਿਉਂਕਿ ਉਸ ਨੇ ਕਿਹਾ ਸੀ ਪੁਲੀਸ ਵਾਲ਼ਿਆਂ ਨੂੰ ਕਿ ‘ਆਪਣੇ ਜਰਨੈਲ ਗਿੱਲ ਨੂੰ ਬੁਲਾਓ, ਮੈਂ ਜੋ ਵੀ ਦੱਸਣੈ, ਉਸ ਨੂੰ ਦੱਸਾਗਾਂ..।’ ਜਦੋਂ ਗਿੱਲ ਆਇਆ ਤਾਂ ਭਾਈ ਸਾਹਿਬ ਕਹਿੰਦੇ ਥੋੜਾ ਨੇੜੇ ਹੋ ਜਦੋਂ ਗਿੱਲ ਨੇੜੇ ਹੋਇਆ ਤਾਂ ਭਾਈ ਛੰਦੜਾ ਨੇ ਉਸ ਦੇ ਮੂੰਹ ’ਤੇ ਥੁੱਕ ਦਿੱਤਾ ਸੀ ਤੇ ਕਹਿੰਦੇ ਬੱਸ ਆਹੀ ਗੱਲ ਕਰਨੀ ਸੀ।



ਭਾਈ ਧਰਮ ਸਿੰਘ ਕਾਸ਼ਤੀਵਾਲ ਦੇ ਛੋਟੇ ਭਾਈ ਸਾਹਬ ਸਿੰਘ ਜੀ ਦੇ ਜਿਊਂਦੇ ਦੇ ਸਿਰ ਵਿੱਚ ਲੋਹੇ ਦੇ ਕਿੱਲ ਠੋਕ-ਠੋਕ ਕੇ ਬਹੁਤ ਬੇਰਹਿਮੀ ਨਾਲ਼ ਸ਼ਹੀਦ ਕੀਤਾ ਗਿਆ।

ਭਾਈ ਮਨਜੀਤ ਸਿੰਘ ਖੁਜਾਲਾ ਦੇ ਦੋਵੇਂ ਹੱਥ ਵੱਢ ਕੇ ਐੱਸ.ਐੱਸ.ਪੀ. ਅੰਮ੍ਰਿਤਸਰ ਇਜ਼ਹਾਰ ਆਲਮ ਨੇ ਕਾਫ਼ੀ ਸਮਾਂ ਆਪਣੇ ਦਫ਼ਤਰ ਵਿੱਚ ਪਏ ਮੇਜ 'ਤੇ ਰੱਖ ਛੱਡੇ ਸਨ।



ਭਾਈ ਨਿਰਮਲ ਸਿੰਘ ਚੋਹਲਾ ਸਾਹਿਬ ਕਵੀਸ਼ਰੀ ਜਥਾ, ਭਾਈ ਜਗੀਰ ਸਿੰਘ ਜੀ ਮਸਤ, ਸੰਤ ਜਰਨੈਲ ਸਿੰਘ ਜੀ ਦੇ ਸਮੇਂ ਤੋਂ ਕਵੀਸ਼ਰੀ ਕਰਦਾ ਆ ਰਿਹਾ ਸੀ। ਭਾਈ ਨਿਰਮਲ ਸਿੰਘ ਦੀ ਕੋਇਲ ਵਰਗੀ ਅਵਾਜ਼ ਸੀ। ਭਾਈ ਨਿਰਮਲ ਸਿੰਘ ਚੋਹਲਾ ਸਾਹਿਬ ਦੀ ਸ਼ਹੀਦ ਸਿੰਘਾਂ ਦੀਆਂ ਯੋਧਿਆਂ ਦੀ ਵਾਰਾਂ ਗਾਉਣ ਕਰਕੇ ਜਿਊਂਦਿਆਂ ਦੀ ਜੀਭ ਕੱਟ ਦਿੱਤੀ ਗਈ ਸੀ ਤੇ ਬਾਅਦ ਵਿੱਚ ਸ਼ਹੀਦ ਕੀਤਾ ਗਿਆ।

ਭਾਈ ਜਸਵੰਤ ਸਿੰਘ ਜੀ ਖਾਲੜਾ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਸੰਸਥਾ ਦੇ ਮੈਂਬਰ ਜਿਨ੍ਹਾਂ ਨੇ 25000 ਲਾਵਾਰਿਸ ਲਾਸ਼ਾਂ ਦਾ ਦਾ ਮਸਲਾ ਉਠਾਇਆ ਸੀ, ਉਹਨਾਂ ਨੂੰ ਗ੍ਰਿਫਤਾਰ ਕਰ ਕੇ ਜਦੋਂ ਉਹਨਾ ਉੱਤੇ ਤਸ਼ੱਦਦ ਕੀਤਾ ਜਾ ਰਿਹਾ ਸੀ ਤਾਂ ਗਿੱਲ ਬੁੱਚੜ ਵੀ ਓਥੇ ਥਾਣੇ ਵਿੱਚ ਪਹੁੰਚ ਗਿਆ ਸੀ। ਦੱਸਿਆ ਜਾਂਦਾ ਹੈ ਕਿ ਹਵਾਲਾਤ ਵਿੱਚ ਕੁਰਸੀ ਡਾਹ ਕੇ ਡੀ.ਜੀ.ਪੀ. ਗਿੱਲ ਬਹਿ ਗਿਆ ਸੀ ਤੇ ਕਹਿੰਦਾ ਸੀ ਕਿ ‘ਜਦ ਤਕ ਜਸਵੰਤ ਸਿੰਘ ਖਾਲੜਾ ਨੂੰ ਮਾਰਿਆ ਯਾਨੀ ਸ਼ਹੀਦ ਨਹੀਂ ਕੀਤਾ ਜਾਂਦਾ, ਓਦੋਂ ਤਕ ਇੱਥੋਂ ਨਹੀਂ ਜਾਵਾਂਗਾ..।’ ਅਤੇ ਹੋਇਆ ਵੀ ਇਸੇ ਤਰ੍ਹਾਂ ਹੀ।

ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਭਾਈ ਮਨੀ ਸਿੰਘ ਜੀ ਵਾਂਗ ਟੁਕੜੇ-ਟੁਕੜੇ ਕਰ ਸ਼ਹੀਦ ਕੀਤਾ ਗਿਆ, ਜੋ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਸਨ। ਬਹੁਤ ਹੀ ਪਹੁੰਚੀ ਹੋਈ ਸਖ਼ਸ਼ੀਅਤ, ਦਰਸ਼ਨੀ ਚਿਹਰਾ ਦਮਦਮੀ ਟਕਸਾਲ ਦੇ ਵਿਦਿਆਰਥੀ ਸਨ। ਜਿਨ੍ਹਾਂ ਦਾ ਕਿਸੇ ਵੀ ਖਾੜਕੂ ਕਾਰਵਾਈ ਨਾਲ਼ ਕੋਈ ਸੰਬੰਧ ਨਹੀਂ ਸੀ। ਕਸੂਰ ਬਸ ਇੰਨਾ ਸੀ ਕਿ ਜਗਰਾਵਾਂ ਇਲਾਕੇ ਦੇ ਲੋਕ ਦੇ ਛੋਟੇ-ਮੋਟੇ ਮਸਿਲਆਂ ਕਰਕੇ ਕਿਸੇ ਕੋਰਟ-ਕਚਹਿਰੀ ਵਿੱਚ ਨਹੀਂ ਜਾਂਦੇ ਸਨ ਕਿਉਂਕਿ ਲੋਕਾਂ ਦੇ ਮਸਲਿਆਂ ਦਾ ਨਿਪਟਾਰਾ ਭਾਈ ਗੁਰਦੇਵ ਸਿੰਘ ਜੀ ਕਾਉਂਕੇ ਹੀ ਕਰ ਦਿੰਦੇ ਸਨ। ਭਾਈ ਸਾਹਿਬ ਵਿੱਚ ਬਹੁਤ ਜ਼ਿਆਦਾ ਸਿਆਣਪ ਸੀ, ਜਿਸ ਕਰਕੇ ਸਾਰਾ ਇਲਾਕਾ ਬਹੁਤ ਜ਼ਿਆਦਾ ਸਤਿਕਾਰ ਕਰਦਾ ਸੀ। ਸੁਣਨ ਵਿੱਚ ਆਇਆ ਸੀ ਭਾਈ ਸਾਹਬ ਨੂੰ ਛੁਡਾਉਣ ਲਈ ਸੰਗਤਾਂ ਨੇ ਪ੍ਰਕਾਸ਼ ਸਿੰਘ ਬਾਦਲ ਤਕ ਪਹੁੰਚ ਕੀਤੀ ਤਾਂ ਬਾਦਲ ਨੇ ਜਗਰਾਵਾਂ ਥਾਣੇ ਵਿੱਚ ਸਵਰਨੇ ਘੋਟਣੇ ਨੂੰ ਫ਼ੋਨ ਕੀਤਾ ਤਾਂ ਅੱਗੋਂ ਘੋਟਣੇ ਨੇ ਬਾਦਲ ਨੂੰ ਕਿਹਾ ‘ਤੁਹਾਡੇ ਰਸਤੇ ਦਾ ਰੋੜਾ ਹੀ ਸਾਫ਼ ਕਰ ਰਹੇ ਹਾਂ..।’ ਤਾਂ ਬਾਦਲ ਨੇ ਅੱਗੋਂ ਕੁਝ ਨਹੀਂ ਕਿਹਾ ਤੇ ਫ਼ੋਨ ਕੱਟ ਦਿੱਤਾ।

ਭਾਈ ਸੁਰਿੰਦਰ ਸਿੰਘ ਸ਼ਿੰਦਾ ਪਿੰਡ ਈਸਰੋਵਾਲ ਜ਼ਿਲ੍ਹਾ ਜਲੰਧਰ ਦੇ ਪਿਤਾ ਸਰਦਾਰ ਪ੍ਰਗਟ ਸਿੰਘ ਨੂੰ ਸ਼ਹੀਦ ਕਰ ਕੇ ਪੁਲੀਸ ਵੱਲੋਂ ਉਹਨਾਂ ਦੀ ਲਾਸ਼ ਗੰਦੇ ਨਾਲ਼ੇ ਵਿੱਚ ਸੁੱਟੀ ਗਈ।

ਇਹ ਤਾਂ ਸਿਰਫ ਟੂਕ ਮਾਤਰ ਉਦਾਹਰਨਾਂ ਹਨ, ਜੋ ਖ਼ਬਰਾਂ ਬਾਹਰ ਆ ਗਈਆਂ। ਬਾਕੀ ਸੰਨ 1978 ਤੋਂ ਲੈ ਕੇ ੧995 ਤਕ ਅਤੇ 1995 ਤੋਂ ਲੈ ਕੇ ਅੱਜ ਤਕ ਪੰਜਾਬ ਦੇ ਬੁੱਚੜਖ਼ਾਨਿਆਂ ਵਿੱਚ ਜੋ ਹੋਇਆ ਅਤੇ ਹੋ ਰਿਹਾ ਹੈ ਅਤੇ ਖ਼ਾਲਿਸਤਾਨ ਬਣਨ ਤਕ ਹੁੰਦਾ ਰਹੇਗਾ, ਉਸ ਬਾਰੇ ਤੋਂ ਅਕਾਲ ਪੁਰਖ ਵਾਹਿਗੁਰੂ ਹੀ ਜਾਣਦਾ ਹੈ ਜਾਂ ਜਿਨ੍ਹਾਂ ਨਾਲ਼ ਹੋਇਆ ਹੈ ਉਹ ਜਾਣਦੇ ਹਨ। ‘ਜਿਸ ਤਨ ਲੱਗੀਆਂ ਸੋਈ ਤਨ ਜਾਣੇ।’

* * * *

## ਪੰਥ ਅਤੇ ਪੰਜਾਬ ਦੇ ਮੁੱਦਿਆਂ ਬਾਰੇ

# ਪੰਜਆਬ ਮੈਗਜ਼ੀਨ, ਵੈੱਬਸਾਈਟ ਅਤੇ ਐਪ ਜਾਰੀ

ਗੁਰੂ ਨਗਰੀ ਸ੍ਰੀ ਅੰਮ੍ਰਿਤਸਰ ਦੇ ਹਾਲ ਗੇਟ ਨੇੜੇ ਪੰਥ ਅਤੇ ਪੰਜਾਬ ਦੇ ਮੁੱਦਿਆਂ ਬਾਬਤ ਆਗੂਆਂ ਵੱਲੋਂ ਪ੍ਰੈੱਸ ਕਾਨਫਰੰਸ ਕੀਤੀ ਗਈ ਜਿਸ ਵਿੱਚ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਅਤੇ ਪੰਥਕ ਲੇਖਕ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਪੰਜਆਬ ਮੈਗਜ਼ੀਨ ਦੇ ਮੁੱਖ ਸੰਪਾਦਕ ਭਾਈ ਮਨਜੀਤ ਸਿੰਘ ਭੋਗਲ ਜਰਮਨੀ, ਖ਼ਾਲਸਾ ਫ਼ਤਹਿਨਾਮਾ ਦੇ ਮੁੱਖ ਸੰਪਾਦਕ ਸ. ਰਣਜੀਤ ਸਿੰਘ, ਪੀਂਘਾਂ ਸੋਚ ਦੀਆਂ ਸਾਹਿਤ ਮੰਚ ਦੇ ਸੰਚਾਲਕ ਬੀਬੀ ਰਸ਼ਪਿੰਦਰ ਕੌਰ ਗਿੱਲ, ਫੈਡਰੇਸ਼ਨ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ ਅਤੇ ਜਨਰਲ ਸਕੱਤਰ ਭਾਈ ਗਗਨਦੀਪ ਸਿੰਘ ਸੁਲਤਾਨਵਿੰਡ ਨੇ ਵਿਚਾਰ ਪ੍ਰਗਟਾਏ। ਇਸ ਮੌਕੇ ਇਹਨਾਂ ਆਗੂਆਂ ਵੱਲੋਂ ਪੰਜਆਬ ਮੈਗਜ਼ੀਨ,



ਪੰਜਆਬ ਅਖ਼ਬਾਰ, ਪੰਜਆਬ ਵੈੱਬਸਾਈਟ ਅਤੇ ਪੰਜਆਬ ਐਪ ਵੀ ਜਾਰੀ ਕੀਤੀ ਗਈ। ਪੱਤਰਕਾਰਾਂ ਨੂੰ ਸੰਬੋਧਨ ਹੁੰਦਿਆਂ ਪੰਜਆਬ ਮੈਗਜ਼ੀਨ ਅਤੇ ਅਖ਼ਬਾਰ ਦੇ ਮੁੱਖ ਸੰਪਾਦਕ ਭਾਈ ਮਨਜੀਤ ਸਿੰਘ ਭੋਗਲ ਜਰਮਨੀ ਨੇ ਕਿਹਾ ਕਿ ਪੰਥ ਅਤੇ ਪੰਜਾਬ ਦੀ ਅਜੋਕੀ ਪੀੜ੍ਹੀ ਨੂੰ ਆਪਣੇ ਇਤਿਹਾਸ ਅਤੇ ਵਿਰਸੇ ਨਾਲ ਜੋੜਨ ਲਈ ਜਰਮਨ ਤੋਂ ਇਹ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਜੋ ਅਸੀਂ ਆਪਣੀ ਲੋਕਾਈ ਤੱਕ ਸਹੀ ਜਾਣਕਾਰੀ ਪਹੁੰਚਾ ਸਕੀਏ ਅਤੇ ਪੰਜਾਬ ਵਿਰੋਧੀ ਸਰਕਾਰੀ ਬਿਰਤਾਂਤ ਨੂੰ ਤੋੜ ਸਕੀਏ। ਉਹਨਾਂ ਕਿਹਾ ਕਿ ਵਿਦੇਸ਼ਾਂ ਵਿੱਚ ਬੈਠੇ ਹੋਏ ਵੀ ਅਸੀਂ ਪੰਥ ਅਤੇ ਪੰਜਾਬ ਪ੍ਰਤੀ ਚਿੰਤਤ ਰਹਿੰਦੇ ਹਾਂ ਅਤੇ ਪੰਜਾਬ ਦਾ ਸੁਨਹਿਰੀ ਭਵਿੱਖ ਵੇਖਣਾ ਚਾਹੁੰਦੇ ਹਾਂ। ਉਹਨਾਂ ਕਿਹਾ ਕਿ ਪੰਜਆਬ ਮੈਗਜ਼ੀਨ ਨੂੰ ਅਸੀਂ ਹਰ ਘਰ ਅਤੇ ਪਿੰਡ ਵਿੱਚ ਪਹੁੰਚਾਉਣ ਲਈ ਯਤਨਸ਼ੀਲ ਹਾਂ ਜਿਸ ਵਿੱਚ ਖ਼ਾਸ ਕਰਕੇ ਸਿੱਖ ਸੰਘਰਸ਼, ਪੰਥ ਅਤੇ ਪੰਜਾਬ ਦੇ ਮੁੱਦੇ ਅਤੇ ਸਿੱਖ ਇਤਿਹਾਸ ਬਾਰੇ ਸੰਬੰਧਤ ਲੇਖ ਹੁੰਦੇ ਹਨ ਅਤੇ ਅਖ਼ਬਾਰ ਤੇ ਵੈੱਬਸਾਈਟ ਉੱਤੇ ਸੰਗਤਾਂ ਆਨਲਾਈਨ ਖ਼ਬਰਾਂ ਪੜ੍ਹ ਸਕਦੀਆਂ ਹਨ। ਉਹਨਾਂ ਕਿਹਾ ਕਿ ਇਸ ਕਾਰਜ ਵਿੱਚ ਪੰਜਆਬ ਮੈਗਜ਼ੀਨ ਦੇ ਸਹਿ ਸੰਪਾਦਕ ਅਤੇ ਨਾਮਵਰ ਲੇਖਕ ਡਾ. ਸੁਰਜੀਤ ਸਿੰਘ ਜਰਮਨੀ ਅਹਿਮ ਭੂਮਿਕਾ ਨਿਭਾ ਰਹੇ ਹਨ। ਫੈਡਰੇਸ਼ਨ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਸੰਨ 2005 ਤੋਂ ਚੱਲ ਰਿਹਾ ਪੰਥਕ ਮੈਗਜ਼ੀਨ ਖ਼ਾਲਸਾ ਫ਼ਤਹਿਨਾਮਾ ਜੋ ਭਾਰਤੀ ਹਕੂਮਤ, ਮੋਦੀ ਸਰਕਾਰ ਅਤੇ ਫ਼ਿਰਕੂ ਹਿੰਦੂਤਵੀਆਂ ਵੱਲੋਂ ਸਰਕਾਰੀ ਚਾਲਾਂ ਚੱਲ ਕੇ ਪਿਛਲੇ ਸਾਲ ਸੰਨ 2024 'ਚ ਬੰਦ ਕਰਵਾ ਦਿੱਤਾ ਗਿਆ ਸੀ ਜਿਸ ਤੋਂ ਬਾਅਦ ਭਾਈ ਮਨਜੀਤ ਸਿੰਘ ਭੋਗਲ ਜਰਮਨੀ ਤੇ ਡਾਕਟਰ ਸੁਰਜੀਤ ਸਿੰਘ ਜਰਮਨੀ ਨੇ ਵਿਸ਼ੇਸ਼ ਉਪਰਾਲਾ ਕਰਦਿਆਂ ਪੰਜਆਬ ਮੈਗਜ਼ੀਨ ਨੂੰ ਸੰਗਤਾਂ ਵਿੱਚ ਪੇਸ਼ ਕੀਤਾ ਹੈ ਜੋ ਹਰ ਮਹੀਨੇ ਨਿਸ਼ਕਾਮ ਹੀ ਸੰਗਤਾਂ ਵਿੱਚ ਵੰਡਿਆ ਜਾਂਦਾ ਹੈ। ਪੰਜਆਬ ਰਸਾਲਾ ਪੰਥ ਅਤੇ ਪੰਜਾਬ ਦੀ ਆਵਾਜ਼ ਬਣੇਗਾ ਤੇ ਪੰਜਾਬ ਦੇ ਲੋਕਾਂ ਵਿੱਚ ਜਾਗ੍ਰਿਤੀ ਪੈਦਾ ਕਰੇਗਾ। ਖ਼ਾਲਸਾ ਫ਼ਤਹਿਨਾਮਾ ਦੇ ਮੁੱਖ ਸੰਪਾਦਕ ਸ. ਰਣਜੀਤ ਸਿੰਘ ਨੇ ਕਿਹਾ ਕਿ ਸੋਸ਼ਲ ਮੀਡੀਆ ਵਰਤਣ ਵਾਲੇ ਨੌਜਵਾਨਾਂ ਨੂੰ ਵੀ ਗੁਰਬਾਣੀ ਦੀਆਂ ਪੋਥੀਆਂ, ਇਤਿਹਾਸ ਦੀਆਂ ਕਿਤਾਬਾਂ ਅਤੇ ਪੰਥਕ ਰਸਾਲਿਆਂ ਤੋਂ ਦੂਰ ਨਹੀਂ ਹੋਣਾ ਚਾਹੀਦਾ ਤੇ ਉਹਨਾਂ ਵਿੱਚ ਪੜ੍ਹਨ ਦੀ ਚੇਟਕ ਜ਼ਰੂਰੀ ਹੋਣੀ ਚਾਹੀਦੀ ਹੈ। ਪੀਂਘਾਂ ਸੋਚ ਦੀਆਂ ਮੈਗਜ਼ੀਨ ਦੇ ਸੰਪਾਦਕ ਬੀਬੀ ਰਸ਼ਪਿੰਦਰ ਕੌਰ ਗਿੱਲ ਨੇ ਕਿਹਾ ਕਿ ਪੰਜਆਬ ਰਸਾਲਾ ਅਤੇ ਪੰਜਆਬ ਅਖ਼ਬਾਰ ਨਾਲ ਲੇਖਕਾਂ ਤੇ ਪੱਤਰਕਾਰਾਂ ਨੂੰ ਇੱਕ ਹੋਰ ਮੰਚ ਮਿਲੇਗਾ। ਫੈਡਰੇਸ਼ਨ ਦੇ ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ ਨੇ ਕਿਹਾ ਕਿ ਅਸੀਂ ਆਪਣੀ ਅਸੀਂ ਆਪਣੇ ਲੋਕਾਂ ਨੂੰ ਪੰਥ ਅਤੇ ਪੰਜਾਬ ਦੇ ਹੱਕਾਂ ਅਤੇ ਆਜ਼ਾਦੀ ਲਈ ਜਾਗਰੂਕ ਕਰਦੇ ਰਹਾਂਗੇ। ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਅਤੇ ਪੀਂਘਾਂ ਸੋਚ ਦੀਆਂ ਸਾਹਿਤ ਮੰਚ ਵੱਲੋਂ ਭਾਈ ਮਨਜੀਤ ਸਿੰਘ ਭੋਗਲ ਜਰਮਨੀ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ।







# 'ਬੰਦਾ ਸਿੰਘ' ਜਦੋਂ 'ਗੁਰਬਖ਼ਸ਼ ਸਿੰਘ' ਦਾ ਰੂਪ ਹੋਇਆ

9 ਜੂਨ ਦੀ ਤਿਖੜ ਦੁਪਹਿਰ ਗੁਰਬਖ਼ਸ਼ ਸਿੰਘ ਅਸੀਮ ਸ਼ਾਂਤੀ ਅੰਦਰ ਅਡੋਲ ਬੈਠਾ ਨਾਮ-ਬਾਣੀ ਦੇ ਅਭਿਆਸ ਅੰਦਰ ਐਸਾ ਡੁੱਬਿਆ ਕਿ ਜਮਾਨੇ ਦੀ ਹੋਸ਼ ਨਾ ਰਹੀ। ਅਚਾਨਕ ਜੱਲਾਦ ਰੁਕ ਗਿਆ। ਇੱਕੋ ਦਮ ਅਡੋਲ ਸਰੀਰ ਅੰਦਰੋਂ ਬੰਦਾ ਸਿੰਘ ਬੋਲ ਉੱਠਿਆ, "ਕੀ ਗੱਲ ਜੱਲਾਦਾ! ਰੁਕ ਕਿਉਂ ਗਿਐਂ? ਹੁਕਮ ਪੂਰਾ ਕਰ, ਬੋਟਾ-ਬੋਟਾ ਕਰ ਕੇ ਮਾਸ ਨੋਚ, ਮੇਰੇ ਗੁਰੂ ਦਾ ਤੈਨੂੰ ਲਾਇਆ ਹੁਕਮ ਪੂਰਾ ਕਰ ਤੇ ਮੈਂ ਆਪਣੇ ਪਿਤਾ ਦਸਮੇਸ਼ ਦੇ ਚਰਨਾਂ ਪੁਰ ਜਾ ਕੇ ਨਮਸ਼ਕਾਰ ਕਰਾਂ।"

ਫ਼ਰੁਖ਼ਸ਼ੀਅਰ ਤਖ਼ਤ ਤੋਂ ਉੱਠਿਆ। ਅੱਜ ਉਹ ਸੂਰਮੇਂ ਨੂੰ ਤੜਫਦਾ ਵੇਖਣ ਲਈ ਤਖ਼ਤ ਵੀ ਬਾਹਰ ਸਿਖ਼ਰ ਦੁਪਹਿਰ ਵਿਚ ਹੀ ਲਾ ਕੇ ਬੈਠਾ ਸੀ। ਪਸੀਨੋ-ਪਸੀਨੀ ਹੋਇਆ ਬੰਦੇ ਦੇ ਸਾਹਮਣੇ ਆ ਕਹਿੰਦਾ "ਕਾਫ਼ਰਾ ਤੇਰਾ ਤਾਂ ਗੁਰੂ ਫਿਰ ਬਹੁਤ ਨਿਰਦਈ, ਜਿਹੜਾ ਸਾਡੇ ਹੱਥੋਂ ਤੈਨੂੰ ਸ਼ਹੀਦ ਕਰਵਾ ਰਿਹਾ... ਏਧਰ ਵੇਖ ਸਾਡਾ ਅੱਲ੍ਹਾ ਜਿਸ ਨੇ ਸਾਨੂੰ ਰਾਜ-ਭਾਗ ਬਖ਼ਸ਼ਿਆ... ਫਿਰ ਤਾਂ ਤੇਰਾ ਗੁਰੂ ਤੇਰਾ ਨਾ ਹੋ ਕੇ ਸਾਡੇ ਵੱਲ ਦਾ।"

ਬੰਦੇ ਅੰਦਰੋਂ ਨਿਮਰਤਾ ਦਾ ਪੁੰਜ ਗੁਰਬਖ਼ਸ਼ ਸਿੰਘ ਬੋਲ ਉੱਠਿਆ। ਆਂਹਦਾ "ਫ਼ਰੁਖ਼ਸ਼ੀਅਰ! ਮੇਰਾ ਗੁਰੂ ਤੇ ਤੇਰਾ ਅੱਲ੍ਹਾ ਇੱਕੋ ਹੀ ਆ, ਉਹ ਨਿਰਦਈ ਨਹੀਂ ਬਲਕਿ 'ਮੇਰਾ ਸਖਾ ਤੇ ਮੇਰਾ ਬੰਧਪ' ਹੈ ਇਹ ਤੇ ਹਲੀਮੀ ਰਾਜ ਕਾਇਮ ਕਰਨ ਵੇਲੇ ਦੁਸ਼ਮਣਾਂ ਨੂੰ ਸੋਧਣ ਵਕਤ ਕਈ ਵਾਰ ਮਜ਼ਲੂਮ ਗ਼ੁਨਾਹਗਾਰਾਂ ਨਾਲ ਵੀ ਬੇਨਿਆਈਆਂ ਹੋ ਗਈਆਂ, ਕਈ ਮਜ਼ਲੂਮਾਂ ਨਾਲ ਜ਼ਿਆਦਤੀ ਹੋ ਗਈ। ਮੇਰਾ ਗੁਰੂ ਤੇ ਤੇਰੇ ਅੱਲ੍ਹਾ ਨੇ ਇਸੇ ਕਰਕੇ ਫ਼ਰੁਖ਼ਸ਼ੀਅਰ ਪੈਦਾ ਕੀਤਾ ਕਿ ਜਦੋਂ ਬੰਦਾ ਸਿੰਘ ਅਜਿਹੀ ਗ਼ਲਤੀ ਕਰੇ ਤਾਂ ਉਸ ਦਾ ਹਿਸਾਬ ਇੱਥੇ ਬਰਾਬਰ ਕਰ ਦਿੱਤਾ ਜਾਵੇ ਤਾਂ ਜੋ ਉਸ ਪਰਮ-ਆਤਮਾ ਦੀ ਕਚਹਿਰੀ ਅੰਦਰ ਬੰਦਾ ਸਿੰਘ ਬੇਦਾਗ ਜਾਵੇ। ਫ਼ਰੁਖ਼ਸ਼ੀਅਰ! ਇਕ ਬਾਤ ਸੁਣ 'ਸ਼ਹਾਦਤ' ਲਕਬ ਐਸਾ ਜੋ ਮੇਰੇ ਸਾਰੇ ਗ਼ੁਨਾਹਾਂ ਨੂੰ ਇਸੇ ਸੰਸਾਰ ਅੰਦਰ ਮੁਆਫ਼ ਕਰਵਾ ਕੇ ਗੁਰੂ ਦੇ ਚਰਨਾਂ 'ਚ ਜਾ ਕੇ ਸਕੂਨ ਦੇਵੇਗਾ, ਵਰਨਾ ਮਸੂਮਾਂ 'ਤੇ ਜਾਣੇ ਅਨਜਾਣੇ ਹੋਈ ਵਧੀਕੀ ਕਦੇ ਵੀ ਮੁਕਤੀ ਨਹੀਂ ਹੋਣ ਦਿੰਦੀ, ਫੇਰ ਤੋਂ ਭਟਕਣਾ 'ਚ ਪਾ ਦੇਂਦੀ। ਮਸੂਮਾਂ ਦੀ ਤੜਫ਼ ਤੋਂ ਹੀ ਤਾਂ ਲਛਮਣ ਦੇਵ 'ਮਾਧੋ ਦਾਸ' ਬਣਿਆ ਸੀ। ਤੇ ਓਸੇ ਮਾਧੋ ਦਾਸ ਨੂੰ ਦਸਮੇਸ਼ ਪਿਤਾ ਨੇ ਆਪਣਾ 'ਬੰਦਾ' ਬਣਾਇਆ। ਇਹ ਓਸੇ ਗੁਰੂ ਦਾ ਹੁਕਮ ਜੋ ਓਸ ਦਾ ਬੰਦਾ ਤੇਰੇ ਸਾਹਮਣੇ ਬੈਠਾ ਵਰਨਾ ਤੇਰੀ ਕੀ ਹਸਤੀ ਫ਼ਰੁਖ਼ਸ਼ੀਅਰ ਤੂੰ ਗੁਰੂ ਦੇ ਬੰਦੇ ਦੇ ਸਰੀਰ ਦਾ ਇਕ ਰੋਮ ਵੀ ਪਕੜ ਜਾਂਦਾ। ਤੇਰੇ ਵਡੇਰੇ ਜੋ ਆਪਣੇ ਆਪ ਨੂੰ ਪੂਰੀ ਦੁਨੀਆਂ ਦੇ ਦਾਤਾ ਮੰਨਣ ਦਾ ਭਰਮ ਪਾਲੀ ਬੈਠੇ ਸਨ। ਉਹਨਾਂ ਦੀਆਂ ਲਾਸ਼ਾਂ ਕੁੱਤਿਆਂ ਨੂੰ ਪਾ ਕੇ ਆਇਆ ਇਹ ਗੁਰੂ ਕਾ ਬੰਦਾ !"

ਇਹ ਸੁਣਦੇ ਹੀ ਫ਼ਰੁਖ਼ਸ਼ੀਅਰ ਦੇ ਸਰੀਰ ਅੰਦਰਲਾ ਖ਼ੂਨ ਜੰਮ ਗਿਆ। ਐਸਾ ਖ਼ੌਫ਼ ਉਸ ਨੇ ਵੇਖਿਆ ਬੰਦੇ ਦੀਆਂ ਅੱਖਾਂ 'ਚੋਂ ਇੱਕੋ ਦਮ ਤ੍ਰਬਕ ਕੇ ਪਿਛਾਂਹ ਆ ਕੇ ਤਖ਼ਤ ਤੇ ਘੁਮੇਰੀਆਂ ਖਾਂਦਾ ਡਿੱਗ ਪਿਆ। ਓਨੀ ਦੇਰ ਨੂੰ 'ਬੰਦਾ ਸਿੰਘ' ਫਿਰ ਤੋਂ 'ਗੁਰਬਖ਼ਸ਼ ਸਿੰਘ' ਰੂਪ ਹੋ ਕੇ ਗੁਰੂ ਕੇ ਭਾਣੇ ਅੰਦਰ ਗਹਿਰੀ ਸਾਧਨਾ 'ਚ ਵਿਲੀਨ ਹੋ ਗਿਆ। ਇੰਨੀ ਦੇਰ ਨੂੰ ਫ਼ਰੁਖ਼ਸ਼ੀਅਰ ਵੀ ਦੁਬਾਰਾ ਤੋਂ ਹੋਸ਼ ਅੰਦਰ ਆਇਆ। ਉੱਠਦੇ ਸਾਰ ਆਂਹਦਾ- "ਜਾਓ ਇਸ ਦੇ ਬੱਚੇ ਨੂੰ ਲੈ ਕੇ ਆਓ..।"

ਜੱਲਾਦ ਬੇੜੀਆਂ 'ਚ ਜਕੜੇ ਅਜੈ ਸਿੰਘ ਨੂੰ ਸਾਹਮਣੇ ਕਰ ਕੇ ਆਂਹਦਾ- "ਹਜ਼ੂਰ ਦਾ ਹੁਕਮ ਪ੍ਰਵਾਨ, ਆਪ ਕੀ ਮਾਂਗ ਹਾਜ਼ਰ ਹੈ।"

ਉਸ ਵਕਤ ਦੂਜਾ ਪੁੱਤਰ ਰਣਜੀਤ ਸਿੰਘ ਉਹਨਾਂ ਦੀ ਗ੍ਰਿਫ਼ਤ 'ਚ ਨਹੀਂ ਸੀ। ੪ ਸਾਲ ਦਾ ਅਜੈ ਸਿੰਘ ਬੇਸ਼ੱਕ ਇਸ ਦੁਨੀਆਂ ਅੰਦਰ ਉਮਰ ਦੇ ਹਿਸਾਬ ਨਾਲ ਘੱਟ ਸਮਝਾਰ ਸੀ ਪਰ 'ਸ਼ਹਾਦਤ' ਲਕਬ ਉਸ ਨੂੰ ਗੁਰੂ ਦੀ ਬਖ਼ਸ਼ਿਸ਼ ਨਾਲ ਮਿਲ ਕੇ ਹੀ ਉਸ ਦਾ ਜਨਮ ਹੋਇਆ ਸੀ। ਅਜੈ ਸਿੰਘ ਦਾ ਸੀਨਾ ਚੀਰ ਕੇ ਫ਼ਰੁਖ਼ਸ਼ੀਅਰ ਨੇ ਦਿਲ ਕੱਢ ਬੰਦੇ ਦੇ ਮੂੰਹ 'ਚ ਤੁੰਨ ਕੇ ਆਂਹਦਾ "ਹੁਣ ਦੱਸ, ਇਹ ਵੀ ਤੇਰੇ ਗੁਰੂ ਦਾ ਹੁਕਮ ਆ?"

ਇਸ ਵਾਰ ਗੁਰਬਖ਼ਸ਼ ਸਿੰਘ ਅੰਦਰਲੀ ਸ਼ਾਂਤੀ ਹੋਰ ਜ਼ਿਆਦਾ ਗੂੜੀ ਜਾਪਦੀ ਸੀ। 'ਬੰਦੇ' ਵਾਲਾ ਉਹ ਰੋਹ ਜਿਹੜਾ ਮੈਦਾਨੇ ਜੰਗ 'ਚ ਵਿਖਾ ਕੇ ਉਸ ਨੇ ਸੋਨੀਪਤ, ਸਮਾਣਾ, ਕਪੂਰੀ, ਸਿਢੌਰੇ ਦੀਆਂ ਜੰਗਾਂ ਲੜੀਆਂ ਤੇ ਜਿੱਤਾਂ ਹਾਸਲ ਕੀਤੀਆਂ; ਇਸ ਤੋਂ ਅੱਗੇ ਰੋਪੜ, ਚੱਪੜਚਿੜੀ 'ਚ ਐਸਾ ਵਿਰਾਟ ਰੂਪ ਸੀ ਬੰਦੇ ਦਾ ਜੋ ਕਿਸੇ ਦੈਵੀ ਸ਼ਕਤੀ ਤੋਂ ਘੱਟ ਨਹੀਂ ਜਾਪਦਾ ਸੀ। ਕਹਿਰ ਤਾਂ ਓਦੋਂ ਹੋਇਆ ਜਦੋਂ ਸਰਹੰਦ ਘੇਰੀ, ਮਾਨੋ ਬੰਦੇ ਅੰਦਰ ਕਾਲ਼ੀ ਪ੍ਰਗਟ ਹੋ ਗਈ ਹੋਵੇ। ਸਹਾਰਨਪੁਰ, ਜਲਾਲਾਬਾਦ, ਥਨੇਸਰ, ਕੋਟਲਾ ਬੇਗਮ, ਭੀਲੋਵਾਲ, ਰਾਹੋਂ, ਲੋਹਗੜ ਸਮੇਤ ਬਿਲਾਸਪੁਰ ਵਾਲੀਆਂ ਜੰਗਾਂ ਅੰਦਰ ਬੰਦਾ ਸਿੰਘ ਦੀਆਂ ਅੱਖਾਂ ਵੇਖ ਕੇ ਪ੍ਰਤੱਖ ਚੰਡੀ ਦੇ ਦਰਸ਼ਨ ਹੁੰਦੇ ਸਨ। ਜੰਮੂ ਤੋਂ ਬਾਅਦ ਦੂਜੀ ਜੰਗ ਲੋਹਗੜ੍ਹ, ਕੀੜੀ ਪਠਾਣ ਤੇ ਗੁਰਦਾਸਪੁਰ ਤੋਂ ਚੱਪੜਚਿੜੀ ਦੇ ਮੈਦਾਨ ਤਕ ਬੰਦੇ ਅੰਦਰ ਦੀ ਚੰਡਕਾ ਦੁਸ਼ਮਣ ਦੇ ਸੀਸ ਦੀ ਭੇਟਾ ਲੈ ਲੈ ਕੇ ਹੋਰ ਪ੍ਰਚੰਡ ਹੁੰਦੀ ਗਈ। ਅਖ਼ੀਰ ਦਸਮੇਸ਼ ਜੀ ਕਾ ਹੁਕਮ ਹੁਣ ਤੇਗ਼ ਨੂੰ ਵਿਰਾਮ ਦੇ ਕੇ ਖ਼ਾਲਸੇ ਦਾ ਰਾਜ ਉਸ ਨੂੰ ਸੌਂਪ ਕੇ ਬੰਦਾ ਸਿੰਘ ਅੱਜ ਦਿੱਲੀ ਵਿਖੇ ਅਜਿਹੀ ਅਵਸਥਾ 'ਚ ਨਾਮ-ਅਭਿਆਸ 'ਚ ਬੈਠਾ ਸੀ, ਜਿਸ ਦੀ ਜਾਚ ਪੰਚਮ ਪਾਤਸ਼ਾਹ ਪਹਿਲਾਂ ਆਪ ਸ਼ਹਾਦਤ ਦੇ ਕੇ ਸਿੱਖਾਂ ਨੂੰ ਇਕੱਲੇ ਤੇ ਫਿਰ ਨੌਵੇਂ ਪਾਤਸ਼ਾਹ ਆਪ ਸਿੱਖਾਂ ਦੇ ਨਾਲ ਉਹਨਾਂ ਦੇ ਸਾਹਮਣੇ ਬੈਠ ਕੇ ਸਿੱਖਾਂ ਨੂੰ ਸ਼ਹਾਦਤ ਦੇਣਾ ਤੇ ਫਿਰ ਆਪ ਨਾਲ ਆਪਣੀ ਸ਼ਹਾਦਤ ਦੇ ਸਿਖਾ ਕੇ ਗਏ ਸਨ।

ਗੁਰਬਖ਼ਸ਼ ਸਿੰਘ ਜਿਉਂ-ਜਿਉਂ ਲਿਵ ਗੁਰੂ ਚਰਨਾਂ 'ਚ ਹੋਰ ਗੂੜ੍ਹੀ ਕਰ ਰਿਹਾ ਸੀ, ਇਧਰ ਫ਼ਰੁਖ਼ਸ਼ੀਅਰ ਕ੍ਰੋਧ ਦੀ ਅਗਨੀ ਚ ਹੋਰ ਜ਼ਿਆਦਾ ਸੜਦਾ ਜਾ ਰਿਹਾ ਸੀ। ਫ਼ਰੁਖ਼ਸ਼ੀਅਰ ਇਧਰ ਗੁਰਬਖ਼ਸ ਸਿੰਘ ਦੇ ਨਾਲ ਕੈਦ ਕੀਤੇ 500 ਦੇ ਕਰੀਬ ਜੁਝਾਰੂ ਸਤਿਗੁਰੂ ਦੇ ਭਾਣੇ ਅੰਦਰ ਗੁਰਬਖ਼ਸ਼ ਸਿੰਘ ਦੇ ਨਾਲ ਸ਼ਹੀਦੀਆਂ ਦੇ ਗਏ ਤੇ ਆਪਣੇ ਆਪ ਨੂੰ ਖ਼ਾਲਸ ਅਖਵਾਉਣ ਵਾਲੇ 'ਤੱਤ ਖ਼ਾਲਸੇ' ਇਸ ਵਡਮੁੱਲੀ ਦਾਤ ਤੋਂ ਵਾਂਝੇ ਰਹਿ ਗਏ।

ਡਾ: ਸੁਰਜੀਤ ਸਿੰਘ ਜਰਮਨੀ